ISBN-978-81-967862-7-4

ਮਈ-ਜੁਲਾਈ 2024

ਪੰਜਾਬੀ ਸਾਹਿਤਕ ਰਸਾਲਾ, ਰਾਜਸਥਾਨ ਸਾਲ-2 ਅੰਕ-3

# ਪੈੜਾਂ

## ਲੋਕ-ਨਾਚ

















ਸੰਪਾਦਕ
ਰਾਜੇਂਦਰ ਸਿੰਘ ਸਹੂ

https://paidaanmagzine.com

# ਪੈੜਾਂ

ਪੰਜਾਬੀ ਸਾਹਿਤਕ ਰਸਾਲਾ,ਰਾਜਸਥਾਨ

ਮਈ-ਜੁਲਾਈ 2024



https://paidaanmagzine.com

ਸਾਲ-2 ਅੰਕ-3

ਜੁਲਾਈ 2024

**ਸੰਪਾਦਕ** (ਅਵੈਤਨਿਕ)
ਸ.ਰਾਜੇਂਦਰ ਸਿੰਘ ਸਹੂ
9509692823

**ਸਹਿ-ਸੰਪਾਦਕ** (ਅਵੈਤਨਿਕ)
ਡਾ. ਕੁਲਦੀਪ ਸਿੰਘ
ਅਸਿ. ਪ੍ਰੋਫ਼ੈਸਰ(ਖ਼ੋਜੀ ਅਤੇ ਲਿਖਾਰੀ)
ਮੁਖੀ,ਪੰਜਾਬੀ ਵਿਭਾਗ,
ਸਰਕਾਰੀ ਮਹਿਲਾ ਕਾਲਜ ਸਾਦੁਲਸ਼ਹਿਰ

# ਪੈੜਾਂ

## ਪੰਜਾਬੀ ਸਾਹਿਤਕ ਈ-ਰਸਾਲਾ,ਰਾਜਸਥਾਨ

ਪੰਜਾਬੀ ਸਾਹਿਤ ਨੂੰ ਸਮਰਪਿਤ ਰਾਜਸਥਾਨ ਤੋਂ
ਈ-ਰਸਾਲੇ ਦੇ ਰੂਪ ਵਿੱਚ ਪ੍ਰਕਾਸ਼ਿਤ
ਹੋਣ ਵਾਲਾ ਤਿਮਾਹੀ ਰਸਾਲਾ

## ਸਲਾਹਕਾਰ ਬੋਰਡ

ਡਾ.ਸੰਦੀਪ ਸਿੰਘ ਮੁੰਡੇ
ਪ੍ਰਿੰਸੀਪਲ
ਗੁਰੂ ਹਰਗੋਬਿੰਦ ਸਾਹਿਬ ਪੀ.ਜੀ.ਕਾਲਜ,ਸੀਸੀ ਹੈਡ

ਸ.ਅਮਰਜੀਤ ਸਿੰਘ
ਪ੍ਰਿੰਸੀਪਲ (ਰਿਟਾ.)
ਜਿਲ੍ਹਾ ਸਿੱਖਿਆ ਅਤੇ ਸਿਖਲਾਈ ਅਦਾਰਾ
ਚੂਨਾਵਢ,ਸ੍ਰੀ ਗੰਗਾਨਗਰ

ਸ.ਗੁਰਮੀਤ ਬਰਾੜ
ਸਾਹਿਤਕਾਰ,ਫਿਲਮ ਡਾਇਰੈਕਟਰ

ਸ.ਗੁਰਦੀਪ ਸਿੰਘ ਖੋਸਾ
ਪ੍ਰਿੰਸੀਪਲ (ਰਿਟਾ.)

ਸ.ਰੂਪ ਸਿੰਘ ਰਾਜਪੁਰੀ (ਰਿਟਾ.)
ਸਾਹਿਤਕਾਰ

ਸ.ਨਵਰਾਜ ਸਿੰਘ ਲੱਖੀਆਂ
ਲਿਖਾਰੀ

ਡਾ.ਸੁਖਰਾਜ ਸਿੰਘ
ਅਸਿ.ਪ੍ਰੋਫ਼ੈਸਰ ਪੰਜਾਬੀ
ਸਰਕਾਰੀ ਕਾਲਜ, ਲਾਲਗੜ੍ਹ ਜਾਟਾਨ

ਸ.ਸਰਦੂਲ ਸਿੰਘ (ਰਿਟਾ.)
ਰੰਗਮੰਚ ਅਤੇ ਲਿਖਾਰੀ

ਗੁਰਪ੍ਰੀਤ ਸਿੰਘ
ਅਸਿ.ਪ੍ਰੋਫ਼ੈਸਰ
ਚੌ.ਬ.ਗੋ.ਸਰਕਾਰੀ ਮਹਿਲਾ ਕਾਲਜ,ਸ੍ਰੀਗੰਗਾਨਗਰ

ਡਾ. ਚਰਨਜੀਤ ਸਿੰਘ
ਸਾਬਕਾ ਚੀਫ਼ ਮੈਨੇਜਰ,
ਰਾਜ-ਭਾਸ਼ਾ ਵਿਭਾਗ, ਨਵੀਂ ਦਿਲੀ

ਡਾ. ਨਗਿੰਦਰ ਕੌਰ
ਪ੍ਰਿੰਸੀਪਲ (ਰਿਟਾ.)

ਗ੍ਰਾਫਿਕ ਡਿਜਾਇਨਰ
ਸ.ਰਾਜੇਂਦਰ ਸਿੰਘ ਸਹੂ

ਕਾਨੂਨੀ ਸਲਾਹਕਾਰ
ਸ.ਅਜੀਤ ਪਾਲ ਸਿੰਘ

ਪ੍ਰਮੋਸ਼ਨ ਅਤੇ ਮੀਡਿਆ ਸਲਾਹਕਾਰ
ਸ.ਜੀ.ਪੀ.ਸਿੰਘ ਅਰਨੇਜਾ
ਸ.ਤਰਸੇਮ ਸਿੰਘ ਸੰਧੂ
(ਸਟੇਟ ਅਵਾਰਡੀ)

## ਸੰਪਰਕ

paidhaanpunjabimagazine@gmail.com
wwww.paidaanmagazine.com

## Disclaimer

*The Advisory Board positions including Editor, Managing Editor are non-professional and completely unpaid and devoid of any monetary benefits. This magazine has been run for the literary and cultural upliftment of the minority language Punjabi. The consent of the publisher or the editorial board is not mandatory for the customs and ideas of published works. The respective authors are responsible for the facts used in the articles published in this magazine.*

# ਤਤਕਰਾ

## ਵਾਰਤਕ ਭਾਗ


| | | |
|---|---|---|
| ♦ ਸੰਪਾਦਕੀ | ਸ.ਰਾਜੇਂਦਰ ਸਿੰਘ ਸਹੂ | 6 |
| ♦ ਸੁਕਰਾਤ ਤੇ ਉਸ ਦਾ ਮੁਕੱਦਮਾ | ਡਾ.ਪਰਮਿੰਦਰ ਸਿੰਘ ਸ਼ੌਂਕੀ | 7 |
| ♦ ਇਕ ਅਣਗੌਲਿਆ ਪੰਜਾਬੀ ਕਵੀ : ਗਿ. ਹਰਨਾਮ ਸਿੰਘ ਕੌਮੀਕੋਟ | ਡਾ. ਜਸਬੀਰ ਸਿੰਘ ਸਰਨਾ | 10 |
| ♦ ਅਜੋਕਾ ਹਰਿਆਣਵੀ ਪੰਜਾਬੀ ਸਾਹਿਤ: ਦਸ਼ਾ ਅਤੇ ਦਿਸ਼ਾ | ਡਾ: ਨਿਸ਼ਾਨ ਸਿੰਘ ਰਾਠੌਰ | 16 |
| ♦ ਗੁਰੂ ਅਰਜਨ ਸਾਹਿਬ ਜੀ ਦਾ ਜੀਵਨ ਅਤੇ ਉਪਦੇਸ਼ | ਡਾ. ਚਰਨਜੀਤ ਸਿੰਘ | 19 |
| ♦ ਕਲਯੁੱਗ ਵਿੱਚ ਬੁਢਾਪੇ ਦਾ ਸਹਾਰਾ.. | ਸ.ਪ੍ਰਕਾਸ਼ ਸਿੰਘ ਗਿਲ | 21 |
| ♦ ਹੱਕ ਪਰਾਇਆ ਨਾਨਕਾ | ਸੁਖਪਾਲ ਸਿੰਘ ਗਿੱਲ | |
| ♦ ਕਿਵੇਂ ਕਰੀਏ ਦੰਦਾਂ ਅਤੇ ਮਸੂੜ੍ਹਿਆਂ ਦੀ ਉਚਿਤ ਦੇਖ-ਭਾਲ | ਡਾ.ਪੁਨੀਤ ਕਮਲ ਨਾਗੀ | 23 |
| ♦ ਪੰਜਾਬੀ ਲੋਕ - ਨਾਚ | ਡਾ. ਕੁਲਦੀਪ ਸਿੰਘ | 25 |
| ♦ ਸਿੱਖ ਇਤਿਹਾਸ ਦਾ ਵੱਡਾ ਦੁਖਾਂਤ : ਛੋਟਾ ਘੱਲੂਘਾਰਾ | ਕਸ਼ਮੀਰ ਸਿੰਘ ਸੰਧੂ ਕਾਦੀਆਂ | 31 |
| ♦ ਵੱਡੀ ਕਮਾਈ | ਰਛਪਾਲ ਸਿੰਘ ਰੈਸਲ | 32 |
| ♦ ਕਾਟੋ ਅਤੇ ਕਾਂ | ਸੁਖਵਿੰਦਰ ਮਾਨ | 33 |
| ♦ ਅੰਦਰਲੀ ਖ਼ਾਹਿਸ਼ | ਚਰਨਜੀਤ ਸਿੰਘ ਪੰਨੂ | 34 |
| ♦ ਨਵਾਂ ਦਹੇਜ | ਜਗਦੀਪ ਸਿੰਘ 'ਦੀਪ' | 41 |
| ♦ ਸਫ਼ਰ | ਪਰਗਟ ਸਿੰਘ ਜੰਬਰ | 42 |
| ♦ ਪਹੁ ਫੁਟਾਲਾ | ਹਰਪ੍ਰੀਤ ਪੱਤੋ | 42 |
| ♦ ਅਪੈਂਡਿਕਸ(ਚੀਨੀ ਕਹਾਣੀ) | ਯੂ ਹੂਆ | 43 |
| ♦ ਮਹਾਰਾਣੀ ਜਿੰਦ ਕੌਰ ਦੀ ਸਿੱਖ ਰਾਜ ਵਿੱਚ ਭੂਮਿਕਾ | ਕਮਲਜੀਤ ਕੌਰ | 46 |
| ♦ ਕਿੱਧਰ ਨੂੰ ਜਾ ਰਿਹਾ ਹੈ ਸਮਾਜ? | ਸੰਜੀਵ ਸਿੰਘ ਸੈਣੀ | 49 |

# ਤਤਕਰਾ

## ਕਾਵਿ-ਖੰਡ


| | | |
|---|---|---|
| ♦ ਬਾਬਾ ਫੇਰ ਤੇਰੇ ਨਨਕਾਣੇ ਨੇ | ਡਾ.ਸਰਦੂਲ ਸਿੰਘ ਔਜਲਾ | 50 |
| ♦ ਮਾਂ ਬੋਲੀ ਪੰਜਾਬੀ ਹੂ | ਅਮਰ 'ਸੂਫ਼ੀ' | 51 |
| ♦ ਗ਼ਜ਼ਲ | ਬਲਵਿੰਦਰ ਬਾਲਮ | 53 |
| ♦ ਗੀਤ | ਖੁਸ਼ ਮਾਨ | 53 |
| ♦ ਬਾਬਲ ਦੀਆਂ ਜੂਹਾਂ | ਛਿੰਦਰ ਕੌਰ ਸਿਰਸਾ | 54 |
| ♦ ਤਸਵੀਰ | ਸੁਰਜੀਤ ਸਾਰੰਗ | 54 |
| ♦ ਇਕ ਨੂਰ | ਜਸਵਿੰਦਰ ਸਿੰਘ "ਰੁਪਾਲ" | 55 |
| ♦ ਸਿਵਿਆਂ ਵਿੱਚ ਕਾਂ ਬੋਲੂ | ਅ. ਪ੍ਰੋ.ਮਹਾ ਸਿੰਘ | 55 |
| ♦ ਦਿਨ ਵੋਟਾਂ ਦੇ | ਸੱਤੀ ਉਟਾਲਾਂ ਵਾਲਾ | 56 |
| ♦ ਜਿੱਤਾਂ ਹਾਰਾਂ | ਵੀਰਪਾਲ ਸਿੱਧੂ | 56 |
| ♦ ਸਿਆਣਿਆਂ ਦੀਆਂ ਸੱਚੀਆਂ ਗੱਲਾਂ | ਜਸਵੀਰ ਸ਼ਰਮਾਂ ਦੱਦਾਹੂਰ | 57 |
| ♦ ਅਣਜਾਣ | ਚੰਦਨ ਹਾਜੀਪੁਰੀਆ | 57 |
| ♦ ਛੇੜ ਇਸ਼ਕ ਦੀ ਤਾਰ ਵੇ ਸੱਜਣਾ | ਸ਼ਿਵਨਾਥ ਦਰਦੀ ਫ਼ਰੀਦਕੋਟ | 58 |
| ♦ ਖ਼ਾਹਿਸ਼ | ਇੰਦਰ ਪਾਲ ਸਿੰਘ ਪਟਿਆਲਾ | 58 |
| ♦ ਰਬਾਬ | ਹਰਮਿੰਦਰ ਸਿੰਘ ਕੋਹਾਰਵਾਲਾ | 59 |
| ♦ ਕਾਸ਼ ਕੀਤੇ ਮੈਂ ਪਾਤਰ ਬਣ ਜਾਂ | ਮਨਮੋਹਨ ਸਿੰਘ ਨਾਭਾ | 59 |
| ♦ ਬੋਲੀ ਅਪਣੀ ਬੋਲ/ ਅਪਣਾ ਮੂਲ ਪਛਾਣ/ | ਰਾਜਿੰਦਰਪਾਲ ਸਿੰਘ'ਸਦਾ ਅੰਬਾਲਵੀ'/ | 60 |
| ♦ ਇਹਦੇ ਬੋਲ ਪੰਜਾਬੀ ਹੈ | ਅਨੋਖ ਸਿੰਘ | 61 |
| ♦ ਨਜ਼ਮ | ਰਾਜਬੀਰ ਰੰਧਾਵਾ | 61 |
| ♦ ਮੇਰਾ ਸਈਓ ਨਾਮ ਪੰਜਾਬ | ਸਤਨਾਮ ਸਿੰਘ ਕਡਿਆਣਾ | 62 |
| ♦ ਤਹੱਈਆ | ਜਸਪਾਲ | 62 |
| ♦ ਗ਼ਜ਼ਲ | ਪ੍ਰਤਾਪ"ਪਾਰਸ" ਗੁਰਦਾਸਪੁਰੀ | 63 |
| ♦ ਗੀਤ | ਕਰਮਜੀਤ ਸਕਰੁੱਲਾਂਪੁਰੀ | 63 |
| ♦ ਗ਼ਜ਼ਲ | ਲਖਵਿੰਦਰ ਸਿੰਘ ਬਾਜਵਾ | 64 |
| ♦ ਚਾਨਣ ਦੀ ਚੂਰੀ | ਲਵ ਕੁਮਾਰ ਸਰਫਰੋਸ਼ | 64 |
| ♦ ਕਿੱਧਰ ਜਾਵਾਂ | ਉਰਵਸ਼ੀ | 65 |
| ♦ ਸਕੂਲ ਵਾਲਾ ਬਸਤਾ | ਦਿਲਸ਼ਾਨ ਸ਼ਰਮਾ | 65 |
| ♦ ਮਾਂ ਬੋਲੀ | ਗੁਰਲੀਨ ਕੌਰ | 65 |
| ♦ ਰਾਜਸਥਾਨ ਵਿਖੇ ਸਾਹਿਤਕ ਹਲਚਲਾਂ | | 66 |

# ਸੰਪਾਦਕੀ



**ਸ.ਰਾਜੇਂਦਰ ਸਿੰਘ ਸਹੂ**
9509692823

ਮੇਰੀ ਹਿੱਕ ਵਿਚ ਹੁਣ ਨਾ ਸੌਂਣ ਗੀਤ,
ਪਏ ਰਾਤ ਦਿਨੇ ਚਿਚਲਾਉਣ ਗੀਤ।

ਇਹ ਕਿਤਨਾ ਹੀ ਚਿਰ ਸੰਙਦੇ ਰਹੇ,
ਹਿਕ-ਪਿੰਜਰ ਅੰਦਰ ਜੰਗਦੇ ਰਹੇ,
ਖ਼ਬਰੇ ਕਿੰਦਾਂ ਦਿਨ ਲੰਘਦੇ ਰਹੇ,
ਹੁਣ ਪਲ ਵੀ ਪਲਕ ਨਾ ਲਾਉਣ ਗੀਤ।

ਇਹ ਚਾਹਣ ਨਿਕਲਣਾ ਖੁਲ੍ਹਣਾ ਹੁਣ,
ਝੱਖੜਾਂ ਦੇ ਵਾਂਗਰ ਝੁਲਣਾ ਹੁਣ,
ਤੇ ਨਾਲ ਕਿਸਮਤਾਂ ਘੁਲਣਾ ਹੁਣ,
ਅਰਸ਼ਾਂ ਨਾਲ ਆਢੇ ਲਾਉਣ ਗੀਤ।
(ਪ੍ਰੋ.ਮੋਹਨ ਸਿੰਘ)

ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਵਾਉਣਾ ਸਾਹਿਤ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਅਤੇ ਇਹ ਸਾਹਿਤ ਮਨੁੱਖ ਲਈ ਇੱਕ ਨਿਆਮਤ ਹੈ। ਸਾਹਿਤ ਸਮਾਜ ਵਿੱਚੋਂ ਰਚਨਾਕਾਰ ਦੀਆਂ ਭਾਵਨਾਵਾਂ ਨਾਲ ਮਿਲ ਕੇ ਅਕਾਰ ਗ੍ਰਹਿਣ ਕਰਦਾ ਹੈ ਅਤੇ ਸਮਾਜ ਦੇ ਪੁਨਰ ਨਿਰਮਾਣ ਵਿੱਚ ਮਾਰਗ-ਦਰਸ਼ਕ ਦੀ ਮੁੱਖ ਭੂਮਿਕਾ ਰੱਖਦਾ ਹੈ। ਗੁਰੂ ਸਾਹਿਬਾਨ ਨੇ ਵੀ ਸ਼ਬਦ ਦੀ ਮਹਿਮਾ ਨੂੰ 'ਸਬਦੁ ਗੁਰੂ' ਕਹਿ ਵਡਿਆਇਆ ਹੈ। ਸਾਹਿਤ ਸਮਾਜ ਵਿੱਚ ਗਿਆਨ ਦੀ ਪ੍ਰਕਿਰਿਆ ਸ਼ੁਰੂ ਕਰਦਾ ਹੈ। ਇਹ ਸਮਾਜ ਵਿੱਚ ਲੋਕਾਂ ਨੂੰ ਪ੍ਰੇਰਿਤ ਕਰਦਾ ਹੈ ਅਤੇ ਇਹ ਇੱਕ ਪਾਸੇ ਸਚਾਈ ਦੇ ਸੁਖਾਵੇਂ ਨਤੀਜਿਆਂ ਨੂੰ ਪ੍ਰਗਟ ਕਰਦਾ ਹੈ ਅਤੇ ਦੂਜੇ ਪਾਸੇ ਇਹ ਝੂਠ ਨੂੰ ਖ਼ਤਮ ਕਰ ਸਮਾਜ ਨੂੰ ਸਬਕ ਅਤੇ ਸਿੱਖਿਆ ਪ੍ਰਦਾਨ ਕਰਦਾ ਹੈ।

ਸਾਹਿਤ ਮਨੁੱਖ ਅਤੇ ਸਮਾਜ ਦੇ ਚਰਿੱਤਰ ਦੀ ਉਸਾਰੀ ਵੀ ਕਰਦਾ ਹੈ। ਇਸ ਕਰਕੇ ਸਾਹਿਤ ਸਮਾਜ ਦੇ ਪੁਨਰ ਨਿਰਮਾਣ ਸਮੇਂ ਕੇਂਦਰੀ ਭੂਮਿਕਾ ਵਿੱਚ ਆ ਜਾਂਦਾ ਹੈ। ਸਾਹਿਤ ਸਮਾਜ ਨੂੰ ਦਿਸ਼ਾ ਦਾ ਅਹਿਸਾਸ ਕਰਵਾਉਂਦਾ ਹੈ ਅਤੇ ਨਵੀਨੀਕਰਨ ਵੱਲ ਲੈ ਕੇ ਜਾਂਦਾ ਹੈ। ਸਾਹਿਤ ਸੱਭਿਆਚਾਰ ਦੀ ਬਣਤਰ ਵਿੱਚ ਜੀਵਨ ਦੀਆਂ ਕਦਰਾਂ ਕੀਮਤਾਂ ਦੀ ਸਿੱਖਿਆ ਦਿੰਦਾ ਹੈ ਅਤੇ ਆਪਣੇ ਸਮੇਂ ਦੀਆਂ ਵਿਸੰਗਤੀਆਂ ਅਤੇ ਵਿਰੋਧਤਾਈਆਂ ਨੂੰ ਉਜਾਗਰ ਕਰਕੇ ਸਮਾਜ ਨੂੰ ਸੁਨੇਹਾ ਦਿੰਦਾ ਹੈ। ਇਸ ਨਾਲ ਸਮਾਜ ਆਪਣਾ ਸੁਧਾਰ ਕਰਦਾ ਰਹਿੰਦਾ ਹੈ ਇਸ ਰੂਪ ਵਿੱਚ ਸਾਹਿਤ ਵਗਦੇ ਦਰਿਆ ਵਰਗਾ ਹੈ ਜਿਹੜਾ ਆਪਣੇ ਵਹਿਣ ਨਾਲ ਖੜੋਤ ਨਹੀਂ ਆਉਣ ਦਿੰਦਾ ਅਤੇ ਸਮਾਜ ਵਿੱਚ ਵਿਚਾਰਾਂ ਦੀ ਤਾਜ਼ਗੀ ਬਣੀ ਰਹਿੰਦੀ ਹੈ। ਸਾਹਿਤ ਦੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਇਹ ਸਮਾਜਕ ਤੱਤਾਂ ਨੂੰ ਕਿੰਨੀ ਸੂਖਮਤਾ ਅਤੇ ਮਨੁੱਖੀ ਸੰਵੇਦਨਾ ਨਾਲ ਉਜਾਗਰ ਕਰਦਾ ਹੈ।

ਸਾਹਿਤ ਅਤੀਤ ਤੋਂ ਪ੍ਰੇਰਨਾ ਲੈ ਕੇ ਵਰਤਮਾਨ ਨੂੰ ਦਰਸਾਉਂਦਾ ਹੈ ਅਤੇ ਭਵਿੱਖ ਨੂੰ ਸੇਧ ਦਿੰਦਾ ਹੈ। ਇਹ ਲੋਕ ਮੰਗਲ ਦੀ ਭਾਵਨਾ ਨਾਲ ਭਰਪੂਰ ਹੁੰਦਾ ਹੈ। ਅਜੋਕੇ ਸਮੇਂ ਦਾ ਸਾਹਿਤ ਮਨੁੱਖ ਨੂੰ ਬਿਹਤਰ ਬਣਾਉਣ ਦਾ ਸੰਕਲਪ ਲੈ ਕੇ ਆਇਆ ਹੈ। ਭਾਵੇਂ ਮੰਡੀ ਦੇ ਰੁਝਾਨ ਕਰ ਕੇ ਸਾਹਿਤਕ ਕਦਰਾਂ ਕੀਮਤਾਂ ਵਿੱਚ ਗਿਰਾਵਟ ਆਈ ਹੈ ਪਰ ਫਿਰ ਵੀ ਸਾਹਿਤ ਆਪਣੀ ਭੂਮਿਕਾ ਬਖ਼ੂਬੀ ਅਦਾ ਕਰ ਰਿਹਾ ਹੈ।

ਸਮੇਂ ਦੀ ਲੋੜ ਹੈ ਕੀ ਸਮਾਜ ਇਹ ਸਮਝੇ ਕਿ ਸਾਹਿਤ ਸਮਾਜ ਦੀਆਂ ਕਦਰਾਂ ਕੀਮਤਾਂ ਦਾ ਨਿਰਨਾਇਕ ਹੁੰਦਾ ਹੈ ਅਤੇ ਇਸ ਦੇ ਮੂਲ ਤੱਤਾਂ ਨੂੰ ਸੰਭਾਲਣਾ ਜ਼ਰੂਰੀ ਹੈ। ਕਿਉਂਕਿ ਸਾਹਿਤ ਜੀਵਨ ਦੇ ਸੱਚ ਨੂੰ ਪ੍ਰਗਟ ਕਰਨ ਵਾਲੇ ਵਿਚਾਰਾਂ ਅਤੇ ਭਾਵਨਾਵਾਂ ਦਾ ਪ੍ਰਗਟਾਵਾ ਹੈ।

ਸਾਹਿਤ ਰਚਨਾ ਅਤੇ ਉਸ ਨੂੰ ਪੜ੍ਹਨ ਦੇ ਇੰਨੇ ਫ਼ਾਇਦੇ ਹੋਣ ਦੇ ਬਾਵਜੂਦ ਬਦਕਿਸਮਤੀ ਨਾਲ ਅੱਜ ਮਨੁੱਖ ਸਾਹਿਤ ਪੜ੍ਹਨ ਤੋਂ ਦੂਰ ਹੁੰਦਾ ਜਾ ਰਿਹਾ ਹੈ। ਅੱਜ ਇੰਝ ਹੈ ਜਿਵੇਂ ਅਸੀਂ ਕਿਤਾਬਾਂ ਪੜ੍ਹਨਾ ਹੀ ਭੁੱਲ ਗਏ ਹਾਂ ਅਤੇ ਮਸ਼ੀਨਾਂ 'ਤੇ ਨਿਰਭਰ ਹੋ ਕੇ ਆਪਣੀ ਯਾਦ ਸ਼ਕਤੀ ਗੁਆ ਰਹੇ ਹਾਂ। ਮਨੁੱਖਾਂ ਵਿੱਚੋਂ ਦਿਆਲਤਾ ਅਤੇ ਸਦਭਾਵਨਾ ਅਲੋਪ ਹੋ ਰਹੀ ਹੈ। ਕਲਾ, ਸਭਿਆਚਾਰ ਅਤੇ ਸਾਹਿਤ ਵਿੱਚ ਉਸ ਦੀ ਕੋਈ ਰੁਚੀ ਨਹੀਂ ਹੈ। ਰੁਝੇਵਿਆਂ ਭਰੀ ਜ਼ਿੰਦਗੀ ਕਾਰਨ ਉਹ ਆਪਣੇ ਅੰਦਰ ਛੁਪੀ ਕਲਾ ਨੂੰ ਭੁੱਲਦਾ ਜਾ ਰਿਹਾ ਹੈ। ਤਰੱਕੀ ਹਰ ਹਾਲਤ ਵਿੱਚ ਜ਼ਰੂਰੀ ਹੈ ਪਰ ਇਸ ਤੋਂ ਵੀ ਵੱਧ ਮਨੁੱਖ ਦੇ ਤੰਦਰੁਸਤ ਮਨ ਦਾ ਵਿਕਾਸ ਚੰਗੇ ਸਾਹਿਤ ਰਾਹੀਂ ਹੀ ਸੰਭਵ ਹੈ। ਇਹ ਮਨੁੱਖੀ ਜੀਵਨ ਨੂੰ ਅਮੀਰ ਅਤੇ ਸੁੰਦਰ ਬਣਾਉਂਦਾ ਹੈ।

'ਪੈੜਾਂ' ਇਸ ਭਾਵਨਾ ਨੂੰ ਲੈ ਕੇ ਆਪ ਜੀ ਦੇ ਸਨਮੁਖ ਆਇਆ ਹੈ। ਅੱਜ ਲੋੜ ਹੈ ਇਸ ਕਾਫ਼ਲੇ ਨਾਲ ਜੁੜ ਕੇ ਸਮਾਜ ਵਿੱਚ ਸਾਰਥਕ ਯੋਗਦਾਨ ਪਾਇਆ ਜਾ ਸਕੇ ਅਤੇ ਆਪਣੀ ਸਮਾਜ ਅਤੇ ਸਾਹਿਤ ਪ੍ਰਤੀ ਬਣਦੀ ਜ਼ਿੰਮੇਵਾਰੀ ਨੂੰ ਪੂਰਾ ਕੀਤਾ ਜਾ ਸਕੇ।

ਪੈਣ ਭੁਲੇਖੇ ਸਰਘੀ ਦੇ ਪਰ ਦੂਰ ਅਜੇ ਪ੍ਰਭਾਤ ਕਿਤੇ।
ਚਲੋ ਦੀਵਿਓ ਰਲ ਕੇ ਬਲੀਏ, ਬੜੀ ਹਨ੍ਹੇਰੀ ਰਾਤ ਅਜੇ।
ਖ਼ਬਰਾਂ ਦੀ ਇੱਕ ਸੁਰਖ਼ੀ ਪੜ੍ਹ ਕੇ, ਕਿਉਂ ਏਨਾ ਘਬਰਾਉਂਦੇ ਹੋ,
ਜ਼ਹਿਰ ਬਥੇਰਾ, ਸ਼ਹਿਰ ਮਿਰੇ ਵਿੱਚ, ਘਰ ਘਰ ਨੇ ਸੁਕਰਾਤ ਅਜੇ।
(ਸੁਰਜੀਤ ਸਖੀ)

ਵਾਹਿਗੁਰੂ ਮਿਹਰ ਕਰੇ!



# ਸੁਕਰਾਤ ਤੇ ਉਸ ਦਾ ਮੁਕੱਦਮਾ

**ਡਾ.ਪਰਮਿੰਦਰ ਸਿੰਘ ਸ਼ੌਂਕੀ**
ਲੇਖਕ ਕਈ ਕਿਤਾਬਾਂ ਦਾ ਲਿਖਾਰੀ ਅਤੇ ਪ੍ਰਕਾਸ਼ਨ ਖਿੱਤੇ ਵਿੱਚ ਨਾਮਵਰ ਸ਼ਖਸੀਅਤ ਹਨ।
9464346677

ਵਿਸ਼ਵ ਭਰ ਦੀਆਂ ਮਹਾਨ ਦਾਰਸ਼ਨਿਕ ਪਰੰਪਰਾਵਾਂ ਦੇ ਮੋਢੀਆਂ ਅੰਦਰ ਸ਼ਾਮਲ ਦੇਸ਼ ਯੂਨਾਨ ਆਪਣੇ ਭੂਗੋਲਿਕ ਸਰੂਪ ਵਜੋਂ ਯੂਰਪ ਦੇ ਦੱਖਣੀ-ਪੂਰਬੀ ਹਿੱਸੇ ਅੰਦਰ ਸਥਿਤ ਬਾਲਕਨ ਪ੍ਰਾਇਦੀਪ ਦੇ ਦੱਖਣੀ ਧੁਰੇ ਉੱਪਰ ਸਥਿਤ ਇਕ ਨਿੱਕਾ ਜਿਹਾ ਦੇਸ਼ ਹੈ. ਜਿਸ ਦੇ ਉੱਤਰੀ ਭਾਗ ਵੱਲ ਅਲਬਾਨੀਆ, ਸਰਬੀਆ ਅਤੇ ਬੁਲਗਾਰੀਆ, ਪੂਰਬ ਅੰਦਰ ਏਜਿਅਨ ਸਾਗਰ ਅਤੇ ਤੁਰਕੀ, ਦੱਖਣ ਵੱਲ ਭੂ-ਮੱਧ ਸਾਗਰ ਤੇ ਦੱਖਣ-ਪੂਰਬ ਵਿਚ ਸਾਇਪ੍ਰਸ ਦੀ ਹੋਂਦ ਪਾਈ ਜਾਂਦੀ ਹੈ, ਜਦੋਂਕਿ ਪੱਛਮ ਵਿਚ ਆਯੋਨਿਅਨ ਸਾਗਰ ਦੇ ਰਾਹੀਂ ਇਸ ਦੀਆਂ ਸੀਮਾਵਾਂ ਇਟਲੀ ਨੂੰ ਜਾ ਛੂੰਹਦੀਆਂ ਹਨ. ਇਸ ਦ੍ਰਿਸ਼ਟੀ ਤੋਂ ਇਸ ਦੇਸ਼ ਨੂੰ 10 ਵੱਡੇ ਖੇਤਰਾਂ ਵਿਚ ਵੰਡਿਆ ਜਾਂਦਾ ਰਿਹਾ ਹੈ, ਜਿਨ੍ਹਾਂ ਵਿਚ ਮਕਦੂਨੀਆ, ਥ੍ਰੇਸ, ਥੇਸਲੀ, ਐਫ਼ਿਰਸ, ਮੱਧ ਯੂਨਾਨ, ਪੇਲੋਪੋਨੀਸੋਸ, ਸਾਇਕਲੇਡਸ (ਕਿਕਲਾ ਦੇਸ਼) ਅਤੇ ਉੱਤਰੀ ਏਜਿਅਨ ਦੀਪ ਸਮੂਹ, ਡੋਡੇਕਨੀਸ, ਕ੍ਰੀਟ ਅਤੇ ਆਯੋਨਿਯਨ ਦੀਪ ਸਮੂਹ ਸ਼ਾਮਲ ਹਨ. ਯੂਨਾਨ ਪ੍ਰਦੇਸ਼ ਦੀ ਪ੍ਰਾਚੀਨ ਕਾਲ ਤੋਂ ਹੀ ਇਕ ਰਾਜਧਾਨੀ ਰਹੀ ਹੈ, ਜਿਸ ਨੂੰ ਅਸੀਂ ਏਥਨਜ਼ ਦੇ ਨਾਮ ਨਾਲ ਜਾਣਦੇ ਹਾਂ. ਇਹ ਉਹੀ ਏਥਨਜ਼ ਹੈ ਜਿੱਥੇ 469 ਈਸਾ ਪੂਰਵ ਦੇ ਕਰੀਬ ਯੂਨਾਨ ਦੇ ਮਹਾਨ ਦਾਰਸ਼ਨਿਕ ਸੁਕਰਾਤ ਦਾ ਜਨਮ ਹੋਇਆ ਸੀ. ਸੁਕਰਾਤ ਦਾ ਪਿਤਾ ਸੋਫ਼ੋਨਿਸਕੋਸ ਆਪਣੇ ਸਮਿਆਂ ਦਾ ਇਕ ਬੇਹੱਦ ਪ੍ਰਸਿੱਧ ਬੁੱਤ-ਤਰਾਸ਼ ਤੇ ਉਸ ਦੀ ਮਾਤਾ ਫੇਨਾਰਤ ਇਕ ਨਾਮਵਰ ਦਾਈ ਸੀ. ਕਿਹਾ ਜਾਂਦਾ ਹੈ ਕਿ ਆਰੰਭ ਵਿਚ ਸੁਕਰਾਤ ਨੇ ਆਪਣੇ ਪਿਤਾ ਦੇ ਕਿੱਤੇ ਨੂੰ ਹੀ ਅਪਣਾਉਂਦਿਆਂ ਏਥਨਜ਼ ਦੇ ਅਕ੍ਰੋਪੋਲਿਸ ਵਿਖੇ ਸੁਰੱਖਿਅਤ ਤਿੰਨ ਦੇਵੀਆਂ ਦੀਆਂ ਮੂਰਤੀਆਂ ਬਣਾਈਆਂ ਤੇ ਬਾਅਦ ਵਿਚ ਉਹ ਏਥਨਜ਼ ਪ੍ਰਤੀ ਆਪਣੇ ਪਿਆਰ 'ਤੇ ਚੱਲਦਿਆਂ ਇਕ ਸਿਪਾਹੀ ਦੇ ਰੂਪ ਵਿਚ ਪੋਤੇਦਿਆ (432-430 ਈ. ਪੂ.), ਡੇਲੀਅਸ (424 ਈ.ਪੂ.) ਅਤੇ ਸ਼ਾਇਦ ਆਂਫੀਪੋਲਿਸ (442 ਜਾਂ 437-436 ਈ. ਪੂ.) ਦੀਆਂ ਜੰਗਾਂ ਵਿਚ ਵੀ ਏਥਨਜ਼ ਵੱਲੋ ਲੜਿਆ. ਸੁਕਰਾਤ ਦੀ ਇਸ ਜੁਝਾਰੂ ਬਿਰਤੀ ਦਾ ਪਲੈਟੋ ਨੇ ਆਪਣੇ "ਸਿੰਪੋਜ਼ਿਅਮ" ਵਿਚ ਵੀ ਜ਼ਿਕਰ ਕੀਤਾ ਹੈ. ਆਪਣੀ ਅਧੇੜ ਉਮਰੇ ਉਸ ਨੇ ਜਾਨਥਿੱਪੀ ਨਾਮ ਦੀ ਔਰਤ ਨਾਲ ਵਿਆਹ ਕੀਤਾ. ਜਿਹੜੀ ਕਿ ਜ਼ੈਨੋਫਨ ਅਨੁਸਾਰ ਇਕ ਲੜਾਕੂ ਔਰਤ ਸੀ.

ਦਾਰਸ਼ਨਿਕ ਰੂਪ ਵਿਚ ਸੁਕਰਾਤ ਦੇ ਆਉਣ ਨਾਲ ਪੱਛਮੀ ਦਰਸ਼ਨ ਨੇ ਜਿਨ੍ਹਾਂ ਵਿਭਿੰਨ ਵਿਚਾਰਾਂ ਨੂੰ ਜਨਮ ਦਿੱਤਾ, ਉਹ ਕੁਝ 'ਕੁ ਅਪਵਾਦਾਂ ਸਹਿਤ ਅੱਜ ਵੀ ਪੂਰੀ ਤਰ੍ਹਾਂ ਕਾਇਮ ਹਨ. ਹਾਲਾਂਕਿ ਉਸ ਨੇ ਆਪ ਕਦੀ ਕੁਝ ਨਹੀਂ ਲਿਖਿਆ ਸੀ, ਪਰ ਫਿਰ ਵੀ ਆਪਣੇ ਸਮਕਾਲੀ ਲੇਖਕਾਂ, ਦਾਰਸ਼ਨਿਕਾਂ ਅਤੇ ਰਾਜਨੀਤਕਾਂ ਉੱਪਰ ਉਸ ਦਾ ਏਨਾ ਪ੍ਰਭਾਵ ਸੀ ਕਿ ਉਸ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਬਾਬਤ ਸਾਨੂੰ ਮੁੱਲਵਾਨ ਜਾਣਕਾਰੀਆਂ ਆਸਾਨੀ ਨਾਲ ਪ੍ਰਾਪਤ ਹੋ ਜਾਂਦੀਆਂ ਹਨ. ਸੁਕਰਾਤ ਸਬੰਧੀ ਜਾਣਨ ਲਈ ਸਾਡੇ ਕੋਲ ਪ੍ਰਮੁੱਖ ਸਰੋਤਾਂ ਵਜੋਂ ਪਲੈਟੋ (427-347 ਈ. ਪੂ.) ਅਤੇ ਜ਼ੈਨੋਫਨ (430-357 ਈ. ਪੂ.) ਦੀਆਂ ਰਚਨਾਵਾਂ ਹਨ. ਆਪਣੀ ਇਕ ਰਚਨਾ "ਪ੍ਰਤੀ-ਉੱਤਰ" ਵਿਚ ਪਲੈਟੋ ਨੇ ਸੁਕਰਾਤ ਦੇ ਮੂੰਹੋਂ ਅਖਵਾਇਆ ਹੈ:


"ਚੇਰਿਫ਼ੋਨ ਡੇਲਫ਼ਾਈ ਗਿਆ ਤੇ ਉੱਥੇ ਹੋਈ ਅਕਾਸ਼ਵਾਣੀ ਤੋਂ ਪੁੱਛਿਆ ਕਿ ਕੀ ਸਾਡੇ ਵਿਚੋਂ ਕੋਈ ਵੀ ਪੁਰਸ਼ ਮੇਰੇ ਤੋਂ ਜ਼ਿਆਦਾ ਬੁੱਧੀਮਾਨ ਹੈ?"

ਪੁਜਾਰਨ ਨੇ ਉੱਤਰ ਦਿੱਤਾ- "ਕੋਈ ਨਹੀਂ."

ਜਦੋਂ ਮੈਂ ਇਸ ਉੱਤਰ ਬਾਬਤ ਸੁਣਿਆ ਤਾਂ ਮੈਂ ਆਪਣੇ-ਆਪ ਤੋਂ ਪੁੱਛਿਆ: ਇਸ ਕਥਨ ਤੋਂ ਦੇਵਤਾ ਦਾ ਅਰਥ ਕੀ ਹੋ ਸਕਦਾ ਹੈ? ਮੈਨੂੰ ਤਾਂ ਇਹ ਕਦੀ ਵੀ ਖ਼ਿਆਲ ਨਹੀਂ ਆਇਆ ਕਿ ਮੈਂ ਕਿਸੇ ਛੋਟੀ ਜਾਂ ਵੱਡੀ ਗੱਲ 'ਚ ਵੀ ਚਲਾਕ ਹਾਂ. ਦੇਵਤਾ ਮੈਨੂੰ ਸਭ ਤੋਂ ਵੱਧ ਸਿਆਣਾ ਆਖਦੇ ਹਨ; ਇਸ ਗੱਲ ਤੋਂ ਉਸ ਦਾ ਅਰਥ ਕੀ ਹੈ? ਦੇਵਤਾ ਤਾਂ ਝੂਠ ਆਖ ਹੀ ਨਹੀਂ ਸਕਦਾ. ਚਿਰਕਾਲ ਤੱਕ ਮੈਂ ਦੇਵਤਾ ਦਾ ਅਰਥ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ. ਆਖੀਰ ਵਿਚ ਮੈਂ ਫ਼ੈਸਲਾ ਕੀਤਾ ਕਿ ਮੈਂ ਇਕ ਅਜਿਹੇ ਪੁਰਸ਼ ਕੋਲ ਜਾਵਾਂ, ਜੋ ਬੁੱਧੀਮਤਾ 'ਚ ਕਾਫ਼ੀ ਪ੍ਰਸਿੱਧ ਹੋਵੇ. ਲਾਜ਼ਮੀ ਹੈ ਕਿ ਉੱਥੇ ਮੈਨੂੰ ਦੇਵਤਾ ਦੇ ਕਥਨ ਦਾ ਤੋੜ ਮਿਲ ਜਾਏਗਾ. ਜਦੋਂ ਮੈਂ ਉਸ ਨਾਲ ਗੱਲਬਾਤ ਕੀਤੀ ਤਾਂ ਮੈਨੂੰ ਖ਼ਿਆਲ ਆਇਆ ਕਿ ਇਹ ਪੁਰਸ਼ ਦੂਸਰਿਆਂ ਦੀ ਨਿਗ੍ਹਾ 'ਚ ਤੇ ਉਨ੍ਹਾਂ ਤੋਂ ਵੀ ਜ਼ਿਆਦਾ ਆਪਣੀ ਹੀ ਨਜ਼ਰ ਵਿਚ ਤਕੜਾ ਬੁੱਧੀਮਾਨ ਹੈ, ਪਰ ਵਾਸਤਵ ਵਿਚ ਬੁੱਧੀਮਾਨ ਨਹੀਂ. ਮੈਂ ਉਸ ਨੂੰ ਦੱਸਣ ਦਾ ਯਤਨ ਕੀਤਾ ਕਿ ਉਹ ਆਪਣੇ-ਆਪ ਨੂੰ ਬੁੱਧੀਮਾਨ ਸਮਝਦਾ ਸੀ, ਪਰ ਇਹ ਉਸ ਦਾ ਭਰਮ ਸੀ. ਉਹ ਬਹੁਤ ਉਦਾਸ ਹੋਇਆ. ਉੱਥੇ ਮੌਜੂਦ ਜੋ ਲੋਕ ਇਹ ਗੱਲ ਸੁਣ ਰਹੇ ਸਨ, ਉਨ੍ਹਾਂ ਨੂੰ ਵੀ ਇਸ ਗੱਲ ਨੇ ਕਾਫ਼ੀ ਠੇਸ ਪਹੁੰਚਾਈ. ਮੈਂ ਉੱਥੋਂ ਉੱਠ ਕੇ ਚਲਾ ਗਿਆ ਤੇ ਮੈਨੂੰ ਖ਼ਿਆਲ ਆਇਆ ਕਿ ਇਸ ਬੰਦੇ ਤੋਂ ਤਾਂ ਮੈਂ ਕੁਝ ਜ਼ਿਆਦਾ ਹੀ ਜਾਣਦਾ ਹਾਂ. ਲਾਜ਼ਮੀ ਹੈ ਕਿ ਸਾਡੇ ਦੋਵਾਂ ਵਿਚੋਂ ਕਿਸੇ ਨੂੰ ਵੀ ਸੁੰਦਰਤਾ ਜਾਂ ਭੱਦਰਤਾ ਦਾ ਗਿਆਨ ਨਹੀਂ, ਪਰ ਉਹ ਨਾ ਜਾਣਦਾ ਹੋਇਆ ਵੀ ਸਮਝਦਾ ਹੈ ਕਿ ਉਹ ਜਾਣਦਾ ਹੈ; ਮੈਂ ਨਹੀਂ ਜਾਣਦਾ, ਪਰ ਇਹ ਖ਼ਿਆਲ ਵੀ ਤਾਂ ਨਹੀਂ ਕਰਦਾ ਕਿ ਮੈਂ ਜਾਣਦਾ ਹਾਂ. ਇਸ ਗੱਲ ਵਿਚ ਮੈਂ ਇਸ ਪੁਰਸ਼ ਤੋਂ ਜ਼ਿਆਦਾ ਗਿਆਨਵਾਨ ਹਾਂ.

ਜਿਹੜੀਆਂ ਚੀਜ਼ਾਂ ਦੀ ਬਾਬਤ ਮੈਂ ਨਹੀਂ ਜਾਣਦਾ, ਉਨ੍ਹਾਂ ਬਾਰੇ ਆਪਣੇ ਆਪ ਨੂੰ ਗਿਆਨਵਾਨ ਨਹੀਂ ਸਮਝਦਾ.

ਕਿਹਾ ਜਾਂਦਾ ਹੈ ਕਿ ਸੁਕਰਾਤ ਬੇਹੱਦ ਤੰਗ ਹਾਲੀ ਦੇ ਦੌਰ ਵਿਚ ਅਪਣਾ ਗੁਜ਼ਰ ਬਸਰ ਕਰਦਾ ਸੀ. ਏਥਨਜ਼ ਵਾਸੀ ਉਸ ਨੂੰ ਨੰਗੇ ਪੈਰੀਂ ਤੇ ਫੱਟੇ-ਪੁਰਾਣੇ ਕੱਪੜਿਆਂ ਵਿਚ ਘੁੰਮਣ ਵਾਲੇ ਇਕ ਦਾਰਸ਼ਨਿਕ ਦੇ ਰੂਪ ਵਜੋਂ ਪਹਿਚਾਣਦੇ ਸਨ. ਸੁਕਰਾਤ ਦਾ ਇਹ ਹੁਲੀਆ ਉਸ ਦੇ ਸਮਕਾਲੀ ਨਾਟਕਾਂ ਵਿਚ ਮਜ਼ਾਕ ਦਾ ਪਾਤਰ ਵੀ ਬਣਿਆ. ਉਦਾਹਰਨ ਵਜੋਂ ਅਸੀਂ ਉਨ੍ਹਾਂ ਸਮਿਆਂ ਦੇ ਪ੍ਰਸਿੱਧ ਨਾਟਕਕਾਰ ਅਰਿਸਟੋਫਾਨੀਜ਼ ਦੇ ਨਾਟਕ 'ਨਿਊਬਸ' ਨੂੰ ਵੇਖ ਸਕਦੇ ਹਾਂ. ਅਰਿਸਟੋਫਾਨੀਜ਼ ਨੇ ਸੁਕਰਾਤ ਉੱਪਰ ਧਨ ਕਮਾਉਣ ਵਾਲੇ ਇਕ ਲਾਲਚੀ ਜਿਹੀ ਕਿਸਮ ਦੇ ਬੰਦੇ ਹੋਣ ਦਾ ਇਲਜ਼ਾਮ ਲਗਾਇਆ ਹੈ, ਪਰ ਜਿਨ੍ਹਾਂ ਸਮਿਆਂ ਦੌਰਾਨ ਸੁਕਰਾਤ ਦਾ ਮੁਕੱਦਮਾ ਚੱਲ ਰਿਹਾ ਸੀ, ਉਸ ਵਕਤ ਵਿਰੋਧੀ ਕਿਸੇ ਵੀ ਇਕ ਅਜਿਹੇ ਵਿਦਿਆਰਥੀ ਨੂੰ ਜੱਜਾਂ ਸਾਹਮਣੇ ਪੇਸ਼ ਨਹੀਂ ਕਰ ਪਾਏ ਸਨ, ਜਿਸ ਨੂੰ ਸੁਕਰਾਤ ਨੇ ਪੈਸੇ ਲੈ ਕੇ ਪੜ੍ਹਾਇਆ ਹੋਵੇ.



ਸੁਕਰਾਤ ਆਪਣੇ ਕ੍ਰਾਂਤੀਕਾਰੀ ਅਤੇ ਸੱਤਾ ਵਿਰੋਧੀ ਵਿਚਾਰਾਂ ਲਈ ਅਕਸਰ ਚਰਚਾ ਵਿਚ ਰਹਿੰਦਾ ਸੀ. ਇਸੇ ਕਾਰਨ ਉਸ ਉੱਪਰ ਵਿਰੋਧੀਆਂ ਵੱਲੋਂ 399 ਈ. ਪੂ. ਵਿਚ ਤਤਕਾਲੀ ਯੂਨਾਨੀ ਧਾਰਮਿਕ ਮਾਨਤਾਵਾਂ ਖ਼ਿਲਾਫ਼ ਕਾਰਜ ਕਰਨ ਸਬੰਧੀ ਇਕ ਦੋਸ਼ ਪੱਤਰ ਪੇਸ਼ ਕੀਤਾ ਗਿਆ. ਉਸ ਖ਼ਿਲਾਫ਼ ਦੋ ਪ੍ਰਮੁੱਖ ਦੋਸ਼ ਸਨ: ਉਸ ਨੇ ਯੂਨਾਨੀ ਨੌਜਵਾਨਾਂ ਨੂੰ ਭ੍ਰਿਸ਼ਟ ਕੀਤਾ ਹੈ ਅਤੇ ਉਹ ਪਾਰੰਪਰਿਕ ਦੇਵੀ ਦੇਵਤਾਵਾਂ ਦੀ ਪੂਜਾ ਨਾ ਕਰ ਕੇ ਉਨ੍ਹਾਂ ਦੀ ਥਾਂ ਨਵੀਆਂ ਧਾਰਮਿਕ ਕਿਰਿਆਵਾਂ ਨੂੰ ਜਨਮ ਦੇ ਰਿਹਾ ਹੈ. ਇਹ ਦੋਸ਼ ਲਗਾਉਣ ਵਾਲਿਆਂ ਵਿਚ ਅਨੀਤੋਸ਼, ਲੀਕੋਨ ਅਤੇ ਮੇਲਤੋਸ਼ ਪ੍ਰਮੁੱਖ ਵਿਅਕਤੀ ਸਨ. ਅਨੀਤੋਸ਼ ਇਕ ਉੱਤਰਦਾਈ ਅਤੇ ਦੇਸ਼-ਭਗਤ ਰਾਜਸੀ ਨੇਤਾ ਦੇ ਰੂਪ ਵਿਚ ਜਾਣਿਆ ਗਿਆ ਹੈ, ਪਰ ਬਾਕੀ ਦੋ ਕੌਣ ਸਨ? ਇਹਨਾਂ ਬਾਰੇ ਕੋਈ ਵੀ ਜਾਣਕਾਰੀ ਸਾਨੂੰ ਪ੍ਰਾਪਤ ਨਹੀਂ ਹੁੰਦੀ. ਸੁਕਰਾਤ ਖ਼ਿਲਾਫ਼ ਫ਼ੈਸਲਾ ਸੁਣਾਉਣ ਵਾਲੇ 501 ਜੱਜਾਂ ਵਿਚੋਂ 280 ਨੇ ਸੁਕਰਾਤ ਨੂੰ ਦੋਸ਼ੀ ਅਤੇ ਬਾਕੀਆਂ ਨੇ ਨਿਰਦੋਸ਼ ਪਾਇਆ. ਜੱਜਾਂ ਦਾ ਇੱਕੋ-ਇਕ ਕੰਮ ਹਰ ਸੰਭਵ/ਅਸੰਭਵ ਤਰੀਕੇ ਰਾਹੀਂ ਸੁਕਰਾਤ ਨੂੰ ਸਜਾ ਸੁਣਾਉਣਾ ਸੀ. ਇਸ ਸਬੰਧੀ ਮੇਲਤੋਸ਼ ਨੇ ਉਸ ਨੂੰ ਮੌਤ ਦੀ ਸਜਾ ਦੇਣ ਦੀ ਮੰਗ ਕੀਤੀ. ਸਜਾ ਸਬੰਧੀ ਸੁਕਰਾਤ ਤੋਂ ਪੁੱਛੇ ਜਾਣ 'ਤੇ ਉਸ ਨੇ ਬਿਲਕੁਲ ਭਿੰਨ ਪ੍ਰਸਤਾਵ ਪੇਸ਼ ਕੀਤੇ. ਜਿਨ੍ਹਾਂ ਪ੍ਰਤੀ ਅਸਹਿਮਤੀ ਦਰਜ ਕਰਦਿਆਂ ਉਸ ਨੂੰ ਨਿਰਦੋਸ਼ ਮੰਨਣ ਵਾਲੇ ਜੱਜਾਂ ਵਿਚੋਂ 81 ਜੱਜਾਂ ਨੇ ਆਪਣੇ ਵਿਚਾਰ ਬਦਲਦਿਆਂ ਉਸ ਨੂੰ ਦੋਸ਼ੀ ਸਵੀਕਾਰ ਕਰ ਲਿਆ. ਜਿਸ ਦੀ ਬਦੌਲਤ ਹੁਣ ਉਸ ਨੂੰ ਮੌਤ ਦੀ ਸਜਾ ਦੇਣ ਵਾਲੇ ਮੈਂਬਰਾਂ ਦੀ ਗਿਣਤੀ ਵਧ ਕੇ 361 ਹੋ ਗਈ ਸੀ, ਪਰ ਇਹ ਅਜੇ ਵੀ ਨਾ-ਕਾਫ਼ੀ ਸੀ. ਸੁਕਰਾਤ ਮੌਤ ਦੀ ਸਜਾ ਤੋਂ ਬਚ ਸਕਦਾ ਸੀ, ਪ੍ਰੰਤੂ ਆਪਣੇ ਮਿੱਤਰਾਂ ਦੀਆਂ ਗੁਜ਼ਾਰਿਸ਼ਾਂ ਨੂੰ ਦਰਕਿਨਾਰ ਕਰਦਿਆਂ ਉਸ ਨੇ ਜ਼ਹਿਰ ਦਾ ਪਿਆਲਾ ਪੀਣ ਦੀ ਸਜ਼ਾ ਸਵੀਕਾਰ ਕਰ ਲਈ. ਇਤਿਹਾਸਕਾਰਾਂ ਅਨੁਸਾਰ- ਮੌਤ ਦੀ ਸਜ਼ਾ ਕਬੂਲਣ ਵੇਲੇ ਉਸ ਨੇ ਜੱਜ ਨੂੰ ਆਖਿਆ- *ਫ਼ੈਸਲਾ ਕਰਨ ਵਾਲਿਓ! ਤੁਹਾਨੂੰ ਵੀ ਮੌਤ ਨੂੰ ਦਲੇਰੀ ਨਾਲ਼ ਸਵੀਕਾਰਨਾ ਚਾਹੀਦਾ ਤੇ ਨਾਲ਼ ਹੀ ਇਹ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਕ ਭਲੇ ਪੁਰਸ਼ ਉੱਪਰ ਨਾ ਜਿਊਂਦਿਆਂ ਤੇ ਨਾ ਹੀ ਮਰਨ ਤੋਂ ਬਾਅਦ, ਕੋਈ ਆਪੱਤੀ ਆ ਸਕਦੀ ਹੈ. ਦੇਵਤਾ ਉਸ ਦੀ ਕਿਸਮਤ ਵੱਲ ਉਦਾਸੀਨ ਨਹੀਂ ਹੁੰਦੇ. ਜੋ ਦੰਡ ਅੱਜ ਮੈਨੂੰ ਦਿੱਤਾ ਗਿਆ ਹੈ, ਉਹ ਇਤਫ਼ਾਕ ਦਾ ਨਤੀਜਾ ਨਹੀਂ, ਮੇਰਾ ਯਕੀਨ ਹੈ ਕਿ ਮੇਰੇ ਲਈ ਹੁਣ ਮਰਨਾ ਤੇ ਕਲੇਸ਼ ਤੋਂ ਮੁਕਤ ਹੋਣਾ ਹੀ ਚੰਗਾ ਹੈ. ਇਹੀ ਕਾਰਨ ਹੈ ਕਿ ਮੇਰੇ ਰਾਹ-ਦਸੇਰੇ 'ਚਿੰਨ੍ਹ' ਨੇ ਮੈਨੂੰ ਬਚ ਨਿਕਲਣ ਦੀ ਪ੍ਰੇਰਨਾ ਨਹੀਂ ਕੀਤੀ. ਮੈਂ ਨਾ ਦੋਸ਼ ਲਗਾਉਣ ਵਾਲਿਆਂ ਨਾਲ਼ ਗਿਲਾ ਰੱਖਦਾ ਹਾਂ, ਨਾ ਦੋਸ਼ੀ ਠਹਿਰਾਉਣ ਵਾਲਿਆਂ 'ਤੇ ਗ਼ੁੱਸੇ ਹਾਂ...ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇੱਥੋਂ ਚੱਲੀਏ. ਮੈਂ ਮਰਨ ਤੇ ਤੁਸੀਂ ਜਿਊਣ ਲਈ, ਪਰ ਇਹ ਪਰਮਾਤਮਾ ਹੀ ਜਾਣਦਾ ਹੈ ਕਿ ਜੀਵਨ ਤੇ ਮੌਤ 'ਚੋਂ ਕਿਹੜਾ ਸ੍ਰੇਸ਼ਠ ਹੈ.* ਸੁਕਰਾਤ ਨੂੰ ਜ਼ਹਿਰ ਦੇ ਕੇ ਮਾਰਨ ਦਾ ਨਿਰਨਾ ਹੋਇਆ. ਜਿਸ ਦਿਨ ਉਸ ਨੂੰ ਜ਼ਹਿਰ ਦਿੱਤਾ ਜਾਣਾ ਸੀ, ਸਵੇਰੇ ਜਲਦੀ ਹੀ ਉਸ ਦੇ ਕੁਝ ਚੇਲੇ ਉਸ ਨੂੰ ਮਿਲਣ ਲਈ ਜੇਲ੍ਹ ਪਹੁੰਚੇ. ਉਨ੍ਹਾਂ ਨੇ ਸੁਕਰਾਤ ਨੂੰ ਗੂੜ੍ਹੀ ਨੀਂਦ ਸੁੱਤਿਆਂ ਪਾਇਆ. ਨਿਯਤ ਸਮੇਂ 'ਤੇ ਕਰਮਚਾਰੀ ਜ਼ਹਿਰ ਦਾ ਪਿਆਲਾ ਲਿਆਇਆ. ਸੁਕਰਾਤ ਨੇ ਪੁੱਛਿਆ- *ਕੀ ਮੈਂ ਇਸ ਵਿਚੋਂ ਥੋੜ੍ਹਾ ਜਿਹਾ ਦੇਵਤੇ ਦੀ ਬਲੀ ਲਈ ਦੇ ਸਕਦਾ ਹਾਂ?* ਕਰਮਚਾਰੀ ਨੇ ਆਖਿਆ- *ਇਹ ਤੇਰੇ ਪੀਣ ਲਈ ਹੀ ਪੂਰੀ ਮਾਤਰਾ 'ਚ ਤਿਆਰ ਕੀਤਾ ਗਿਆ ਹੈ.* ਸੁਕਰਾਤ ਨੇ ਜ਼ਹਿਰ ਪੀ ਲਿਆ. ਏਥਨਜ਼ ਮੰਨਦਾ ਹੈ ਕਿ ਸੁਕਰਾਤ ਦੀ ਮੌਤ ਵੀ ਉਸ ਦੇ ਜੀਵਨ ਜਿੰਨੀ ਹੀ ਸ਼ਾਨਦਾਰ ਸੀ. ਅੱਜ ਤੱਕ ਵੀ ਪੂਰੇ ਸੰਸਾਰ ਭਰ ਨੂੰ ਇਸ ਗੱਲ ਉੱਪਰ ਕਦੀ ਕੋਈ ਸ਼ੱਕ ਨਹੀਂ ਹੋਇਆ.

ਪ੍ਰਸਿੱਧ ਯੂਨਾਨੀ ਜਾਣਕਾਰ ਊਦੇ ਪ੍ਰਕਾਸ਼ ਅਰੋੜਾ ਨੇ ਆਪਣੀ ਕਿਤਾਬ *ਪ੍ਰਾਚੀਨ ਯੂਨਾਨ* ਅੰਦਰ ਲਿਖਿਆ ਹੈ ਕਿ ਸੁਕਰਾਤ ਦੀ ਮੌਤ ਇਕ ਵਾਸਤਵਿਕਤਾ ਹੈ. ਇਸ ਵਾਸਤਵਿਕਤਾ ਰਾਹੀਂ ਇਹ ਪ੍ਰਮਾਣਿਤ ਹੁੰਦਾ ਹੈ ਕਿ ਏਥਨਜ਼ ਦੇ ਪਰਜਾਤੰਤਰ ਨੂੰ ਇਕ ਆਦਰਸ਼ ਰਾਜਨੀਤਕ ਵਿਵਸਥਾ ਨਹੀਂ ਮੰਨਿਆ ਜਾ ਸਕਦਾ. ਨਾਲ਼ ਹੀ ਨਾਲ਼ ਇਹ ਵੀ ਸੱਚ ਹੈ ਕਿ ਸੁਕਰਾਤ ਦਾ ਮਾਮਲਾ ਇਸ ਪਰਜਾਤੰਤਰ ਦਾ ਇਕੱਲਾ ਉਦਾਹਰਨ ਹੈ.

ਸੁਕਰਾਤ ਮਿੱਥਕ ਦੇ ਪ੍ਰਾਚੀਨ ਅਤੇ ਆਧੁਨਿਕ ਵਿਚਾਰਕਾਂ ਨੇ ਇਸ ਦੂਸਰੀ ਵਾਸਤਵਿਕਤਾ ਨੂੰ ਸੁਵਿਧਾਜਨਕ ਢੰਗ ਨਾਲ ਅਣਦੇਖਿਆ ਕਰ ਦਿੱਤਾ ਹੈ. ਇਹ ਧਿਆਨ ਦੇਣ ਯੋਗ ਹੈ ਕਿ ਉਸੇ ਏਥਨਜ਼ ਅੰਦਰ ਪਲੈਟੋ ਨੇ ਵੀ ਆਪਣੇ ਵਿਚਾਰਾਂ ਦਾ ਸੁਤੰਤਰਤਾ-ਪੂਰਵਕ ਪ੍ਰਚਾਰ ਕੀਤਾ ਸੀ. ਜੋ ਕੁਝ ਵੀ ਉਸ ਨੇ ਪ੍ਰਚਾਰਿਤ ਕੀਤਾ ਜਾਂ ਪੜ੍ਹਾਇਆ, ਉਸ ਸਭ ਕੁਝ ਏਥਨਜ਼ ਦੀਆਂ ਮਾਨਤਾਵਾਂ ਤੋਂ ਪੂਰੀ ਤਰ੍ਹਾਂ ਭਿੰਨ ਸੀ, ਪਰ ਉਸ ਨੂੰ ਨਾ ਤਾਂ ਕਿਸੇ ਨੇ ਰੋਕਿਆ ਤੇ ਨਾ ਹੀ ਡਰਾਇਆ-ਧਮਕਾਇਆ. ਏਥਨਜ਼ ਦੇ ਪਰਜਾਤੰਤਰ ਨੂੰ ਜੇਕਰ ਸਮਗਰ ਰੂਪ ਵਿਚ ਦੇਖਿਆ ਜਾਏ ਤਾਂ ਉਸ ਦੀ ਪ੍ਰਸ਼ੰਸਾ ਹੀ ਕੀਤੀ ਜਾ ਸਕਦੀ ਹੈ.

ਸੁਕਰਾਤ ਅਤੇ ਏਥਨਜ਼ ਦਾ ਪਰਜਾ-ਤੰਤਰ ਅੱਜ ਸਾਡੇ ਕੋਲ ਦੋਵੇਂ ਨਹੀਂ ਹਨ, ਪਰ ਫਿਰ ਵੀ ਸੁਕਰਾਤ ਉੱਪਰ ਲਗਾਇਆ ਗਿਆ ਦੋਸ਼ ਇਕ ਮਹਾਨ ਮਿੱਥਕ ਦੇ ਰੂਪ ਵਿਚ ਜਿਉਂਦਾ ਪਿਆ ਹੈ. ਇਸ ਮਿੱਥਕ ਦਾ ਸਰੋਤ ਪਲੈਟੋ ਦੁਆਰਾ ਰਚਿਤ 'ਅਪੋਲੋਜ਼ੀਆ' ਹੈ, ਜਿਸ ਵਿਚ ਸੁਕਰਾਤ ਦੀ ਤਰਫ਼ੋਂ ਆਪਣੇ ਵਿਚਾਰ ਪੇਸ਼ ਕੀਤੇ ਗਏ ਹਨ. ਸੁਕਰਾਤ ਦੀ ਮੌਤ ਦੇ ਕੁਝ ਸਾਲਾਂ ਬਾਅਦ ਪ੍ਰਕਾਸ਼ਿਤ ਇਸ ਗ੍ਰੰਥ ਅੰਦਰ ਸੁਕਰਾਤ ਦੁਆਰਾ ਜੱਜਾਂ ਸਾਹਮਣੇ ਦਿੱਤੇ ਗਏ ਦੋ ਭਾਸ਼ਣਾਂ ਦਾ ਜ਼ਿਕਰ ਕੀਤਾ ਗਿਆ ਹੈ. ਜਿਨ੍ਹਾਂ ਸਬੰਧੀ ਪਲੈਟੋ ਦਾ ਦਾਅਵਾ ਹੈ ਕਿ ਇਹ ਵਾਸਤਵਿਕ ਭਾਸ਼ਣ ਹਨ, ਜਦੋਂ ਕਿ ਇਹ ਸੱਚ ਨਹੀਂ ਹੈ, ਕਿਉਂਕਿ ਯੂਨਾਨੀ ਮੁਕੱਦਮਿਆਂ ਦੌਰਾਨ ਉਨ੍ਹਾਂ ਸਮਿਆਂ ਵਿਚ ਕਾਰਵਾਈਆਂ ਨੂੰ ਲਿਖਤ ਰੂਪ ਦੇਣ ਦੀ ਪਰੰਪਰਾ ਨਹੀਂ ਸੀ. ਸਿਰਫ਼ ਮੁਕੱਦਮੇ ਦੇ ਦੋਸ਼ ਪੱਤਰ ਅਤੇ ਫ਼ੈਸਲੇ ਨੂੰ ਛੱਡ ਕੇ ਬਾਕੀ ਕਿਸੇ ਵੀ ਦਸਤਾਵੇਜ਼ ਨੂੰ ਸੰਭਾਲ ਕੇ ਨਹੀਂ ਰੱਖਿਆ ਜਾਂਦਾ ਸੀ. ਸੁਕਰਾਤ ਦੇ ਇਸ ਫ਼ੈਸਲੇ ਨੂੰ ਇੰਨ-ਬਿੰਨ ਸਹੀ ਉਨ੍ਹਾਂ ਹੀ ਹਾਲਤਾਂ ਅੰਦਰ ਮੰਨਿਆ ਜਾ ਸਕਦਾ ਸੀ, ਜਦੋਂ ਸੁਕਰਾਤ ਖ਼ੁਦ ਇਸ ਸਮੁੱਚੇ ਘਟਨਾਕ੍ਰਮ ਨੂੰ ਰਵਾਇਤ ਮੁਤਾਬਿਕ ਲਿਖਦਾ, ਪਰ ਅਜਿਹਾ ਨਹੀਂ ਹੋ ਪਾਇਆ ਸੀ. ਇਸ ਤੋਂ ਇਲਾਵਾ 'ਅਪੋਲੋਜ਼ੀਆ' ਦੇ ਹਰ ਹਿੱਸੇ ਅੰਦਰ ਪਲੈਟੋ ਦੀ ਛਾਪ ਦੇ ਦੀਦਾਰ ਬੜੀ ਆਸਾਨੀ ਨਾਲ ਹੋ ਜਾਂਦੇ ਹਨ, ਜਿਨ੍ਹਾਂ ਤੋਂ ਸਹਿਜੇ ਹੀ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਵਾਸਤਵ ਵਿਚ ਸੁਕਰਾਤ ਦੇ ਰਾਹੀਂ ਪਲੈਟੋ ਆਪਣੇ ਵਿਚਾਰਾਂ ਨੂੰ ਪ੍ਰਸਤੁਤ ਕਰ ਰਿਹਾ ਹੈ. ਇਸ ਤੋਂ ਇਲਾਵਾ ਇਸ ਮੁਕੱਦਮੇ ਦੇ ਸਬੰਧੀ ਜ਼ੈਨੋਫੋਨ ਦੁਆਰਾ ਵੀ 'ਅਪੋਲੋਜ਼ੀਆ' ਦੀ ਰਚਨਾ ਕੀਤੀ ਗਈ ਸੀ, ਜਿਹੜੀ ਕਿ ਪਲੈਟੋ ਦੇ 'ਅਪੋਲੋਜ਼ੀਆ' ਤੋਂ ਬਿਲਕੁਲ ਭਿੰਨ ਹੈ. ਇਤਿਹਾਸਕਾਰਾਂ ਦਾ ਇਕ ਮੱਤ ਇਹ ਵੀ ਹੈ ਕਿ ਪ੍ਰਾਚੀਨ ਯੂਨਾਨ ਅੰਦਰ ਉਪਰੋਕਤ ਦੋਵਾਂ ਲੇਖਕਾਂ ਤੋਂ ਇਲਾਵਾ ਹੋਰਨਾਂ ਕਈ ਲਿਖਾਰੀਆਂ ਨੇ ਵੀ ਸੁਕਰਾਤ ਦੇ ਮੁਕੱਦਮੇ ਨੂੰ ਆਪਣੇ-ਆਪਣੇ ਤਰੀਕੇ ਰਾਹੀਂ ਬਿਆਨ ਕੀਤਾ ਗਿਆ ਸੀ, ਪਰ ਅੱਜ ਇਨ੍ਹਾਂ ਵਿਚੋਂ ਕੋਈ ਵੀ ਸਾਨੂੰ ਪ੍ਰਾਪਤ ਨਹੀਂ ਹੋ ਰਿਹਾ.

ਪਲੈਟੋ ਦਾ ਇਹ ਮੰਨਣਾ ਹੈ ਕਿ ਸੁਕਰਾਤ ਆਪਣੀਆਂ ਦਲੀਲਾਂ ਨਾਲ ਜੱਜਾਂ ਅਤੇ ਇਕੱਤਰਿਤ ਭੀੜ ਨੂੰ ਪ੍ਰਭਾਵਿਤ ਕਰਨ ਵਿਚ ਅਸਮਰਥ ਰਿਹਾ ਸੀ. ਇਸ ਲਈ ਪਲੈਟੋ ਨੇ ਆਪਣੀ ਰਚਨਾ ਅੰਦਰ ਉਨ੍ਹਾਂ ਵਿਚਾਰਾਂ ਨੂੰ ਪੇਸ਼ ਕਰਨਾ ਜ਼ਰੂਰੀ ਸਮਝਿਆ ਜਿਹੜੇ ਸੁਕਰਾਤ ਨੂੰ ਆਪਣੀ ਸਫ਼ਾਈ ਵਿਚ ਰੱਖਣੇ ਚਾਹੀਦੇ ਸਨ. ਪਲੈਟੋ ਦਾ ਇਹ ਵੀ ਸਵੀਕਾਰਨਾ ਹੈ ਕਿ ਸੁਕਰਾਤ ਸੰਵਾਦ ਅਤੇ ਤਰਕ ਪੇਸ਼ ਕਰਨ ਵਿਚ ਭਾਵੇਂ ਬੇਹੱਦ ਸਮਰੱਥ ਦਾਰਸ਼ਨਿਕ ਸੀ ਪਰ ਇਕ ਅੱਛਾ ਵਕਤਾ ਨਾ ਹੋਣ ਕਰ ਕੇ ਉਹ ਭੀੜ ਉੱਪਰ ਅਪਣਾ ਕੋਈ ਪ੍ਰਭਾਵ ਛੱਡਣ ਵਿਚ ਪੂਰੀ ਤਰ੍ਹਾਂ ਅਸਫਲ ਰਿਹਾ. ਉਹ ਕੇਵਲ ਛੋਟੀਆਂ ਗੋਸ਼ਟੀਆਂ ਅਤੇ ਗੱਲਾਂ-ਬਾਤਾਂ ਵਿਚ ਹੀ ਪ੍ਰਭਾਵੀ ਸੀ, ਪਰ ਇਹ ਸਵੀਕਾਰਨ ਕਰਨਾ ਆਸਾਨ ਨਹੀਂ ਹੈ ਕਿ ਆਪਣੇ ਮੁਕੱਦਮੇ ਦੌਰਾਨ ਸਿਰਫ਼ ਅੱਛੇ ਭਾਸ਼ਣ ਦੇ ਰਾਹੀਂ ਹੀ ਸੁਕਰਾਤ ਆਪਣੇ ਪੱਖ ਨੂੰ ਠੋਸ ਬਣਾ ਸਕਦਾ ਸੀ. ਕਿਉਂ ਕਿ ਏਥਨਜ਼ ਵਾਸੀ ਸੁਕਰਾਤ ਨੂੰ ਪਿਛਲੇ ਤਿੰਨ-ਚਾਰ ਦਹਾਕਿਆਂ ਤੋਂ ਜਾਣਦੇ ਆ ਰਹੇ ਸਨ. ਉਸ ਪ੍ਰਤੀ ਉਨ੍ਹਾਂ ਦੀ ਇਕ ਖ਼ਾਸ ਧਾਰਨਾ ਬਣ ਚੁੱਕੀ ਸੀ ਜਿਸ ਨੂੰ ਉਹ ਸਿਰਫ਼ ਇਕ ਭਾਸਣ ਦੇ ਰਾਹੀਂ ਹੀ ਕਦੇ ਵੀ ਤੋੜ ਨਹੀਂ ਸਕਦਾ ਸੀ.

ਪਲੈਟੋ, ਸੁਕਰਾਤ ਦਾ ਇਕ ਹੋਣ ਹਾਰ ਸ਼ਾਗਿਰਦ ਸੀ. ਸੁਕਰਾਤ ਦੇ ਉਲਟ ਉਹ ਏਥਨਜ਼ ਦੀ ਕੁਲੀਨ ਅਤੇ ਤਾਕਤਵਰ ਸ਼੍ਰੇਣੀ ਨਾਲ ਸਬੰਧਿਤ ਸੀ. ਉਸ ਦਾ ਜਨਮ 427 ਈ. ਪੂ. ਨੂੰ ਹੋਇਆ ਤੇ ਉਹ 407 ਈ. ਪੂ. ਵਿਚ ਸੁਕਰਾਤ ਦਾ ਚੇਲਾ ਬਣਿਆ ਤੇ ਉਸ ਦੇ ਅੰਤਿਮ ਸਮੇਂ ਤੱਕ ਉਸ ਨਾਲ ਹੀ ਰਿਹਾ. ਉਸ ਸਬੰਧੀ ਇਹ ਵੀ ਜ਼ਿਕਰ ਪ੍ਰਾਪਤ ਹੁੰਦਾ ਹੈ ਕਿ ਉਸ ਨੇ ਮਿਸਰ ਅਤੇ ਏਸ਼ੀਆ ਮਾਈਨਰ ਤੱਕ ਦੀਆਂ ਯਾਤਰਾਵਾਂ ਕੀਤੀਆਂ ਸਨ. ਉਸ ਨੇ ਇਟਲੀ ਦਾ ਭਰਮਣ ਵੀ ਕੀਤਾ ਤੇ ਪਾਇਥਾਗੋਰਸਵਾਦੀਆਂ ਨਾਲ ਵੀ ਮੁਲਾਕਾਤ ਕੀਤੀ. ਆਪਣੇ ਜੀਵਨ ਦੌਰਾਨ ਉਸ ਨੇ ਕਾਫ਼ੀ ਸਾਰੇ ਗ੍ਰੰਥਾਂ ਦੀ ਰਚਨਾ ਕੀਤੀ. ਵਰਤਮਾਨ ਸਮੇਂ ਵਿਚ ਸਾਡੇ ਪਾਸ ਉਸ ਦੇ ਕਰੀਬ 25 ਸੰਵਾਦ ਗ੍ਰੰਥ, ਅਪੋਲੋਜ਼ੀਆ ਅਤੇ 13 ਖ਼ਤ ਉਪਲਬਧ ਹਨ. ਉਸ ਨੇ ਆਪਣੇ ਸਿਧਾਂਤ ਸੰਵਾਦ ਸ਼ੈਲੀ ਵਿਚ ਪੇਸ਼ ਕੀਤੇ ਹਨ, ਜਿਹੜੇ ਕਿ ਨੀਤੀ ਸ਼ਾਸਤਰ, ਕਾਨੂੰਨ, ਰਾਜਨੀਤੀ, ਕਲਾ, ਤਰਕ ਸ਼ਾਸਤਰ, ਦਰਸ਼ਨ ਅਤੇ ਦੇਵੀ-ਦੇਵਤਾਵਾਂ ਸਬੰਧੀ ਪ੍ਰਸ਼ਨਾਂ ਉੱਪਰ ਚਰਚਾ ਕਰਦੇ ਹਨ. ਪਲੈਟੋ ਦੀਆਂ ਸੰਵਾਦ ਰਚਨਾਵਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ. ਮੁੱਢਲੀਆਂ ਰਚਨਾਵਾਂ ਵਿਚ 'ਅਪੋਲੋਜ਼ੀਆ', 'ਲਾਖੇਸ', 'ਖਾਰਮੀਦਿਸ', 'ਯੂਥੀਫ੍ਰੋ', 'ਪ੍ਰੋਟਾਗੋਰਾਸ ਕ੍ਰੀਟੋ', 'ਹਿਪਿੱਆਸ ਮਾਇਨਰ', ਦਾ ਜ਼ਿਕਰ ਕੀਤਾ ਗਿਆ ਹੈ. ਵਿਚਕਾਰਲੇ ਗ੍ਰੰਥਾਂ ਵਿਚ 'ਫ਼ੈਦੋ', 'ਮੇਨੋ', 'ਗੋਰਗੀਅਸ', 'ਸਿੰਪੋਜ਼ਿਅਮ', ਅਤੇ 'ਰਿਪਬਲਿਕ' ਖ਼ਾਸ ਜ਼ਿਕਰਯੋਗ ਹਨ. ਤੀਸਰੇ ਹਿੱਸੇ ਵਿਚ ਅਸੀਂ 'ਸੋਫਿਸਟ', 'ਸਟੇਟਸਮੈਨ', 'ਥਇਏਤਿਤੋਸ', 'ਪਾਰਮੇਨੇਡੀਜ਼', 'ਫਿਲੈਬਸ', 'ਤਿਮੈਔਸ' ਅਤੇ 'ਲਾਜ', ਜਿਹੜੀ ਕੇ ਉਸ ਦੇ ਅੰਤਿਮ ਦਿਨਾਂ ਦੀ ਰਚਨਾ ਹੈ, ਹਨ. ਪਲੈਟੋ ਦੇ ਮੁੱਢਲੇ 'ਸੰਵਾਦ' ਗ੍ਰੰਥਾਂ ਅੰਦਰ ਸੁਕਰਾਤ ਦੇ ਵਿਚਾਰਾਂ ਅਤੇ ਵਿਅਕਤੀਤਵ ਨੂੰ ਬਿਆਨਣ ਦਾ ਯਤਨ ਕੀਤਾ ਗਿਆ ਹੈ, ਇਸ ਕਰ ਕੇ ਇਹਨਾਂ ਵਿਚ ਸਾਨੂੰ ਪਲੈਟੋ ਦੇ ਆਪਣੇ ਵਿਚਾਰ ਪ੍ਰਾਪਤ ਨਹੀਂ ਹੁੰਦੇ, ਜਦੋਂਕਿ ਵਿਚਕਾਰਲੀ ਅਤੇ ਅੰਤਿਮ ਸ਼ਰੇਣੀ ਵਿਚ ਰੱਖੀਆਂ ਗਈਆਂ ਕ੍ਰਿਤਾਂ ਅੰਦਰ ਪਲੈਟੋ ਆਪਣੇ ਵਿਚਾਰਾਂ ਦੀ ਖੁੱਲ੍ਹ ਕੇ ਵਿਆਖਿਆ ਕਰਦਾ ਹੈ.

ਸੁਕਰਾਤ ਦਾ ਮੁਕੱਦਮਾ ਉਸ ਦੀ ਪ੍ਰਸਿੱਧ ਰਚਨਾ 'ਅਪੋਲੋਜ਼ੀਆ' ਵਿਚ ਸ਼ਾਮਿਲ ਹੈ. ਜਿਸ ਦੀਆਂ ਇਤਿਹਾਸਕਾਰਾਂ ਨੇ ਅਨੇਕਾਂ ਵਿਆਖਿਆਵਾਂ ਕੀਤੀਆਂ ਤੇ ਜੋ ਅੱਜ ਵਿਸ਼ਵ ਭਰ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਆਪਣੇ ਅਨੁਵਾਦ ਪ੍ਰਾਪਤ ਹੁੰਦਾ ਹੈ.



# ਇਕ ਅਣਗੌਲਿਆ ਪੰਜਾਬੀ ਕਵੀ : ਗਿ. ਹਰਨਾਮ ਸਿੰਘ ਕੌਮੀਕੋਟ

**ਡਾ.ਜਸਬੀਰ ਸਿੰਘ ਸਰਨਾ**
**ਗੋਲੇ ਗੁਜਰਾਲ, ਜੰਮੂ**
jbsingh.801@gmail.com

1947 ਦੇ ਘੱਲੂਘਾਰੇ ਨੇ ਇਸ ਪਾਕਿ-ਪਵਿੱਤਰ ਧਰਤੀ ਨੂੰ ਖ਼ੂਨੀ ਪੰਜਿਆਂ ਵਿੱਚ ਦਬੋਚ ਲਿਆ ਸੀ। ਕਈ ਸਦੀਆਂ ਤੋਂ ਮੁਹੱਬਤ, ਸ਼ਾਂਤੀ ਅਤੇ ਭਾਈਚਾਰਕ ਸਾਂਝ ਵਿੱਚ ਭੂਚਾਲ ਦੇ ਝਟਕਿਆਂ ਵਾਂਗ ਤਰੇੜਾਂ ਪੈ ਗਈਆਂ। ਅਚਨਚੇਤ ਹਨੇਰੇ ਦਾ ਹਿਮਾਲਿਆ ਪਰਬਤ ਹੀ ਜਿਵੇਂ ਇਨ੍ਹਾਂ ਉੱਪਰ ਟੁੱਟ ਪਿਆ ਹੋਵੇ। ਜ਼ਿੱਲਤ ਭਰੀ ਖ਼ਾਨਾਬਦੋਸ਼ ਜ਼ਿੰਦਗੀ ਨੇ ਇੱਥੋਂ ਦੇ ਨਿਵਾਸੀਆਂ ਨੂੰ ਗਹਿਰੀ ਦਲਦਲ ਵਿਚ ਸੁੱਟ ਦਿੱਤਾ। ਸੰਸਾਰ ਵਿਚ ਅਨੇਕਾਂ ਹੀ ਅਜਿਹੀਆਂ ਕੌਮਾਂ ਦੀ ਦਾਸਤਾਨ ਤਵਾਰੀਖ਼ ਦੇ ਵਰਕਿਆਂ ਵਿਚੋਂ ਮਿਟ ਗਈਆਂ ਪਰ ਕੇਵਲ ਆਰਕਾਇਵਜ਼ ਜਾਂ ਅਜਾਇਬ ਘਰਾਂ ਆਦਿ ਦੀਆਂ ਜ਼ੀਨਤ ਬਣ ਗਈਆਂ ਹਨ। 1947 ਨੂੰ ਅਜੇ 77 ਸਾਲ ਹੀ ਹੋਏ ਹਨ। ਇਸ ਘੱਲੂਘਾਰੇ ਦੇ ਚਸ਼ਮਦੀਦ ਗਵਾਹ ਸਾਡੇ ਕੋਲੋਂ ਬੜੀ ਤੇਜ਼ੀ ਨਾਲ ਰੁਖ਼ਸਤ ਹੋ ਰਹੇ ਹਨ। ਉਨ੍ਹਾਂ ਨਾਲ ਹੀ ਉਨ੍ਹਾਂ ਦੇ ਚੇਤਿਆਂ ਵਿੱਚ ਸਾਂਭੀਆਂ ਯਾਦਾਂ ਦੀ ਪਟਾਰੀ ਵੀ ਹੌਲੀ ਹੌਲੀ ਅਲੋਪ ਹੋ ਰਹੀ ਹੈ।

ਇਸ ਘੱਲੂਘਾਰੇ ਬਾਰੇ ਅਨੇਕਾਂ ਕਵੀਆਂ ਨੇ ਆਪਣੇ-ਆਪਣੇ ਰੰਗ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਹਨ। ਅੱਜ ਅਸੀਂ ਇਕ ਅਜਿਹੇ ਅਣਗੌਲ਼ਿਆ ਪੰਜਾਬੀ ਕਵੀ ਗਿਆਨੀ ਹਰਨਾਮ ਸਿੰਘ ਕੌਮੀਕੋਟ ਬਾਰੇ ਚਾਨਣਾ ਪਾਉਣ ਦਾ ਯਤਨ ਕਰਾਂਗੇ ਜਿਨ੍ਹਾਂ ਨੇ ਇਨ੍ਹਾਂ ਹਾਲਤਾਂ ਨੂੰ ਅੱਖੀਂ ਵੇਖਿਆ ਅਤੇ ਕਵਿਤਾ ਰਾਹੀਂ ਅੰਕਿਤ ਕੀਤਾ। ਗਿਆਨੀ ਜੀ ਦਾ ਜਨਮ 1922 ਈ. ਨੂੰ ਪਿਤਾ ਸ. ਰੂਪ ਸਿੰਘ ਅਤੇ ਮਾਤਾ ਰੁਕਮਣ ਕੌਰ ਦੇ ਘਰ ਪਿੰਡ ਕੌਮੀਕੋਟ (ਮੁਜ਼ਫ਼ਰਾਬਾਦ) ਵਿੱਚ ਹੋਇਆ। ਆਪ ਜੀ ਸ਼ੁਰੂ ਤੋਂ ਹੀ ਧਾਰਮਿਕ ਵਿਚਾਰਾਂ ਨਾਲ ਬੱਝੇ ਹੋਏ ਸਨ। ਆਪ ਜੀ ਦਾ ਹੱਥ-ਲਿਖਤ 'ਸ਼ਹੀਦੀ-ਜੰਗਨਾਮਾ' ਮੈਂ ਵੇਖਿਆ ਹੈ। ਬੜੀ ਮੁਸ਼ਕਲ ਨਾਲ ਅਨੇਕਾਂ ਮੁਲਾਕਾਤਾਂ ਤੋਂ ਬਾਅਦ ਉਨ੍ਹਾਂ ਆਪ ਇਸ ਹੱਥ-ਲਿਖਤ ਦੇ ਦਰਸ਼ਨ ਕਰਾਏ। ਧੀਆਂ-ਪੁੱਤਰਾਂ ਤੋਂ ਵੀ ਜ਼ਿਆਦਾ ਇਹ ਲਿਖਤ ਉਨ੍ਹਾਂ ਨੂੰ ਪਿਆਰੀ ਹੈ। ਇਸ ਲਿਖਤ ਦੇ ਬਾਰਸ਼ਾਂ ਨਾਲ ਵੀ ਕੁੱਝ ਪੰਨੇ ਖ਼ਰਾਬ ਹੋ ਗਏ ਹਨ। ਇਨ੍ਹਾਂ 1947 ਦੇ ਅੱਖੀਂ ਵੇਖੇ ਹਾਲਤਾਂ ਨੂੰ ਕਲਮਬੰਦ ਕੀਤਾ ਹੈ। ਆਪ ਰਫ਼ਿਊਜੀ ਕੈਂਪ ਨਗਰੋਟਾ (ਜੰਮੂ) ਵਿੱਚ ਕਈ ਵਰ੍ਹੇ ਮਾਸਟਰ ਦੀਆਂ ਸੇਵਾਵਾਂ ਨਿਭਾਉਂਦੇ ਰਹੇ ਅਤੇ ਬਾਅਦ ਵਿੱਚ ਜੰਮੂ ਵਿਗਿਆਨਕ ਅਥਾਰਿਟੀ ਵਿਚੋਂ 25 ਕੁ ਸਾਲ ਬਾਅਦ ਸੇਵਾ ਮੁਕਤ ਹੋਏ। ਅੱਜ ਇਨ੍ਹਾਂ ਦੀ ਉਮਰ 102 ਵਰ੍ਹੇ ਹੈ।

ਉਨ੍ਹਾਂ ਇਨ੍ਹਾਂ 1947 ਦੇ ਖ਼ੂਨੀ-ਦ੍ਰਿਸ਼ਾਂ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ, ਪਿੰਡੇ ਤੇ ਹੰਢਾਇਆ ਅਤੇ ਕਲਮਬੰਦ ਕੀਤਾ। ਸਾਹਿਤਕ ਵਿਦਵਾਨਾਂ ਨੂੰ ਇਨ੍ਹਾਂ ਰਚਨਾਵਾਂ ਵਿੱਚ ਭਾਵੇਂ ਅਨੇਕਾਂ ਘਾਟਾਂ ਲੱਭ ਪੈਣ ਪਰ ਇਹ ਕਾਵਿ-ਇਤਿਹਾਸ ਖਰਾ ਸੋਨਾ ਹੈ, ਜਿਸ ਨੂੰ ਸਾਂਭਣ ਲਈ ਵਕਤਨ-ਫੁਵਕਤਨ ਮੇਰੇ ਮਨ-ਮਸ਼ੱਕਤ ਵਿੱਚ ਬੀਜ ਬਣ ਪਨਪਦੀ ਰਹੀ ਤਾਂਘ, ਹੁਣ ਪੁੰਗਰ ਬਣ ਤੁਹਾਡੇ ਸਾਹਮਣੇ ਹੈ। ਦਿਨੋਂ ਦਿਨ ਵੱਧ ਰਹੀ ਸਾਡੀ ਅਵੇਸਲੀ ਮਾਨਸਿਕਤਾ ਕਾਰਨ ਇਸ ਉਮਰੇ ਦਾ ਢੇਰ ਸਾਰਾ ਕਾਵਿ ਅਲੋਪ ਹੋ ਚੁੱਕਾ ਹੈ।

ਵੈਰੀਆਂ ਸਿੰਘਾਂ ਵੱਲ ਆਪਣੇ ਕਾਸਦ ਭੇਜੇ ਕਿ ਇਸਲਾਮ ਦੀਨ ਕਬੂਲ ਕਰ ਲਓ ਪਰ ਸਿੰਘਾਂ ਨੇ ਜੋ ਜਵਾਬ ਦਿੱਤਾ ਉਸ ਨੂੰ ਕਵੀ ਬਾਖ਼ੂਬੀ ਕਲਮਬੰਦ ਕੀਤਾ ਹੈ :

ਦੀਨ ਮੰਨਣਾ ਨਹੀਂ ਹੈ ਵੈਰੀਓ ਵੇ,
ਕੋਈ ਜ਼ਿੰਦਗੀ ਦੀ ਨਹੀਂ ਲੋੜ ਸਾਨੂੰ।
ਸੀਸ ਦੇਵਣਾ ਗੁਰੂ ਦੀ ਆਨ ਪਿੱਛੇ,
ਝੂਠੇ ਦੀਨ ਨੇ ਜਾਵਣਾ ਛੋੜ ਸਾਨੂੰ।
ਹੰਸ ਚੁਰਾ ਦੇ ਹੀਰਿਆਂ ਮੋਤੀਆਂ ਨੂੰ,
ਕਾਵਾਂ ਵਾਲੜੇ ਵਿਸ਼ੇ ਨਾ ਰੌਲ ਸਾਨੂੰ।
ਮਿੱਠੇ ਹੋਵਦੇ ਸ਼ਰਬਤ ਨਾ ਵਿੱਚ ਅੰਬਾਂ,
ਅੱਕ ਵਿਚ ਨਾ ਨਿਬੂ ਨਚੋੜ ਸਾਨੂੰ।
ਚਾਰ ਦਿਨਾਂ ਦੀ ਜ਼ਿੰਦਗੀ ਜੱਗ ਫ਼ਾਨੀ,
ਅੰਤ ਪਾਉਣਾ ਮੜੀ ਮਟੌਰ ਸਾਨੂੰ।
ਹਰਨਾਮ ਸਿੰਘਾਂ ਸਿੰਘ ਹਾਂ ਗੁਰੂ ਜੀ ਦੇ,
ਝੂਠੇ ਦੀਨ ਨੇ ਭਾਵਦੇਂ ਛੋੜ ਸਾਨੂੰ।

॥ਤੱਥਾ॥

ਚਲ਼ੀਆਂ ਗੋਲੀ ਹਰ ਦੋ ਪਾਸਿਆਂ ਥੀਂ,
ਵੇਖੋ ਰੱਬ ਕੀ ਖੇਲ ਵਰਤਾਨ ਲਗਾ।
ਕਿੱਥੇ ਨਾਲ ਹਜ਼ਾਰਾਂ ਦੇ ਖਾਲਸੇ ਨੂੰ,
ਅੱਜ ਵੈਰੀਆਂ ਨਾਲ ਲੜਨ ਲਗਾ।
ਕਿੱਥੇ ਪਰਖ ਹੋਣੀ ਸਿਖੀ ਪੰਥ ਦੀ ਸੀ,
ਪੰਥ ਸਿਖੀਉ ਨਹੀਂ ਡੁਲਾਨ ਲਗਾ।
ਹੱਥ ਦਸ ਕੇ ਵੈਰੀਆਂ ਜ਼ਾਲਮਾਂ ਨੂੰ,
ਪਾਕਿਸਤਾਨ ਦੇ ਮੂੰਹ ਚੜ੍ਹਨ ਲਗਾ।

ਨਾਹਰੇ ਮਾਰ ਕੇ ਚੜ੍ਹ ਪਏ ਖਾਲਸੇ ਤੇ,
ਅਗੋਂ ਖਾਲਸਾ ਖੌਫ਼ ਨਾ ਖਾਣ ਲਗਾ।
ਇਕ-ਦੂਸਰੇ ਨੂੰ ਕਿਆ ਸਿੱਖ ਸਿੰਘਾਂ,
ਹੋਣਾ ਸੋਈ ਜੋ ਰੱਬ ਨੂੰ ਭਾਣ ਲਗਾ।
ਛਾਤੀ ਕੱਢ ਕੇ ਲੜ੍ਹੇ ਮੈਦਾਨ ਸਿੰਘ,
ਰੱਬ ਆਮ ਸੱਚਾ ਫ਼ਤਿਹੇ ਪਾਣ ਲਗਾ।
ਹਰਨਾਮ ਸਿੰਘ ਨਾ ਲਿਖਿਆ ਜਾਇ ਮੈਥੋਂ,
ਜਿਹੜਾ ਜੰਗ ਸੀ ਵਿਚ ਮੈਦਾਨ ਲਗਾ।

ਬਹਰਹਾਲ ਇਤਿਹਾਸ ਨੇ ਇਹ ਸਾਬਤ ਕਰ ਵਿਖਾਇਆ ਹੈ ਕਿ ਭਾਰਤ ਪਾਕ ਵੰਡ ਅਵਿਗਿਆਨਿਕ, ਅਧਾਰਮਿਕ ਅਤੇ ਬੇਕਾਬੂ ਜਜ਼ਬਾਤ ਦਾ ਸਿੱਟਾ ਹੈ। ਦੋਹਾਂ ਮੁਲਕਾਂ ਦੇ ਸੰਬੰਧ ਜੇਕਰ ਆਮ ਵਰਗੇ ਵੀ ਨਹੀਂ ਹੋ ਰਹੇ ਤਾਂ ਇਸ ਦਾ ਇਕ ਕਾਰਨ ਵੰਡ ਹੈ। ਭਾਰਤ ਪਾਕ ਵੰਡ ਦਾ ਮਸਲਾ ਇਨ੍ਹਾਂ ਸਿਆਸੀ ਨਹੀਂ ਜਿੰਨਾ ਮਨੋਵਿਗਿਆਨਕ ਹੈ। ਜਿਨ੍ਹਾਂ ਚਿਰ ਦੋਹਾਂ ਦੇਸ਼ਾਂ ਦੇ ਹੁਕਮਰਾਨਾਂ ਦੇ ਮਨਾਂ ਵਿਚੋਂ ਇਕ ਦੂਜੇ ਨਾਲ ਦੁਸ਼ਮਣੀ, ਬਦਲਾਖੋਰੀ ਅਤੇ ਕੀਨਾ-ਸਾੜਾ ਨਹੀਂ ਜਾਂਦਾ, ਉਨ੍ਹਾਂ ਚਿਰ ਸੰਬੰਧ ਨਾਰਮਲ ਨਹੀਂ ਹੋ ਸਕਦੇ।

ਵੈਰੀਆਂ ਕਬਾਇਲੀਆਂ ਨੇ ਬੁੱਕੇ ਪਿੰਡ ਦੇ ਸਿੰਘਾਂ ਵੱਲ ਤਿਆਰੀ ਸ਼ੁਰੂ ਕਰ ਦਿੱਤੀ । ਬੁੱਕੇ ਸਿੰਘਾਂ ਦੀ ਪਰੇਸ਼ਾਨੀ ਵਿੱਚ ਹੋਰ ਵਾਧਾ ਹੋ ਗਿਆ। ਇਸ ਦ੍ਰਿਸ਼ ਨੂੰ ਕਵੀ ਇੰਝ ਬਿਆਨ ਕਰਦਾ ਹੈ।

ਨਾਹਰੇ ਚਾਰ ਚੁਫੇਰੇ ਤੋਂ ਰੀਝ ਉੱਠੇ,
ਸਿੰਘ ਬੁੱਕੇ ਦੇ ਹੋਇ ਹੈਰਾਨ ਬੇਲੀ।
ਰਾਹ ਕੋਈ ਨਾ ਲੱਭਦਾ ਜਾਣ ਵਾਲਾ,
ਜਿੱਥੇ ਆਪਣੀ ਜ਼ਿਦ ਬਚਾਨ ਬੇਲੀ।
ਲਾਈ ਚਾਰ ਓਵੇਰਿਉਂ ਅਗ ਵੈਰੀ,
ਸੋਰੀ ਕੋਟਲੀ ਦਿਸ ਦੀ ਜਾਨ ਬੋਲੀ।
ਸਾੜ੍ਹ ਮੇਲ ਮੋਨਾਰੜੇ ਵਾਰ ਕੀਤੇ,
ਪਿੰਡ ਸਿੰਘਾਂ ਦੇ ਹੋਇ ਵੈਰਾਨ ਬੇਲੀ।
ਹਾਂ ਹਾ ਕਾਰ ਮੱਚੀ ਪਇਆ ਜੱਗ ਰੌਲਾ,
ਹਰਿ ਦੇ ਪਾਸਿਉ ਕਰ ਤੋਫ਼ਾਨ ਬੇਲੀ।
ਇੱਧਰ ਸਿੰਘਾਂ ਦੀ ਆਸ ਨਾ ਰਈ ਕੋਈ,
ਜਿੱਥੇ ਜਾਇ ਕੇ ਜਾਨ ਬਚਾਨ ਬੋਲੀ।
ਟੁੱਟਿਆਂ ਹੌਂਸਲਾਂ ਸਿੰਘਾਂ ਨੂੰ ਦਿਲ ਭਾਰਾ,
ਔਖੀ ਬਣੀ ਨੂੰ ਕਿਵੇਂ ਨਬਾਨ ਬੋਲੀ।

### ਸਿੰਘਾਂ ਨੂੰ ਨੰਬਰਦਾਰ ਦਾ ਰਾਜਨੀਤੀ ਜਵਾਬ

ਬਿੱਛੂ ਸੱਪ ਹੀ ਡੰਗ ਤੇ ਰਹੇ ਰਾਜੀ,
ਭਾਵੇਂ ਕੀਲ ਦੇ ਮੰਤਰ ਪਾ ਦੇਈਏਂ।
ਝੰਡਾ ਬੇਰ ਦਾ ਦੇਵਦਾਂ ਦੁੱਖ ਭਾਰਾ,
ਭਾਵੇਂ ਨਾਲ ਚੰਬੇਲੀ ਦੇ ਲਾਹ ਦੇਈਏਂ।
ਅੱਕ ਕਦੇ ਨਾ ਹੋਣਦੇ ਸਾਰ ਮਿਠੇ,
ਅੰਬਾਂ ਵਾਲੜੇ ਰਸ ਮਲਾਹ ਦੇਈਏਂ।
ਵਿਖ ਕਦੇ ਨਾਂ ਹੋਵੰਦੀ ਵਾਂਗ ਅੰਮ੍ਰਿਤ,
ਅੰਮ੍ਰਿਤ ਵਿਚ ਉੱਦੇ ਭਾਵੇਂ ਪਾ ਦੇਈਏ।
ਧੰਨ ਦਸ ਕੇ ਚੋਰ ਨੂੰ ਕਿਵੇਂ ਲਭੇ,
ਖਾਤੇ ਵਿਚ ਜ਼ਮੀਨ ਦੁਬਾਹ ਦੇਈਏ।
ਚੰਦਨ ਨਾਲ ਨਾ ਬਾਂਸ ਸੁਗੰਧ ਹੋਦੈ,
ਭਾਵੇਂ ਲੱਖਾਂ ਦੇ ਬਾਗ ਲਗਾਹ ਦੇਈਏਂ।
ਧੋਖਾ ਤੁਰਕ ਦਾ ਮਿੱਤਰ ਦੀ ਸਟ ਗੁੱਝੀ,
ਯਾਰ ਚੰਦਰੇ ਨਾਹੀ ਬਣਾਹ ਦੇਈਏ।
ਸੋਨਾ ਪਰਖਦੀ ਜਿਵੇਂ ਹੈ ਕਸ ਵੱਟੀ,
ਮੂੰਹ ਸ਼ਿਸ਼ਿਉਂ ਕਿਵੇਂ ਛਪਾਹ ਦੇਈਏ।
ਵੈਰ ਧਰਮ ਇਸਲਾਮ ਦਾ ਹੈ ਡਾਢਾ,
ਵਾਧੀ-ਧੰਮੜਾ ਏਹ ਸੇਨਾਹ ਦੇਈਏਂ।
ਹਰਿਨਾਮ ਸਿੰਘਾਂ, ਸਿੰਘਾਂ ਦੇ ਸਦਾ ਵੈਰੀ,
ਫੈਦਾ ਇਨਾਂ ਦੇ ਵਿਚ ਨਾ ਆਹ ਜਾਈਏਂ।

ਪੰਜਾਬੀ ਸਾਹਿਤ ਉਪਰ ਦੇਸ਼ ਵੰਡ ਦਾ ਵਿਆਪਕ ਅਸਰ ਹੋਇਆ ਅਤੇ ਇਹ ਅਸਰ ਸਾਹਿਤ ਦੀ ਹਰ ਵੰਨਗੀ ਉਪਰ ਹੋਇਆ ਹੈ। ਜਿਹੜੇ ਲੇਖਕਾਂ ਨੇ ਵੰਡ ਦੇ ਦਰਦ ਆਪਣੇ ਪਿੰਡੇ ਉਪਰ ਹੰਢਾਇਆ ਹੈ, ਉਨ੍ਹਾਂ ਦੀਆਂ ਰਚਨਾਵਾਂ ਵਿੱਚ ਇਕ ਤਰਲਾ ਹੈ, ਮਿਹਣਾ ਹੈ, ਘ੍ਰਿਣਾ ਹੈ ਅਤੇ ਸ਼ਿਕਵਾ ਵੀ। ਪੰਜਾਬੀ ਸਾਹਿਤ ਦੀ ਮੁੱਖ ਧਾਰਾ ਦੇ ਅਨੇਕ ਲੇਖਕਾਂ ਦੀਆਂ ਰਚਨਾਵਾਂ ਵਿੱਚ ਦੇਸ਼ ਵੰਡ ਦੀ ਪੀੜ੍ਹਾ ਝਲਕਦੀ ਹੈ। ਦੇਸ਼ ਵੰਡ ਦਾ ਸੇਕ ਪੰਜਾਬ ਦੇ ਲੋਕਾਂ ਦੀ ਤਰ੍ਹਾਂ ਜੰਮੂ ਕਸ਼ਮੀਰ ਦੇ ਵਸਨੀਕਾਂ ਨੂੰ ਵੀ ਉਨ੍ਹਾਂ ਹੀ ਲੱਗਾ। ਇਸੇ ਕਾਰਨ ਇਸ ਖ਼ਿੱਤੇ ਦੇ ਕਵੀਆਂ ਨੇ ਵੀ ਇਸ ਦਰਦ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਜ਼ਬਾਨ ਦੇਣ ਦੀ ਕੋਸ਼ਸ਼ ਕੀਤੀ ਹੈ। ਅਬਾਦੀ ਦਾ ਤਬਾਦਲਾ ਉੱਥੇ ਵੀ ਹੋਇਆ ਅਤੇ ਫ਼ਿਰਕੂ ਜਨੂੰਨੀਆਂ ਨੇ ਉੱਥੇ ਵੀ ਖ਼ੂਨ ਦੀ ਹੋਲੀ ਖੇਡੀ, ਇਸੇ ਲਈ ਜੰਮੂ ਕਸ਼ਮੀਰ ਦੀ ਪੰਜਾਬੀ



ਕਵਿਤਾ ਵਿਚ ਸੰਤਾਲੀ ਦੇ ਸੰਤਾਪ ਨੂੰ ਹਿੰਦੂ, ਸਿੱਖ ਅਤੇ ਮੁਸਲਮਾਨ ਕਵੀਆਂ ਨੇ ਇੱਕੋ ਜਿਹਾ ਮਹਿਸੂਸ ਕੀਤਾ।

ਕੁੱਝ ਵਿੱਛੜੇ ਸਿੰਘਾਂ ਦਾ ਮੁੜ ਪਿੰਡ ਬੁੱਕੇ ਵਲ ਭੱਜ ਜਾਣਾ। ਇਹ ਸਾਰੇ ਸਿੰਘ ਆਪਣੇ ਕਾਫ਼ਲੇ ਨਾਲੋਂ ਵਿੱਛੜ ਗਏ। ਕਵੀ ਨੇ ਉਨ੍ਹਾਂ ਦਾ ਹਾਲ ਇੰਝ

ਬਿਆਨ ਕੀਤਾ ਹੈ:

ਸਿੰਘਾਂ ਜਾਇਕੇ ਵਿਚ ਮਕਾਨ ਡਕੇ,
ਬਾਹਿਰੋਂ ਜੰਦਰੇ ਖੁਦ ਲਗਾਇ ਭਾਈ।
ਵੈਰੀ ਚਾਰ ਚੁਫੇਰਿਉਂ ਲਾਏ ਘੇਰੇ,
ਸਿੰਘ ਨਿਕਲ ਕੇ ਬਾਹਰ ਨਾ ਜਾਇ ਭਾਈ।
ਖਬਰਦਾਰ ਰਹਿਣਾ ਹੁਮਾਂ ਦੀਨ ਵੀਰੋ
ਦਫ਼ਤਰਖਾਨ ਨੇ ਹੁਕਮ ਸੋਨਾਹਿ ਭਾਈ।
ਹਦੋਂ ਵੱਧ ਹੀ ਜ਼ਾਲਮਾਂ ਜ਼ੁਲਮ ਕੀਤਾ,
ਅੱਗ ਸਾਰੇ ਮੁਕਾਨ ਨੂੰ ਲਾਇ ਭਾਈ।
ਭਾਂਬੜ ਉਡਦੇ ਅੰਗ ਗੁਬਾਰ ਧੂਆਂ,
ਅੰਦਰ ਖਾਲਸਾ ਤੜਪ ਤੜਪਾਇ ਭਾਈ।
ਕਈਆਂ ਫੁਟਿਆਂ ਕਾਲਜਾਂ ਨਾਲ ਧੂਹੇਂ,
ਕੋਈ ਮਿਟੀ ਨੇ ਸਿੰਘ ਦਬਾਇ ਭਾਈ।
ਕਈ ਸੜ੍ਹਗੇ ਅੱਗ ਦੇ ਨਾਲ ਜ਼ਿੰਦੇ,
ਮੁਖੋਂ ਵਾਹਿਗੁਰੂ ਫਤਿਹ ਗਜਾਇ ਭਾਈ।
ਮਿੱਟੀ ਸੜ੍ਹ ਕੇ ਖਾਕ ਦੀ ਖ਼ਾਕ ਹੋਈ,
ਰੂਹ ਉਡਰੀ ਵਾਂਗ ਹਵਾਇ ਭਾਈ।
ਜ਼ੁਲਮ ਵੈਰੀਆਂ ਜਗ ਕਮਾਲ ਕੀਤਾ,
ਮੇਰੀ ਕਲਮ ਵੀ ਥੁੜ ਥੋੜਾਇ ਭਾਈ।
ਸਿੰਘ ਸੈਕੜੇ ਮੋਇ ਹਰਨਾਮ ਸਿੰਘਾਂ ,
ਗੁਰਪੁਰੀ ਨੂੰ ਅੰਤ ਸਧਾਇ ਭਾਈ।

ਪੰਦਰਾਂ ਕਤਕ ਕਲਿਆਣ ਸਿੰਘ ਦੇ ਮਕਾਨ ਵਿੱਚ ਸਿੰਘਾਂ ਨੂੰ ਡੱਕ ਕੇ ਵੈਰੀਆਂ ਨੇ ਅੱਗ ਲਗਾ ਦੇਣੀ।

ਦਿਤੇ ਸਿੰਘਾਂ ਨੇ ਜਦੋਂ ਜਵਾਬ ਚੰਗੇ,
ਉਲਟੀ ਵੈਰੀ ਨੇ ਕਾਰ ਕਮਾਈ ਵੇਖੋ ।
ਕਿਹਾ ਵੈਰੀਆਂ ਆਇਕੇ ਸਿੰਘਾਂ,
ਭਾਈ ਪਾਕਿਸਤਾਨ ਦੀ ਫੌਜ਼ ਹੈ ਆਈ ਵੇਖੋ ।
ਜਿਵੇਂ ਬੱਚਦੀ ਜਾਨ ਬਚਾਉ ਸਿੰਘੋ,
ਦਫ਼ਤਰ ਖਾਨ ਨੇ ਗਲ ਸੁਣਾਈ ਵੇਖੋ।

॥ਤੱਥਾ॥

ਹੁਣ ਜਾਇ ਕੇ ਵਿਚ ਮਕਾਨ ਪੱਕੇ,
ਬਾਹਰੋਂ ਜੰਦਰੇ ਝੱਟ ਲਗਾਇ ਭਾਈ।
ਚੜਿਉਂ ਜਾਇ ਪੇਹਰੇ,
ਬਾਹਰ ਸਿੰਘ ਨਾ ਕੋਈ ਜਾਇ ਭਾਈ।
ਗਵਾਰ ਰਹਿਣਾ ਪੈਹਿਰੇਦਾਰ ਜੇ ਕੇ,
ਦਫ਼ਤਰਖਾਨ ਨੇ ਹੁਕਮ ਸੋਨਾਇ ਭਾਈ।
ਲੇਖ ਜਾਇ ਸਕੇ ਪਿੰਜਰੇ ਦੇ
ਕੋਲ ਕਸਮਾਂ ਸੱਭ ਕੋਲਾਇ ਭਾਈ ।

ਦੋਂ ਵੱਧ ਫਿਰ ਜ਼ਾਲਮਾਂ ਜ਼ੁਲਮ ਕੀਤਾ,
ਅੱਗ ਝੱਟ ਮਕਾਨ ਨੂੰ ਲਗਾਇ ਭਾਈ।
ਤਾਬਕ ਉਡਦੇ ਅੰਧ ਗੁਬਾਰ ਧੂੰਆਂ,
ਅੰਦਰ ਫਰਸ਼ਾਂ ਤੜਪ ਤੜਫ਼ਾਇ ਭਾਈ।
ਕਈਆਂ ਟੁੱਟਿਆਂ ਕਾਲਜਾਂ ਨਾਲ ਧੂਏਂ
ਝੜਾ ਮਿਟੀ ਨੇ ਸਿੰਘ ਦੋਬਾਇ ਭਾਈ।
ਕਈ ਸੜ ਗਏ ਅੰਗ ਦੇ ਨਾਲ ਜਿਵੇਂ,
ਲੱਖਾਂ ਨਸ਼ਟ ਸਰੀਰ ਤੇ ਉਠਾਇ ਭਾਈ।

ਕਬਾਇਲੀਆਂ ਲੁਟੇਰਿਆਂ ਨੇ ਚਕੋਠੀ, ਬਾਰਾਮੂਲਾ ਆਦਿ ਵਿੱਚ ਸਿੰਘਾਂ ਨੂੰ ਘੇਰਨਾ ਸ਼ੁਰੂ ਕੀਤਾ। ਇਸ ਦ੍ਰਿਸ਼ ਨੂੰ ਵੇਖ ਕੇ ਕਵੀ ਲਿਖਦਾ ਹੈ :

ਬਾਰਾਮੂਲਾ ਤੇ ਸੱਪਰੋਂ ਲੈ ਉੜੀ
ਗਏ ਸੱਤ ਕਬਾਇਲੀ ਛਾਹ ਭਾਈ।
ਮਾਰੋਂ ਮਾਰ ਕੀਤੀ ਵਿਚ ਗੱਡੀਆ ਦੇ,
ਗਏ ਮੰਦਰ ਗੁਰਦੁਵਾਰਿਆਂ ਢਾਹ ਭਾਈ।
ਕਈ ਸਿੰਘ ਚਕੋਠੀ ਦੇ ਗਏ ਮਾਰੇ
ਬੇਫ਼ਿਕਰੇ ਗੋਲੀਆਂ ਖਾਹ ਭਾਈ।
ਅੱਗ ਲਾਈ ਸੀ ਬਿਜਲੀ ਕਾਰਖਾਨੇ,
ਸਾਨੂੰ ਚੱਕੀਆਂ ਗਏ ਚਲਾਹ ਭਾਈ।
ਉੜੀ ਖਾਸ ਤਸੀਲ ਨੂੰ ਸਾੜਿਆ ਸੀ,
ਬੇਫ਼ਿਕਰੇ ਕਦਮ ਵੱਧਾ ਭਾਈ ।




ਮਾਰੀ ਡੋਗਰਾ ਫੌਜ ਜੋ ਜਿੱਥੇ ਲਭੀ,
ਟੱਕ ਟੀਮ ਬੰਦੂਕ ਚਲਾਹ ਭਾਈ।
ਬਾਰਾਮੂਲੋਂ ਕਬਾਈਲੀਆ ਜਾਇ ਪਹੁੰਚੇ,
ਵਿਚ ਗਿਣਤੀ ਬੇ-ਬਹਾਹ ਭਾਈ।
ਤੀਹ ਪੈਂਤੀ ਹਜ਼ਾਰ ਤੋਂ ਵੱਧ ਸੀਗੇ,
ਫੌਜ ਧਾੜਵੀਂ ਸੱਭ ਤਲਾਹ ਭਾਈ।

ਕਵੀ ਸਿੰਘਾਂ ਦੀ ਸਿਫ਼ਤ ਅਤੇ ਬਹਾਦਰੀ ਦੇ ਕਾਰਨਾਮਿਆਂ ਨੂੰ ਅੱਖੀਂ ਵੇਖ ਕੇ ਕਲਮਬੰਦ ਕਰਦਾ ਹੈ:

ਜਾਨਾ ਤੋੜ ਕੇ ਲੜਿਆ ਖਾਲਸਾ ਤੂੰ,
ਕੀ ਖਾਲਸਾ ਸਿਫ਼ਤ ਕੋਰਾਹ ਦੇਵਾਂ।
ਕਿਥੋਂ ਸੈਕੜਾਂ ਨਾਲ ਹਜ਼ਾਰ ਤੈਨੂੰ,
ਲੱਖਾਂ ਜ਼ਾਲਮਾਂ ਨਾਲ ਲੋੜਾਹ ਦੇਵਾਂ।
ਕਿਥੇ ਵੈਰੀਆਂ ਨਾਲ ਤੂੰ ਲੜਿਆ,
ਤੇਰੇ ਜ਼ੋਰ ਨੂੰ ਕਿਵੇਂ ਛੁਪਾਹ ਦੇਵਾਂ।



ਕਿਥੇ ਖਾਲਸਾ ਤੂੰ ਸੈਂ ਵਿੱਚ ਘੇਰੇ,
ਤੇਰੇ ਦੁੱਖੜੇ ਕਿਨੂੰ ਸੋਨਾਹ ਦੇਵਾਂ।
ਕਿਲਾ ਕੋਟ ਨਾ ਮੋਰਚਾ ਕੋਈ ਪਕਾ,
ਰੜੇ ਵਿੱਚ ਮੈਦਾਨ ਲੋੜਾਹ ਦੇਵਾਂ।
ਪੱਕੀ ਨਹੀਂ ਬੰਦੂਕ ਤੇ ਤੋਪ ਮਾਟਰ,
ਸਿਰਫ ਤੇਗ ਦਾ ਜੰਗ ਲੇਖਾਹ ਦੇਵਾਂ।
ਸਿਰ ਤੇ ਦੁਖ ਤੇ ਭੱਖਦਾ ਜ਼ੋਰ ਵੱਡਾ,
ਐਪਰ ਹੌਂਸਲਾ ਨਾਹੀ ਹਰਾਹ ਦੇਵਾਂ।
ਕੀੜੀ ਦਲ ਚੜ੍ਹਿਆ ਉੱਧਰ ਵੈਰੀਆਂ ਦਾ,
ਮਾਰ ਨਾਹਰੇ ਧਰਤ ਹੁਲਾਰ ਦੇਵਾਂ।
ਪਾਕਿਸਤਾਨ ਕਬਾਲੀਏ ਫੌਜ ਨਾਲੇ,
ਆਈ ਨੜਾਂ ਦਾ ਨਾਲ ਮਲਾਹ ਦੇਵਾਂ।
ਚੜ੍ਹਕ ਘੂਰਦਾ ਚੜ੍ਹਿਆ ਖਾਨ ਗੁੰਡਾ,
ਚੌਰ ਧਾੜਵੀ ਸਭ ਰਲਾਹ ਦੇਵਾਂ।
ਕਲਮ ਲਿਖਣੋ ਅੱਗੇ ਨਾ ਲਿਖਦੀ ਏ,
ਕਿਹੜੀ ਕਲਮ ਦੇ ਨਾਲ ਲੇਖਾਹ ਦੇਵਾਂ।
ਹਰਨਾਮ ਸਿੰਘ ਛੋੜ ਖਿਆਲ ਇੱਥੇ,
ਪਹਿਲਾਂ ਜੰਗ ਦਾ ਹਾਲ ਸੁਣਾਂ ਦੇਵਾਂ।

ਇਨ੍ਹਾਂ ਸਮਿਆਂ ਵਿੱਚ ਹੀ ਪਾਕਿਸਤਾਨੀਆਂ ਨਾਲ ਮਿਲ ਕੇ ਬਹਾਦਰ ਖ਼ਾਨ ਸਿੰਘਾਂ ਨੂੰ ਦੀਨ ਮਨਾਉਣ ਦੀਆਂ ਤਦਬੀਰਾਂ ਅਤੇ ਲਾਲਚਾਂ ਨਾਲ ਸਿੰਘਾਂ ਨੂੰ ਵਰਗਲਾਉਣ ਦੀਆਂ ਕੋਸ਼ਿਸ਼ਾਂ ਕਰਦਾ ਹੈ।

ਬਹਾਦਰ ਖਾਨ ਨੇ ਆਖਿਆ ਸੁਣੋ ਸਿੰਘੋ,
ਕਿਉਂ ਜਾਣ ਕੇ ਜਾਨ ਮਰਾਉਣ ਲਗੇ।
ਕਰੋ ਬੰਦ ਲੜਾਈ ਨੂੰ ਬਹੁਤ ਛੇਤੀ,
ਹਿੰਦੁਸਤਾਨ ਹਾਂ ਸਿੰਘੋ ਲੈ ਜਾਣ ਲਗੇ।
ਕਿਹਾ ਵਿਚ ਦੋਮੇਲ ਦੇ ਕੈਂਪ ਲਾਇਆ,
ਇਸੀ ਕਾਰਨੇ ਇਥੋਂ ਲੈ ਜਾਣ ਲਗੇ।
ਸੁਣੋ ਜੰਗੀ ਹਥਿਆਰ ਤੇ ਨਾਲ ਚਲੋ,
ਤੁਸਾਂ ਨਾਲ ਨਾ ਛੇੜ੍ਹ ਕਰੋਉਣ ਲਗੇ।
ਲੈਵੇ ਵਾਹਿਦਾ ਕਸਮ ਕੁਰਾਨ ਸਾਥੋਂ,
ਦੇ ਕੇ ਕਸਮਾਂ ਸਿੰਘ ਫਸਾਉਣ ਲਗੇ ।
ਸਿੰਘ ਫ਼ਸ ਗਏ ਵੈਰੀਆਂ ਵਿਚ ਫੰਧੇ,
ਵੈਰੀ ਆਪਣਾ ਢੰਗ ਲਗਾਉਣ ਲਗੇ।
ਕੀ ਇਤਬਾਰ ਸੀ ਸਿੰਘਾਂ ਨੂੰ ਵੈਰੀਆਂ ਦਾ
ਮਿੱਤਰ ਬਣ ਕੇ ਦਗਾ ਕਮਾਉਣ ਲਗੇ।
ਉਠ ਟੁਰੇ ਨੇ ਸਿੰਘ ਹਰਨਾਮ ਸਿੰਘਾਂ ,
ਬੁਰੇ ਦਿਨ ਸੀ ਜਿਨ੍ਹਾਂ ਦੇ ਆਉਣ ਲਗੇ।

### ਵੈਰੀਆਂ ਦੇ ਕਾਸਦ ਦਾ ਸ਼ਹਿਰ ਪਹੁੰਚਣਾ

ਵਾਲ ਪਹੁੰਚਿਆ ਜਾਇ ਕੇ ਸ਼ਹਿਰ ਜਲਦੀ,
ਪਾਕਿਸਤਾਨ ਨੂੰ ਹਾਲ ਸੁਣਾਇ ਸਾਰੇ
ਵਿੱਤ ਦਿਓ ਖਾਂ ਦੀਨ ਇਸਲਾਮ ਵੀਰੇ,
ਤੁਸਾਂ ਵੱਲ ਹਾਂ, ਚਲ ਕੇ ਆਏ ਸਾਰੇ
ਪੇਡੂ ਪਿੰਡ ਸਿੰਘਾ ਇਕ ਹੈ ਛੋਟਾ,
ਉਥੇ ਖਾਲਸੇ ਮੋਰਚੇ ਲਾਇ ਸਾਰੇ
ਲੋਕ ਬਹੁਤ ਢਾਡੇ ਸਾਥੋਂ ਹਾਰਦੇ ਨਹੀਂ,
ਪਿੰਡ-ਪਿੰਡ ਤੋਂ ਰਲ ਕੇ ਧਾਇ ਸਾਰੇ
ਫੌਜਾਂ ਵਾਂਗ ਲੜਦੇ ਸਾਥੋਂ ਹਾਰਦੇ ਨਾਂ,
ਇਸੀ ਵਾਸਤੇ ਹਾਂ ਖਬਰਾਇ ਸਾਰੇ
ਗਲ ਸੁਣ ਦੇ ਸਾਰ ਹਰਨਾਮ ਸਿੰਘਾਂ,
ਵਿਚ ਜੋਸ਼ ਦੇ ਹੋਸ਼ ਹੋਅਇ ਸਾਰੇ

ਇਸ ਕਤਲ-ਓ-ਗ਼ਾਰਤ ਵਿਚ ਅੱਗਾਂ, ਲੁੱਟ-ਮਾਰ, ਇਸਤਰੀਆਂ ਦੀ ਬੇਪਤੀ ਅਤੇ ਉਨ੍ਹਾਂ ਦਾ ਅਗਵਾ ਕਰਨਾ ਸ਼ਾਮਲ ਸੀ। ਮੁਜ਼ੱਫਰਾਬਾਦ, ਮੀਰਪੁਰ, ਬਾਰਾਮੂਲਾ, ਬੀਰੂ, ਹੱਲ-ਡਭਿਆਲ, ਅਲੀਬੈਗ ਸਰਹਾਲ, ਭਿੰਬਰ, ਦੇਵਬੋਤਾਲਾ ਅਤੇ ਪੁਣਛ ਵਿਚ ਸਿੱਖਾਂ ਦਾ ਕਾਫ਼ੀ ਨੁਕਸਾਨ ਹੋਇਆ। ਇਸ ਘੱਲੂਘਾਰੇ ਵਿਚ 20 ਹਜ਼ਾਰ ਤੋਂ ਲੈ ਕੇ 33 ਹਜ਼ਾਰ, ਸਿੰਘਾਂ, ਬੀਬੀਆਂ ਅਤੇ ਬੱਚਿਆਂ ਨੇ ਸ਼ਹੀਦੀਆਂ ਪਾਈਆਂ।

ਸਿੰਘਾਂ ਦਾ ਛੱਟੀ ਪਾਤਿਸ਼ਾਹੀ ਦੇ ਜਥੇ ਬਣ ਜਾਣੇ। ਇਕ ਜਥਾ ਸਿਰਤੋੜ ਵਰੀ ਨੂੰ ਗੋਲੀ ਦਾ ਜਵਾਬ ਦੇਂਦਾ ਰਿਹਾ ਅਤੇ ਦੂਜਾ ਜਥੇ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕਾਂ ਬੀੜਾਂ ਕਿਸ਼ਨ ਗੰਗਾ ਨਦੀ 'ਚ ਜਲ-ਪ੍ਰਵਾਹ ਕਰ ਅਤੇ ਸਮਾਨ ਨੂੰ ਖ਼ੁਰਦ-ਬੁਰਦ ਕਰਕੇ ਸਿੰਘਾਂ ਸ਼ਹੀਦੀ ਪਾਈ।

ਗਿਆਨੀ ਜੀ ਦੀ ਮੁਕ ਗਈ ਆਸ ਜਦੋਂ,
ਫੇਰ ਖਾਲਸੇ ਕਰੀ ਵੀਚਾਰ ਜਲਦੀ

ਜੱਥੇ ਬਣ ਕੇ ਸਿੰਘਾਂ ਦੇ ਦੋ ਛੇਤੀ,
ਹੱਥ ਲੈ ਕੇ ਢਾਲ ਤਲਵਾਰ ਜਲਦੀ
ਕਮਰ ਕੱਸਾ ਕਰ ਲਿਆ ਵਾਂਗ ਫੌਜਾਂ,
ਜੰਗ ਵਾਸਤੇ ਹੋਇ ਤਿਆਰ ਜਲਦੀ
ਕਦੇ ਵੈਰੀਆਂ ਦਲਾਂ ਵਿਚ ਸਿੰਘ ਸੂਰੇ,
ਮਾਰ ਮਾਰ ਕੇ ਕਰੀ ਥੱਬਾੜ ਜਲਦੀ
ਦੂਜੇ ਜੱਥੇ ਨੇ ਭੰਨ ਕੇ ਹਾਲ ਛੇਤੀ,
ਕਿਸ਼ਨ ਗੰਗਾ ਨੂੰ ਕੀਤਾ ਫ਼ਰਾਰ ਜਲਦੀ
ਸਿਰ ਚੱਕੀਏ ਗੁਰੂ ਗ੍ਰੰਥ ਬੀੜਾਂ,
ਜਾਇ ਸੁਟੀਏ ਨਦੀ ਵਿਚ ਕਾਰ ਜਲਦੀ
ਆਪ ਮਾਰੀਏ ਨਦੀ ਦੇ ਵਿੱਚ ਛਾਲਾਂ,
ਸਿਰ ਮਨ ਕੇ ਹੁਕਮ ਕਰਤਾਰ ਜਲਦੀ
ਲਖੀ ਮਾਲ ਬੇ-ਕੀਮਤੀ ਰੋੜ੍ਹਿਆ ਸੀ,
ਜੰਗੀ ਰੋੜੇ ਕਈ ਹੱਥ ਯਾਰ ਜਲਦੀ
ਕਈ ਧੂਣੀਆਂ ਲਾ ਕੇ ਵਾਂਗ ਜੋਗੀ,
ਮਕਸਦ ਯਾਰ ਦਾ ਕਰਨ ਦੀਦਾਰ ਜਲਦੀ
ਕਈ ਕਰਨ ਮੁਕਾਬਲਾ ਨਾਲ ਵੈਰੀ,
ਗੁਰੂ ਹਰਿਗੋਬਿੰਦ ਦਰਬਾਰ ਜਲਦੀ
ਹੱਥ ਖੂਬ ਦਸੇ ਸਿੰਘਾਂ ਵੈਰੀਆਂ ਨੂੰ,
ਜਿਹੜੇ ਆਇ ਸਨ ਬਾਹ ਲਲਕਾਰ ਜਲਦੀ
ਲੱਗ ਗਿਆ ਮੁਕਾਬਲਾ ਰਾਤ ਸਾਰੀ,
ਅੰਤ ਹੋ ਗਏ ਸਿੰਘ ਸਚਾਰ ਜਲਦੀ
ਅੰਤ ਮੁਕਿਆ ਅਸਲਾ ਖਾਲਸੇ ਤੋਂ,
ਧੋਖਾ ਲਾ ਗਏ ਸਿੰਘ ਸਰਦਾਰ ਜਲਦੀ
ਫਿਰ ਭੀ ਖਾਲਸਾ ਤੂੰ ਕਮਾਲ ਕੀਤੀ,
ਸੀਸ ਦੇ ਗਿਓ ਵਿਚ ਦਰਬਾਰ ਜਲਦੀ
ਹਰਨਾਮ ਸਿੰਘ ਕੁਰਬਾਨੀਆਂ ਪਾ ਚਲੇ,
ਛੋੜ ਦੁਨੀਆ ਗਏ ਵਿਹਾਰ ਜਲਦੀ

ਗੁਰਦੁਆਰਾ ਛੇਵੀਂ ਪਾਤਸ਼ਾਹੀ 'ਚ ਕੁੱਝ ਬੀਬੀਆਂ ਨੇ ਘਮਸਾਣ ਦੀ ਜੰਗ ਕਰਨੀ। ਗੁਰਦੁਆਰਾ ਛੇਵੀਂ ਪਾਤਸ਼ਾਹੀ ਨਲੂਛੀ ਮੁਜ਼ੱਫਰਾਬਾਦ ਵਿੱਚ ਵੀ ਬਹੁਤੇ ਸਿੰਘਾਂ ਨੇ ਸ਼ਹੀਦੀਆਂ ਦੇ ਜਾਮ ਪੀਤੇ। ਇੱਥੇ ਹੀ ਖ਼ਾਲਸੇ ਦੀਆਂ ਬੇਟੀਆਂ ਨੇ ਸਿੰਘਾਂ ਕੋਲੋਂ ਜੰਗ ਵਿੱਚ ਜੂਝਣ ਦੀ ਅਰਜ਼ ਕੀਤੀ ਅਤੇ ਕਈ ਵੈਰੀਆਂ ਦੇ ਆਹੂ ਲਾਏ। ਇਸ ਦ੍ਰਿਸ਼ ਨੂੰ ਕਵੀ ਇੰਝ ਪੇਸ਼ ਕਰਦਾ ਹੈ :

ਸਮਾਂ ਬਣਿਆ ਆਣ ਕਢੌਰ ਦਾ ਏ,
ਆਈ ਜਗ ਤੇ ਅਜ ਅਖ਼ੀਰ ਸਾਡੀ
ਕੋਈ ਪਤੀ ਤੇ ਪਿਤਾ ਹੋ ਵੀਰ ਸਾਡੇ,
ਸਾਥੋਂ ਸੁਣਿਓ ਇਕ ਇਕ ਤਕਰੀਰ ਸਾਡੀ
ਅਸੀਂ ਚਾਹੁੰਦੀਆਂ ਜੰਗ ਸ਼ਹੀਦ ਹੋਣਾ,
ਕੋਈ ਆਸ ਨਾ ਰਖਣੀ ਵੀਰ ਸਾਡੀ
ਲੜ੍ਹ ਮਰੀਏ ਵੈਰੀਆਂ ਮਾਰ ਕੇ ਤੇ,
ਬੱਚ ਜਾਇ ਗਈ ਮਤ ਪੁਨੀਤ ਸਾਡੀ
ਸਾਨੂੰ ਬਖਸ਼ਣਾ ਜਾਂਦੀ ਵਾਰ ਸਿੰਘੋ,
ਅਰਜ਼ ਆਜ਼ਯਾਂ ਵਾਂਗ ਅਖ਼ੀਰ ਸਾਡੀ
ਵਿਚ ਮਰੀਏ ਜੰਗ ਹਰਨਾਮ ਸਿੰਘਾਂ,
ਯਾਦ ਰਹੇ ਗੀ ਜੱਗ ਤਸਵੀਰ ਸਾਡੀ
ਜ਼ਲਮ ਨਾਲ ਮੁਕਾਬਲਾ ਜੁਟ ਪਿਆ,
ਹੱਥ ਬੀਬੀਆਂ ਲਈ ਤਲਵਾਰ ਭਾਈ
ਵੱਲ ਗੁਰਾਂ ਦੀ ਰੱਖ ਲਈ ਆਸ ਇਕੋ,
ਲੜ੍ਹ ਮਰਨ ਤੇ ਹੋਈਆਂ ਤਿਆਰ ਭਾਈ
ਸ਼ੇਰ ਭੁਖਾਂ ਜਿਉਂ ਜੰਗਲਾਂ ਵਿੱਚ ਗਰਜੇ,
ਮੁਖੋਂ ਕਹਿੰਦੀਆਂ ਫ਼ਤਹਿ ਅਕਾਲ ਭਾਈ
ਜਿਵੇਂ ਬਿਜਲੀ ਲਿਸ਼ਕਦੀ ਤੇਗ ਡਾਡੀ,
ਮਾਰ ਮਾਰ ਕੇ ਕਰੇ ਬਥਾੜ ਭਾਈ
ਰਹੀ ਸੁੱਧ ਨਾ ਕੋਈ ਕਬਾਲੀਆਂ ਨੂੰ,
ਨੱਠੇ ਜਾਂਵਦੇ ਅਲ੍ਹਾ ਪੁਕਾਰ ਭਾਈ
ਤੁਰ ਚਲਿਆ ਵਹਿਣ ਦਰਿਆ ਵਾਗਾਂ,
ਲਾਸ਼ਾਂ ਹੋ ਗਈਆਂ ਕਈ ਹਜ਼ਾਰ ਭਾਈ
ਮੇਰੇ ਕਈ ਕਬਾਇਲੀਏ ਖਾਨ ਬੰਬੇ,
ਕਈ ਫੌਜ਼ ਦੇ ਸਿਪਾ-ਸਲਾਰ ਭਾਈ
ਚੰਡੀ ਚਮਕੀ ਵਿਚ ਮੈਦਾਨ ਡਾਡੀ,
ਮੀਂਹ ਵਰਸਦਾ ਜਿਵੇਂ ਪਹਾੜ ਭਾਈ
ਅਰਸ਼ ਕੰਬਿਆ ਫਰਸ਼ ਭੁਚਾਲ ਹੋਇਆ,
ਆਸਨ ਹਿੱਲ ਗਏ ਕਿਰਸ਼ਨਸੋਵਾਰ ਭਾਈ

ਸੰਤ ਗੁਫ਼ਾ ਵਿਚ ਵੈਰੀਆਂ ਦਾ ਭਾਰੀ ਹੱਲਾ ਤੇ ਕਿਸ਼ਨ ਸਿੰਘ ਜੀ ਆਦਿ ਦਾ ਸ਼ਹੀਦ ਹੋ ਜਾਣਾ। ਸੰਤ ਗੁਫ਼ਾ ਇਕ ਮਹਾਨ ਯਾਦਗਾਰ ਤੱਪ ਅਸਥਾਨ ਹੈ, ਜੋ ਸੰਤ ਭਾਈ ਜੋਗਾ ਸਿੰਘ ਦੇ ਨਾਮ ਤੇ ਮਸ਼ਹੂਰ ਹੈ। ਇੱਥੇ ਪੁਰਾਣੀਆਂ ਗੁਫ਼ਾ ਯਾਦਗਾਰ ਬਣੀਆਂ ਹਨ। ਦਰਿਆ ਕਿਸ਼ਨ ਗੰਗਾ ਦੇ ਕਿਨਾਰੇ ਵਾਕਿਆ ਹੈ। ਹੁਣ ਇਹ ਪਾਕਿਸਤਾਨ ਵਿਚਾਲੇ ਕਸ਼ਮੀਰ ਵਿੱਚ ਆਉਂਦਾ ਹੈ। ਇੱਥੇ ਸੈਂਕੜੇ ਸਿੰਘਾਂ, ਬੀਬੀਆਂ ਅਤੇ ਬਚਿਆਂ ਨੂੰ ਕਬਾਇਲੀਆਂ ਨੇ ਸ਼ਹੀਦ ਕੀਤਾ। ਇੱਥੇ ਕਵੀ ਉਸ ਦ੍ਰਿਸ਼ ਨੂੰ ਕਲਮਬੰਦ ਕਰਦਾ ਹੈ।

ਸੁਣੋਂ ਵੈਰੀਆਂ ਦੇ ਅੱਗੇ ਕਾਰਨਾਮੇ,
ਸੰਤ ਗੁਫਾ ਨੂੰ ਵੈਰੀ ਸੀ ਜਾਣ ਲੱਗੇ
ਹੱਥ ਛੁਰੇ ਬੰਦੂਕਾਂ ਪਕੀਆਂ ਜੀ,
ਅਣ ਹੋਣਾ ਵੈਰ ਕਮਾਣ ਲੱਗੇ
ਛੱਬੀ ਬਲਮਾ ਬਿਖੜੇ ਤੇਜ ਧਾਰੇ,
ਰਹੀ ਫਿਕਰਾਂ ਨੂੰ ਹੱਥ ਅੱਜ ਖਾਣ ਲੱਗੇ।
ਜੱੜ ਭਗਤੀ ਭਗਤ ਪਰਸਤਿ ਬੈਠੇ,
ਦੇਹ ਉਹਨਾਂ ਦੀ ਕਿਵੇਂ ਦੁਖਾਣ ਲੱਗੇ
ਵੈਰੀ ਪਹੁੰਚ ਕੇ ਗੁਫ਼ਾ ਦੇ ਹਾਲ ਅੰਦਰ,
ਲੁਟਮਾਰ ਦੀ ਮੌਜ ਉਡਾਣ ਲੱਗੇ
ਅੱਗ ਲਾਈ ਹਵੇਲੀਆਂ, ਮੰਦਰਾਂ ਨੂੰ,
ਮਿਟੀ ਖਾਕ ਦੀ ਖਾਕ ਬਨਾਣ ਲੱਗੇ
ਅਲਾ-ਹੂ-ਅਲਾ ਕਡੋ ਜਾਨ,

ਅਗੋਂ ਗੰਦੇ ਮੂੰਹ ਤੋਂ ਬੋਲ ਸੁਣਾਣ ਲੱਗੇ
ਕੈਦ ਪਕੜ ਤੀਵੀਆਂ ਸੁੰਦਰਾਂ ਨੂੰ,
ਨਾਲ ਖੁਸ਼ੀ ਦੇ ਚੁੰਮ ਹੋ ਜਾਣ ਲਗੇ
ਅੱਗੇ ਸਜਿਆ ਗੁਰੂ ਦੀਵਾਣ ਜੀ,
ਸਿੰਘ ਜਾਪ ਕਰਤਾਰ ਜਪਾਣ ਲੱਗੇ
ਮਨ ਵਾਸ਼ਨਾ ਰੋਕ ਕੇ ਜੱਗ ਸੰਦੀ,
ਇੱਕ ਆਸਰਾ ਗੁਰੂ ਤਕਾਣ ਲੱਗੇ
ਤੇਰੇ ਬਾਜ ਉਹ ਸਤਿਗੁਰ ਕੌਣ ਰਖੇ,
ਵੈਰੀ ਹਦਾਂ ਤੋਂ ਜ਼ੁਲਮ ਟੱਪਾਣ ਲੱਗੇ
ਤਾੜ ਤਾੜ ਲੱਗੀ ਗੋਲੀ ਵਰਨ,
ਡੈਡੀ ਬੱਚੇ ਕਈ ਮਾਸੂਮ ਘੁਰਲਾਣ ਲੱਗੇ
ਤਾੜੀ ਲਾਈ ਸੀ ਜਿਨ੍ਹਾਂ ਅਕਾਲ ਸੰਦੀ,
ਦੇਹ ਚਮੜੀ ਛੇਕ ਕਮਾਉਣ ਲੱਗੇ
ਜ਼ੋਰੀ ਪਕੜ ਕੇ ਤੀਵੀਆਂ ਸੁੰਦਰਾਂ ਨੂੰ,
ਪੜ੍ਹਦੇ ਉਨ੍ਹਾਂ ਦੇ ਫ਼ਾਇਸ਼ ਕੋਹਾਣ ਲੱਗੇ
ਬੈਠੀ ਮੂਰਤੀਆਂ ਰਾਹੀਂ ਅਭੇਦ ਵਾਲੀ,
ਉਨ੍ਹਾਂ ਛੁਰੀਆਂ ਨਾਲ ਦੱਖਾਣ ਲੱਗੇ
ਬੈਠੇ ਅਗੋਂ ਨਾ ਡੋਲਦੇ ਸੰਤ ਮੂਰਤ,
ਆਸਨ ਰਵੀ ਦੇ ਅਜ ਹੁਲਾਣ ਲੱਗੇ
ਤੇਗਾਂ ਮਾਰੀਆਂ ਜਾਏ ਦੇ ਵਿੱਚ ਸੀਨੇ,
ਮਿਟੀ ਖੂਨ ਦੇ ਰੰਗ ਰੋਲਾਣ ਲੱਗੇ

**ਸੂਰਮੇਂ ਦੀ ਤਲਵਾਰ**

ਕੀਤੀ ਖਾਸ ਤਲਵਾਰ ਦੀ ਮਾਰ ਚੰਗੀ,
ਚੰਡੀ ਖੂਨ ਦਾ ਰੰਗ ਆਂਵਦੀ ਏ
ਵੈਰੀ ਸੈਕੜੇਂ ਮੌਤ ਦੀ ਗੋਦ ਪੈ ਗਏ,
ਚੰਡੀ ਆਪਣਾ ਜ਼ੋਰ ਵਖਾਂਦੀ ਏ
ਜਹਿਨੂੰ ਵਜਦੀ ਸੀਸ ਉਤਾਰ ਦੇਂਦੀ,
ਜਾਮ ਮੌਤ ਦਾ ਰਜ ਪਲਾਵਦੀ ਏ
ਭਾਲ ਭਾਲ ਕੇ ਵੈਰੀ ਦਾ ਨਾਸ਼ ਕੀਤਾ,
ਸ਼ਰਮ ਕਿਸੇ ਦਾ ਨਾਹੀਂ ਰੱਖਾਵਦੀ ਏ
ਠਾਠਾਂ ਮਾਰੀਆਂ ਖੂਨ ਦੀ ਕਿਸ਼ਨ ਗੰਗਾ,
ਉੱਤੋਂ ਲਾਸ਼ਾਂ ਦੇ ਲਾਸ਼ ਤਰਾਵਦੀਂ ਏਂ
ਹਰਿਨਾਮ ਸਿੰਘ ਧਰਮ ਦੀ ਕਰੇ ਰਾਖੀ,
ਜੜ ਜ਼ੁਲਮ ਦੀ ਪੁੱਟ ਵਖਾਉਂਦੀ ਏ

ਉੱਧਰ ਬੰਦ ਕੀਤੀ ਗੋਲੀ ਵੈਰੀਆਂ ਨੇ,
ਇਧਰ ਦਾਨਿਆ ਅਕਲ ਦੋੜਾਈ ਚਲੈ
ਅੱਧੀ ਰਾਤ ਨੂੰ ਪਤਰਾ ਵਾਚ ਚਲੈ,
ਘਟਾਂ ਵੈਰੀ ਦੀ ਅੱਖ ਵਿਚ ਪਾ ਚਲੈ
ਪਹਿਲੀ ਰਾਤ ਕੀਤਾ ਸਿੰਘ ਕੂਚ ਇਥੋਂ,
ਨਾਲ ਢੰਗ ਦੇ ਜਾਨ ਬਚਾਈ ਚਲੈ
ਕਈ ਸਿੰਘ ਸੀ ਮੋਰਚਾ ਲਾਉਂਦੇ ਰਹੇ,
ਨਾਲ ਵੈਰੀ ਦੇ ਕਰ ਸੜਾਈ ਚਲੈ
ਕਈ ਸਿੰਘ ਸੀ ਘਰਾਂ ਨੂੰ ਗਏ ਮੁੜਕੇ,
ਜਾਣ ਬੁਝ ਕੇ ਜਾਨ ਫਸਾਈ ਚਲੈ
ਬਹੁਤੇ ਸਿੰਘ ਸੀ ਵਿਛੜੇ ਖਾਲਸੇ ਤੋਂ,
ਛੱਤਰ ਵੱਲ ਕੀਤੀ ਉੱਠ ਧਾਈ ਚਲੈ
ਕਈ ਛੱਪ ਕੇ ਜੰਗਲਾਂ ਵਿਚ ਰਾਤੀ,
ਏਜਿੰਦ ਵੈਰੀ ਤੋਂ ਜਾ ਲੁਕਾਈ ਚਲੈ
ਕਈ ਮਾਰ ਮੋਇ ਨਦੀ ਵਿੱਚ ਛਾਲਾਂ,
ਤਾਰੀ ਲਾ ਜ਼ੋਰ ਦੇਸਾਈ ਚਲੈ
ਕਈਆਂ ਚੜ੍ਹ ਬਹਾਦਰ ਸੂਰਿਆਂ ਨੂੰ,
ਜਾਨ ਤਲੀ ਤੇ ਜਿਨ੍ਹਾਂ ਟੁਕਾਈ ਚਲੈ
ਇਸ ਵਿਚ ਹੈ ਸੀ ਹਾਕਮ ਸਿੰਘ ਮਾਸਟਰ,
ਜੋਸ਼ ਨਾਲ ਤਲਵਾਰ ਚਲਾਈ ਚਲੈ
ਕੀਤਾ ਪਰਵਾਰ ਤਲਵਾਰ ਭੇਟਾ,
ਸਿੱਖੀ ਅੱਣਖ ਨੇ ਜੋਸ਼ ਕਟਾਈ ਚਲੈ
ਅਣੱਖੀ ਸਿੰਘਾਂ ਅਣਖ ਦਾ ਲੈ ਤੇਗਾ,
ਸਿੱਖੀ ਸਿਦਕ ਦੀ ਹੱਦ ਮੁਕਾਈ ਚਲੈ
ਹਦੋਂ ਵੱਧ ਕੀਤੀ ਗੁਰੂ ਸਿੰਘ ਸੂਰੇ,
ਕਾਮ, ਮੋਹ ਦੀ ਹਿਰਸ ਮੁਟਾਈ ਚਲੈ
ਭੇਟਾ ਲਗਾ ਪ੍ਰਵਾਰ ਗੁਰੂ ਸੂਰਮੇ ਦਾ,
ਸਿੱਖੀ ਸਵਾਸਾਂ ਨਾਲ ਨੁਬਾਈ ਚਲੈ
ਫ਼ਿਕਰ ਦੂਰ ਕੀਤਾ ਪ੍ਰਵਾਰ ਵਾਲਾ,
ਫਿਰ ਹੱਥ ਤਲਵਾਰ ਉਠਾਈ ਚਲੈ
ਵੈਰੀ ਨਾਲ ਮੁਕਾਬਲਾ ਕਰਨ ਖਾਤਰ,
ਕੀਤੀ ਵੱਲ ਵੈਰੀ ਉੱਠ ਥਾਈ ਚਲੈ
ਅਜਿਹਾ ਵੈਰੀ ਨਾ ਕੋਈ ਮੁਕਾਬਲਾ ਤੇ,
ਧਾਂਕ ਸੂਰਮੇ ਖੂਬ ਪਵਾਈ ਚਲੈ।

ਵੈਰੀਆਂ ਨੇ ਅਚਾਨਕ ਗਲੀ ਦਾ ਰਾਹ ਬੰਦ ਕਰ ਦਿੱਤਾ ਅਤੇ ਸਿੰਘਾਂ ਹਫ਼ੜਾ ਦਫ਼ੜੀ ਵਿੱਚ ਨਿਕਲ ਜਾਣਾ ਚਾਹੁੰਦੇ ਸਨ ਅਤੇ ਇਸੇ ਸਮੇਂ ਗਿਆਨੀ ਹਰਨਾਮ ਸਿੰਘ ਦਾ ਪਰਵਾਰ ਸ਼ਹੀਦੀ ਪਾ ਗਿਆ ਜਿਸ ਨੂੰ ਕਵੀ ਨੇ ਇਸ ਘਟਨਾ ਨੂੰ ਬਾਖ਼ੂਬੀ ਕਲਮਬੰਦ ਕੀਤਾ ਹੈ।

ਜੰਮੂ-ਕਸ਼ਮੀਰ ਅਕੈਡਮੀ ਨੂੰ ਇਸ ਲਿਖਤ ਨੂੰ ਹਰ ਹਾਲ ਵਿੱਚ ਸਾਂਭਣ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਜੋ ਇਹ ਵਿਰਾਸਤੀ ਵਡਮੁੱਲਾ ਸਰਮਾਇਆ ਸਾਂਭਿਆਂ ਜਾ ਸਕੇ।



# ਅਜੋਕਾ ਹਰਿਆਣਵੀ ਪੰਜਾਬੀ ਸਾਹਿਤ: ਦਸ਼ਾ ਅਤੇ ਦਿਸ਼ਾ

**ਡਾ: ਨਿਸ਼ਾਨ ਸਿੰਘ ਰਾਠੌਰ**
ਪਿੱਪਲੀ, ਕੁਰੂਕਸ਼ੇਤਰ
90414-98009

ਮਨੁੱਖੀ ਜੀਵਨ ਵਿੱਚ ਸਾਹਿਤ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਇਹ (ਸਾਹਿਤ) ਜਿੱਥੇ ਮਨੁੱਖੀ ਜੀਵਨ ਨੂੰ ਸਹੀ ਸੇਧ ਦਿੰਦਾ ਹੈ ਉੱਥੇ ਹੀ ਆਦਰਸ਼ 'ਸਮਾਜਕ ਬਣਤਰ' ਦੀ ਸਹੀ ਤਸਵੀਰ ਵੀ ਪੇਸ਼ ਕਰਦਾ ਹੈ। ਖ਼ਾਸ ਗੱਲ ਇਹ ਹੈ ਕਿ ਸਾਹਿਤ ਦੇ ਅਧਿਐਨ ਤੋਂ ਸਮੁੱਚੇ 'ਸਮਾਜਕ' ਸੰਦਰਭ ਨੂੰ ਵਾਚਿਆ ਜਾ ਸਕਦਾ ਹੈ/ ਸਮਝਿਆ ਜਾ ਸਕਦਾ ਹੈ। ਮਸਲਨ; ਸਮਾਜਕ ਬਣਤਰ, ਸਮਾਜ ਵਿੱਚ ਔਰਤ ਦੀ ਭਾਈਵਾਲੀ, ਨੌਜਵਾਨ ਤਬਕੇ ਦਾ ਰੋਲ, ਲੋਕ-ਲਹਿਰ ਦੇ ਮਨੋਰਥ, ਆਰਥਕ ਅਤੇ ਸਮਾਜਕ ਖੁਸ਼ਹਾਲੀ, ਰਹਿਣ-ਸਹਿਣ, ਮਨੋਬਿਰਤੀਆਂ, ਸੁਪਨੇ, ਖਾਣ-ਪੀਣ, ਪਹਿਰਾਵੇ ਅਤੇ ਲੋਕ ਬੋਲੀਆਂ, ਸਿੱਖਿਆ ਤੰਤਰ, ਔਰਤ-ਮਰਦ ਦੇ ਆਪਸੀ ਸੰਬੰਧ, ਭਵਿੱਖ ਲਈ ਫ਼ਿਕਰਮੰਦੀ ਅਤੇ ਵਰਤਮਾਨ ਵਿੱਚ ਰੁਜ਼ਗਾਰ ਦੇ ਸਾਧਨ ਆਦਿਕ ਨੂੰ ਸਹੀ ਅਰਥਾਂ ਵਿੱਚ ਸਮਝਿਆ ਜਾ ਸਕਦਾ ਹੈ। ਖ਼ੈਰ! ਇਸੇ ਲਈ ਕਿਹਾ ਜਾਂਦਾ ਹੈ ਕਿ ਕਿਸੇ ਵੀ ਸਮਾਜ ਅਤੇ ਸਮਾਜਕ ਬਣਤਰ ਦੀ ਦਰੁਸਤ ਜਾਣਕਾਰੀ ਹਾਸਲ ਕਰਨ ਹਿਤ ਉਸ ਦੇ ਸਾਹਿਤ ਨੂੰ ਵਾਚਿਆ ਜਾ ਸਕਦਾ ਹੈ/ ਪੜ੍ਹਿਆ ਜਾ ਸਕਦਾ ਹੈ। ਸੰਖੇਪ ਵਿੱਚ; ਸਾਹਿਤ ਅਧਿਐਨ ਤੋਂ ਸਮਾਜ ਅਧਿਐਨ ਕੀਤਾ ਜਾਂਦਾ ਹੈ।

ਕਿਸੇ ਵੀ ਸਮਾਜ ਵਿੱਚ ਜਦੋਂ ਕੁਰੀਤੀਆਂ ਦਾ ਬੋਲਬਾਲਾ ਵਧੇਰੇ ਹੋ ਜਾਂਦਾ ਹੈ ਤਾਂ ਬੁੱਧੀਜੀਵੀ ਵਰਗ ਅਤੇ ਸਮਾਜ ਸੁਧਾਰਕਾਂ ਵੱਲੋਂ ਸਾਹਿਤ ਦੇ 'ਹਵਾਲੇ' ਨਾਲ ਸਮਾਜ ਨੂੰ ਸਹੀ ਸੇਧ ਦੇਣ ਲਈ ਉਪਰਾਲੇ ਅਤੇ ਯਤਨ ਕੀਤੇ ਜਾਂਦੇ ਹਨ।

ਗੁਰਮਤਿ ਵਿਚਾਰਧਾਰਾ ਨੂੰ ਇਸ ਦੇ ਉਦਾਹਰਨ ਵੱਜੋ ਦੇਖਿਆ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਉਸ ਸਮੇਂ ਦੀ 'ਸਮਾਜਕ ਹਾਲਤ' ਨੂੰ ਸੁਧਾਰਨ ਹਿਤ ਗੁਰਬਾਣੀ ਉਚਾਰਨ ਕੀਤੀ ਅਤੇ ਸਮੇਂ ਦੇ ਹਾਕਮਾਂ ਨੂੰ ਜ਼ੁਲਮ ਕਰਨ ਤੋਂ ਵਰਜਿਆ। ਉਹਨਾਂ ਬਾਬਰ ਨੂੰ ਜਾਬਰ ਤੱਕ ਕਿਹਾ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਇਨਕਲਾਬੀ ਬੋਲਾਂ ਰਾਹੀਂ ਆਮ ਲੋਕਾਂ ਨੂੰ ਵੀ ਜਾਗਰੂਕ ਕੀਤਾ ਅਤੇ ਵਹਿਮਾਂ-ਭਰਮਾਂ ਤੋਂ ਮੁਕਤ ਜੀਵਨ ਜਿਊਣ ਲਈ ਪ੍ਰੇਰਨਾ ਵੀ ਦਿੱਤੀ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਾਹਿਤ ਜਿੱਥੇ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਉੱਥੇ ਸਮਾਜ ਨੂੰ ਸਹੀ ਰਾਹ ਉੱਪਰ ਤੋਰਨ ਦਾ ਕਾਰਜ ਵੀ ਕਰਦਾ ਹੈ। ਖ਼ੈਰ,

ਸਾਡੇ ਹਥਲੇ ਲੇਖ ਦਾ ਮੂਲ ਮਨੋਰਥ 'ਅਜੋਕੇ ਹਰਿਆਣਵੀ ਪੰਜਾਬੀ ਸਾਹਿਤ: ਦਸ਼ਾ ਅਤੇ ਦਿਸ਼ਾ' ਬਾਰੇ ਚਰਚਾ ਕਰਨ ਦਾ ਹੈ। ਇਸ ਲਈ ਹਰਿਆਣੇ ਦੇ ਪੰਜਾਬੀ ਸਾਹਿਤ ਤੋਂ ਬਿਨਾਂ ਕਿਸੇ ਹੋਰ ਵਿਸ਼ੇ / ਸਾਹਿਤ ਉੱਪਰ ਵਿਚਾਰ-ਚਰਚਾ ਨੂੰ ਕੇਂਦਰਿਤ ਨਹੀਂ ਕੀਤਾ ਜਾਵੇਗਾ ਕਿਉਂਕਿ ਇੰਝ ਕਰਨ ਨਾਲ ਲੇਖ ਵੱਡ ਅਕਾਰੀ ਅਤੇ ਬੋਰੀਅਤ ਭਰਪੂਰ ਹੋ ਜਾਵੇਗਾ ਅਤੇ ਪਾਠਕਾਂ/ ਵਿਦਿਆਰਥੀਆਂ ਦੀ ਰੁਚੀ ਘੱਟ ਜਾਵੇਗੀ। ਦੂਜੇ ਪਾਸੇ, ਇਸ ਨਾਲ ਸਾਰਥਕ ਸਿੱਟੇ ਵੀ ਪ੍ਰਾਪਤ ਨਹੀਂ ਕੀਤੇ ਜਾ ਸਕਦੇ।

01 ਨਵੰਬਰ 1966 ਨੂੰ ਹਰਿਆਣੇ ਦੇ ਹੋਂਦ ਵਿੱਚ ਆਉਣ ਮਗਰੋਂ ਪੰਜਾਬੀ ਲੇਖਕਾਂ ਨੇ ਆਪਣੀ ਮਾਤ-ਭਾਸ਼ਾ (ਪੰਜਾਬੀ) ਵਿੱਚ ਰਚਨਾਵਾਂ ਕਰਨ ਤੋਂ ਗੁਰੇਜ਼ ਨਹੀਂ ਕੀਤਾ; ਭਾਵੇਂ ਕਿ ਸਮੇਂ–ਸਮੇਂ 'ਤੇ ਸੂਬਾ ਸਰਕਾਰਾਂ ਨੇ ਪੰਜਾਬੀ ਜ਼ੁਬਾਨ ਦਾ ਗਲ਼ਾ ਘੁੱਟਣ ਦਾ ਕੰਮ ਕੀਤਾ। ਪ੍ਰੰਤੂ ਹਰਿਆਣਵੀ ਪੰਜਾਬੀਆਂ ਨੇ ਪੰਜਾਬੀ ਜ਼ੁਬਾਨ ਲਈ ਕੰਮ ਕਰਨਾ ਲਗਾਤਾਰ ਜਾਰੀ ਰੱਖਿਆ। ਸਿੱਟੇ ਵੱਜੋ; ਅੱਜ ਵੀ ਹਰਿਆਣੇ ਅੰਦਰ ਪੰਜਾਬੀ ਜ਼ੁਬਾਨ ਦਾ ਦੀਵਾ ਜੱਗ ਰਿਹਾ ਹੈ। ਹਰਿਆਣੇ ਵਿੱਚ ਵੱਡੀ ਗਿਣਤੀ ਵਿੱਚ ਸਾਹਿਤ ਸਿਰਜਣਾ ਹੋ ਰਹੀ ਹੈ। ਪੰਜਾਬੀ ਪਾਠਕਾਂ ਦਾ ਘੇਰਾ ਵਿਸ਼ਾਲ ਹੁੰਦਾ ਜਾ ਰਿਹਾ ਹੈ।

ਹਰਿਆਣੇ ਵਿੱਚ ਰਚੇ ਜਾ ਰਹੇ ਪੰਜਾਬੀ ਸਾਹਿਤ ਵਿੱਚ ਕਵਿਤਾ, ਕਹਾਣੀ, ਨਾਟਕ, ਨਾਵਲ, ਇਕਾਂਗੀ, ਸਫ਼ਰਨਾਮਾ, ਆਲੋਚਨਾ, ਸਮੀਖਿਆ ਅਤੇ ਗ਼ਜ਼ਲ ਨੂੰ ਪ੍ਰਮੁੱਖ ਤੌਰ 'ਤੇ ਵਾਚਿਆ ਜਾਂਦਾ ਹੈ/ ਪੜ੍ਹਿਆ ਜਾਂਦਾ ਹੈ। ਪਿਛਲੇ ਲਗਭਗ ਦੋ-ਤਿੰਨ ਦਹਾਕਿਆਂ 'ਤੇ ਨਜ਼ਰ ਮਾਰਦਿਆਂ ਇੰਝ ਮਹਿਸੂਸ ਹੁੰਦਾ ਹੈ ਕਿ ਹਰਿਆਣੇ ਵਿੱਚ ਕਵਿਤਾ/ ਖੁੱਲ੍ਹੀ ਕਵਿਤਾ ਵਧੇਰੇ ਰਚੀ ਜਾ ਰਹੀ ਹੈ। ਹਰ ਸਾਲ ਪ੍ਰਕਾਸ਼ਿਤ ਹੁੰਦੀਆਂ ਪੁਸਤਕਾਂ ਵਿਚੋਂ 50 ਫ਼ੀਸਦੀ ਕਵਿਤਾ ਨਾਲ ਸੰਬੰਧਿਤ ਪੁਸਤਕਾਂ ਹੁੰਦੀਆਂ ਹਨ। ਸਾਹਿਤ ਦੇ ਦੂਜੇ ਰੂਪ ਜਿਵੇਂ ਕਹਾਣੀ, ਨਾਵਲ ਅਤੇ ਨਾਟਕ ਬਹੁਤ ਘੱਟ ਗਿਣਤੀ ਵਿੱਚ ਪ੍ਰਕਾਸ਼ਿਤ ਹੁੰਦੇ ਹਨ। ਪਿਛਲੇ ਲਗਭਗ ਦੋ ਦਹਾਕਿਆਂ ਵਿੱਚ ਚਾਰ-ਪੰਜ ਨਾਵਲ ਅਤੇ ਤਿੰਨ-ਚਾਰ ਨਾਟਕ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਹਾਂ; ਕਵਿਤਾ ਦਾ ਰੰਗ ਵਕਤ ਦੇ ਨਾਲ-ਨਾਲ ਹੋਰ ਗੂੜ੍ਹਾ ਹੁੰਦਾ ਜਾ ਰਿਹਾ ਹੈ। ਪ੍ਰੰਤੂ ਸਾਹਿਤ ਦੇ ਦੂਜੇ ਰੂਪ ਗਿਣਤੀ ਪੱਖੋਂ ਉਸ ਪੱਧਰ 'ਤੇ ਰਚੇ ਨਹੀਂ ਜਾ ਰਹੇ ਜਿਸ ਦੀ ਇਸ ਸਮੇਂ ਬਹੁਤ ਆਸ ਅਤੇ ਲੋੜ ਹੈ। ਖ਼ੈਰ,

ਇਸ ਲੇਖ ਦੇ ਅਗਲੇ ਹਿੱਸੇ ਵਿੱਚ ਗਿਣਤੀ ਅਤੇ ਪੁਸਤਕਾਂ ਦੇ ਪ੍ਰਕਾਸ਼ਨ ਸੰਬੰਧੀ ਚਰਚਾ; ਵਧੇਰੇ ਕਾਰਗਰ ਅਤੇ ਲਾਹੇਵੰਦ ਨਹੀਂ ਹੈ ਬਲਕਿ ਹਰਿਆਣੇ ਵਿੱਚ ਰਚੇ ਜਾ ਰਹੇ ਸਾਹਿਤ ਦਾ ਵਿਸ਼ਾ, ਮਿਆਰ ਅਤੇ ਸਰੋਕਾਰ ਕਿਸ ਤਰ੍ਹਾਂ ਦੇ ਹਨ? ਇਹਨਾਂ ਵਿੱਚ ਹਰਿਆਣੇ ਦੇ ਲੋਕਾਂ

ਦੇ ਸਮਾਜਕ, ਆਰਥਕ ਅਤੇ ਧਾਰਮਿਕ ਢਾਂਚੇ ਬਾਰੇ ਕਿਸ ਤਰ੍ਹਾਂ ਦੀ ਜਾਣਕਾਰੀ ਹਾਸਲ ਹੁੰਦੀ ਹੈ? ਇਹ ਬਹੁਤ ਗੰਭੀਰ ਚਰਚਾ ਦੀ ਮੰਗ ਕਰਦਾ ਵਿਸ਼ਾ ਹੈ।

ਹਰਿਆਣੇ ਵਿੱਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੇ ਮੂਲ ਸਰੋਕਾਰ ਉਹੋ ਜਿਹੇ ਹੀ ਹਨ ਜਿਸ ਤਰ੍ਹਾਂ ਦੇ 'ਮੁੱਖ ਧਾਰਾ ਦੇ ਪੰਜਾਬੀ ਸਾਹਿਤ' ਦੇ ਸਰੋਕਾਰ ਹਨ। ਮਸਲਨ; ਪਰਵਾਸ ਦਾ ਸੰਕਲਪ, ਮੁਹੱਬਤ ਦਾ ਸੰਕਲਪ, ਸਮਾਜਕ-ਸਦਾਚਾਰਕ ਕੀਮਤਾਂ, ਧਾਰਮਿਕ ਅਤੇ ਸਮਾਜਕ ਬਿਰਤਾਂਤ, ਸਮਾਜਕ ਸਮ-ਰੂਪਤਾ (ਬਣਤਰ) ਦਾ ਸਿਧਾਂਤ ਅਤੇ



ਮਨੁੱਖੀ ਮਨੋਬਿਰਤੀਆਂ ਦੇ ਮੂਲ ਥੀਮ ਨਾਲ ਸੰਬੰਧਿਤ ਹੁੰਦੇ ਹਨ। ਇਸੇ ਤਰ੍ਹਾਂ ਦੇ ਸਰੋਕਾਰ ਹਰਿਆਣੇ ਦੇ ਪੰਜਾਬੀ ਸਾਹਿਤ ਵਿੱਚ ਦੇਖਣ-ਪੜ੍ਹਨ ਨੂੰ ਮਿਲਦੇ ਹਨ। ਹਰਿਆਣੇ ਅਤੇ ਪੰਜਾਬ ਦੇ ਸਾਹਿਤ ਦੇ ਮੂਲ ਸਰੋਕਾਰ ਇੱਕੋ ਜਿੱਥੇ ਸਾਂਝੇ ਹਨ ਉੱਥੇ ਹੀ ਦੋਹਾਂ ਨੂੰ ਪੇਸ਼ ਕਰਨ ਵਾਲੇ ਸਾਹਿਤਕਾਰਾਂ ਦੀਆਂ ਮਨੋਬਿਰਤੀਆਂ, ਸ਼ਬਦਾਵਲੀ ਅਤੇ ਸਮਾਜ ਵੀ ਇੱਕੋ ਵਰਗਾ ਹੈ।

**ਪਰਵਾਸ ਦਾ ਸੰਕਲਪ:**

ਹਰਿਆਣਾ ਸੂਬਾ ਭਾਵੇਂ ਸਿਆਸੀ ਤੌਰ ਤੇ ਪੰਜਾਬ ਨਾਲੋਂ ਵੱਖ ਹੋ ਗਿਆ ਹੈ ਪ੍ਰੰਤੂ ਇਹਨਾਂ ਦੇ ਸਾਹਿਤਕ, ਆਰਥਕ ਅਤੇ ਸਮਾਜਕ ਸਰੋਕਾਰ ਬਿਲਕੁਲ ਇੱਕੋ ਵਰਗੇ ਹਨ। ਜਿਹੜੀਆਂ ਸਮਾਜਕ ਸਮੱਸਿਆਵਾਂ ਪੰਜਾਬੀ ਸਮਾਜ ਵਿੱਚ ਦੇਖਣ ਨੂੰ ਮਿਲਦੀਆਂ ਹਨ ਉਹੋ ਸਮੱਸਿਆਵਾਂ ਹਰਿਆਣੇ ਦੇ ਹਰਿਆਣਵੀ ਸਮਾਜ ਵਿੱਚ ਵੀ ਦੇਖਣ ਨੂੰ ਮਿਲਦੀਆਂ ਹਨ। ਆਰਥਕ ਨਾ-ਬਰਾਬਰਤਾ ਦੋਹਾਂ ਸੂਬਿਆਂ ਵਿੱਚ ਦੇਖਣ ਨੂੰ ਮਿਲਦੀ ਹੈ। ਦੋਹਾਂ ਸੂਬਿਆਂ ਦੇ ਨੌਜਵਾਨ 'ਪਰਵਾਸ' ਕਰਕੇ ਚੰਗੇਰੇ ਭਵਿੱਖ ਦੀ ਆਸ ਨਾਲ ਵਿਦੇਸ਼ਾਂ ਵੱਲ ਰੁਖ਼ ਕਰ ਰਹੇ ਹਨ। ਇਸੇ ਲਈ ਹਰਿਆਣੇ ਦੇ ਪੰਜਾਬੀ ਸਾਹਿਤ ਵਿੱਚ 'ਪਰਵਾਸ ਦੀ ਪੀੜ' ਨੂੰ ਪੜ੍ਹਿਆ ਜਾ ਸਕਦਾ ਹੈ/ ਮਹਿਸੂਸ ਕੀਤਾ ਜਾ ਸਕਦਾ ਹੈ।

**ਸਮਾਜਕ ਸਰੋਕਾਰ:**

ਹਰਿਆਣੇ ਵਿੱਚ ਰਚੇ ਜਾ ਰਹੇ ਸਾਹਿਤ ਵਿੱਚ ਸਮਾਜਕ ਸਰੋਕਾਰਾਂ ਨੂੰ ਵਧੇਰੇ ਤਰਜ਼ੀਹ ਦਿੱਤੀ ਜਾਂਦੀ ਹੈ। ਇੱਥੇ ਹਰਿਆਣੇ ਦਾ ਪੰਜਾਬੀ ਸਾਹਿਤ ਪੰਜਾਬ ਦੇ ਪੰਜਾਬੀ ਸਾਹਿਤ ਨਾਲੋਂ ਰਤਾ ਵੱਖ/ ਨਿਵੇਕਲਾ ਕਿਹਾ ਜਾ ਸਕਦਾ ਹੈ। ਹਰਿਆਣੇ ਵਿੱਚ ਸਮਾਜਕ ਬਣਤਰ ਪੰਜਾਬ ਨਾਲੋਂ ਵੱਖ ਅਤੇ ਮਜ਼ਬੂਤ ਹੈ। ਹਰਿਆਣੇ ਦੇ ਮੂਲ ਨਿਵਾਸੀਆਂ (ਖ਼ਾਸ ਕਰਕੇ ਜਾਟ ਸਮਾਜ ਵਿੱਚ) ਖ਼ਾਪ ਪੰਚਾਇਤਾਂ ਦਾ ਬੋਲਬਾਲਾ ਦੇਖਣ ਨੂੰ ਮਿਲਦਾ ਹੈ। ਇਹ ਖ਼ਾਪ ਪੰਚਾਇਤਾਂ ਸਮਾਜ ਨੂੰ ਇੱਕ ਜਾਤ/ ਸਮਾਜ/ ਵਰਗ ਵਿੱਚ ਬੰਨ੍ਹ ਕੇ ਰੱਖਦੀਆਂ ਹਨ। ਜੇਕਰ ਕੋਈ ਵਿਅਕਤੀ ਆਪਣੇ ਸਮਾਜ ਦੇ ਨਿਯਮਾਂ ਦੇ ਵਿਰੁੱਧ ਕਿਸੇ ਪ੍ਰਕਾਰ ਦੀ ਕਾਰਵਾਈ ਕਰਦਾ ਹੈ ਤਾਂ ਇਹ ਖ਼ਾਪ ਪੰਚਾਇਤਾਂ ਉਸ ਵਿਅਕਤੀ/ ਸਮਾਜ ਦੇ ਵਿਰੁੱਧ ਆਪਣਾ ਫ਼ੈਸਲਾ ਦਿੰਦੀਆਂ ਹਨ। ਖ਼ਾਸ ਗੱਲ ਇਹ ਹੈ ਕਿ ਇਹਨਾਂ ਖ਼ਾਪ ਪੰਚਾਇਤਾਂ ਦੇ ਫ਼ੈਸਲੇ ਦੇ ਵਿਰੁੱਧ ਕਿਸੇ ਵਿਅਕਤੀ/ ਸਮਾਜ/ ਜਾਤ ਦੀ ਕੋਈ ਬਹੁਤੀ ਵਾਅ ਨਹੀਂ ਚੱਲਦੀ। ਅਮੂਮਨ; ਇਹਨਾਂ ਫ਼ੈਸਲਿਆਂ ਵਿੱਚ ਸਮਾਜ ਨੂੰ ਇੱਕਜੁੱਟ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਹ ਖ਼ਾਪ ਪੰਚਾਇਤਾਂ ਪੰਜਾਬ/ ਪੰਜਾਬੀ ਸਾਹਿਤ ਵਿੱਚ ਨਹੀਂ ਹਨ। ਇਹਨਾਂ ਦਾ ਜ਼ਿਕਰ ਭਾਵੇਂ ਹਰਿਆਣੇ ਦੇ ਪੰਜਾਬੀ ਸਾਹਿਤ ਵਿੱਚ ਨਾ ਦੇ ਬਰਾਬਰ ਹੈ ਪ੍ਰੰਤੂ ਇਹਨਾਂ ਦਾ ਵਜੂਦ/ ਪ੍ਰਭਾਵ ਬਹੁਤ ਡੂੰਘਾ ਅਤੇ ਅਸਰਦਾਰ ਹੈ। ਹਰਿਆਣੇ ਦੀ ਸਮਾਜਕ ਬਣਤਰ ਵਿੱਚ ਇਹ ਖ਼ਾਪ ਪੰਚਾਇਤਾਂ ਬਹੁਤ ਅਸਰਦਾਰ ਸਮਾਜਕ ਬਣਤਰ ਦਾ ਹਿੱਸਾ ਮੰਨੀਆਂ ਜਾਂਦੀਆਂ ਹਨ।

**ਆਰਥਿਕਤਾ ਦਾ ਪ੍ਰਭਾਵ:**

ਹਰਿਆਣਾ ਸੂਬੇ ਦਾ ਬਹੁਤਾ ਹਿੱਸਾ ਮੁਲਕ ਦੀ ਰਾਜਧਾਨੀ ਦਿੱਲੀ ਅਤੇ ਉੱਤਰ ਪ੍ਰਦੇਸ਼ ਨਾਲ ਲੱਗਦਾ ਹੈ। ਇਸ ਲਈ ਹਰਿਆਣੇ ਵਿੱਚ ਵੱਡੀ ਗਿਣਤੀ ਵਿੱਚ ਉਦਯੋਗਿਕ ਘਰਾਣੇ ਆਪਣੇ ਕਾਰੋਬਾਰ ਚਲਾਉਂਦੇ ਹਨ। ਭਾਰਤ ਦੀਆਂ ਵੱਡੀਆਂ ਕੰਪਨੀਆਂ ਦੇ ਆਫ਼ਿਸ 'ਗੁੜਗਾਉਂ' ਅਤੇ 'ਫ਼ਰੀਦਾਬਾਦ' ਵਿੱਚ ਮੌਜੂਦ ਹਨ। ਇਸ ਨਾਲ ਸੂਬੇ ਦੇ ਆਰਥਕ ਹਾਲਤ ਵਿੱਚ ਬਹੁਤ ਸੁਧਾਰ ਹੁੰਦਾ ਹੈ; ਨਤੀਜੇ ਵੱਜੋ ਲੋਕਾਂ ਦੇ ਰਹਿਣ-ਸਹਿਣ ਅਤੇ ਕਾਰ-ਵਿਹਾਰ ਵਿੱਚ ਸੁਧਾਰ ਹੁੰਦਾ ਹੈ। ਹਰਿਆਣੇ ਦੀ ਆਰਥਕ ਸਥਿਤੀ ਅਮੂਮਨ ਦੂਜੇ ਸੂਬਿਆਂ ਨਾਲੋਂ ਵਧੀਆ ਹੈ। ਇਸ ਪ੍ਰਭਾਵ ਨੂੰ ਭਾਵੇਂ ਪੰਜਾਬੀ ਸਾਹਿਤ ਵਿੱਚ ਨਾਮਾਤਰ ਦੇਖਿਆ ਜਾਂਦਾ ਹੈ ਪਰ ਇਸ ਤੋਂ ਇਨਕਾਰੀ ਵੀ ਨਹੀਂ ਹੋਇਆ ਜਾ ਸਕਦਾ। ਜਿਸ ਤਰ੍ਹਾਂ ਉੱਪਰ ਵੀ ਜ਼ਿਕਰ ਕੀਤਾ ਜਾ ਚੁਕਾ ਹੈ ਕਿ ਸਾਹਿਤ ਨੂੰ ਸਮਾਜ ਦਾ 'ਸ਼ੀਸ਼ਾ' ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਦੇ ਸਮਾਜਕ ਅਤੇ ਆਰਥਕ ਹਾਲਾਤ ਹੋਣਗੇ ਉਸੇ ਤਰ੍ਹਾਂ ਦਾ ਸਾਹਿਤ ਸਿਰਜਿਆ ਜਾਵੇਗਾ। ਇਸ ਲਈ ਹਰਿਆਣੇ ਦੇ ਆਰਥਕ ਹਾਲਾਤ; ਪੰਜਾਬ ਜਾਂ ਹੋਰ ਗੁਆਂਢੀ ਸੂਬਿਆਂ ਨਾਲੋਂ ਬਿਹਤਰ ਕਹੇ ਜਾ ਸਕਦੇ ਹਨ।

**ਔਰਤ ਦੀ ਸਥਿਤੀ:**

ਔਰਤ ਦੀ ਸਥਿਤੀ ਨੂੰ ਸਾਹਿਤ ਦੇ ਮੁੱਖ ਸਰੋਕਾਰ ਵੱਜੋ ਪੇਸ਼ ਕੀਤਾ ਜਾਂਦਾ ਹੈ। ਇਹ ਬਹੁਤ ਮਹੱਤਵਪੂਰਨ ਵਿਸ਼ਾ ਹੈ ਕਿ ਕਿਸੇ ਸਮਾਜ ਵਿੱਚ ਔਰਤ ਦੀ ਸਥਿਤੀ ਕਿਸ ਤਰ੍ਹਾਂ ਦੀ ਹੈ? ਜਿਸ ਸਮਾਜ ਵਿੱਚ ਔਰਤ ਆਤਮ-ਨਿਰਭਰ ਹੋਵੇਗੀ ਉਸ ਸਮਾਜ ਦਾ ਸਰਵਪੱਖੀ ਵਿਕਾਸ ਰੋਕਿਆ ਨਹੀਂ ਜਾ ਸਕਦਾ। ਇਸ ਹਵਾਲੇ ਨਾਲ ਹਰਿਆਣੇ ਦੀ ਸਥਿਤੀ ਥੋੜ੍ਹੀ ਢਿੱਲੀ ਅਤੇ ਕਮਜ਼ੋਰ ਕਹੀ ਜਾ ਸਕਦੀ ਹੈ। ਕੁਝ ਦਹਾਕੇ ਪਹਿਲਾਂ ਤੱਕ ਹਰਿਆਣਾ ਇਕੱਲਾ ਸੂਬਾ ਸੀ ਜਿਸ ਵਿੱਚ ਪ੍ਰਤੀ ਵਿਅਕਤੀ ਔਰਤਾਂ ਦੀ

ਗਿਣਤੀ ਸਭ ਤੋਂ ਘੱਟ ਸੀ। ਭਾਵ ਪ੍ਰਤੀ ਹਜ਼ਾਰ ਮਰਦਾਂ ਦੇ ਮੁਕਾਬਲਾ ਔਰਤਾਂ ਦੀ ਗਿਣਤੀ ਹਰਿਆਣੇ ਵਿੱਚ ਸਭ ਤੋਂ ਘੱਟ ਸੀ। ਹਾਲਾਂਕਿ ਇਸ ਸਥਿਤੀ ਵਿੱਚ ਸਹਿਜੇ-ਸਹਿਜੇ ਸੁਧਾਰ ਹੋ ਰਿਹਾ ਹੈ।

ਹਰਿਆਣੇ ਵਿੱਚ ਔਰਤਾਂ ਹੁਣ ਆਤਮ-ਨਿਰਭਰਤਾ ਦੀ ਸ਼੍ਰੇਣੀ ਵਿੱਚ ਆ ਰਹੀਆਂ ਹਨ। ਹਾਲਾਂਕਿ ਖੇਤੀ-ਬਾੜੀ ਦੇ ਕੰਮ ਵਿੱਚ ਔਰਤਾਂ ਦੀ ਹਿੱਸੇਦਾਰੀ ਦੂਜੇ ਸੂਬਿਆਂ ਨਾਲੋਂ ਵਧੇਰੇ ਹੈ ਪ੍ਰੰਤੂ ਉਦਯੋਗਿਕ ਅਤੇ ਸਿੱਖਿਅਕ ਖੇਤਰ ਵਿੱਚ ਵੀ ਹਰਿਆਣੇ ਵਿੱਚ ਔਰਤਾਂ ਦੀ ਭਾਈਵਾਲੀ ਵੱਧ ਰਹੀ ਹੈ। ਖੇਡਾਂ ਵਿੱਚ ਹਰਿਆਣਵੀ ਕੁੜੀਆਂ ਨੇ ਸਮੁੱਚੇ ਦੇਸ਼ ਵਿੱਚ ਆਪਣੀ ਝੰਡੀ ਬਰਕਰਾਰ ਰੱਖੀ ਹੈ। ਹਰਿਆਣੇ ਦੀਆਂ ਕੁੜੀਆਂ ਫ਼ੌਜ ਵਿੱਚ ਵੀ ਸ਼ਾਮਲ ਹੋ ਰਹੀਆਂ ਹਨ ਅਤੇ ਦੇਸ਼ ਸੇਵਾ ਦੇ ਜਜ਼ਬੇ ਨੂੰ ਅਮਲੀਜਾਮਾ ਪਹਿਨਾ ਰਹੀਆਂ ਹਨ। ਖੇਡ, ਰਾਜਨੀਤੀ, ਸਾਹਿਤ, ਕਲਾ ਅਤੇ ਸਿੱਖਿਆ ਆਦਿਕ ਖੇਤਰਾਂ ਵਿੱਚ ਕੁੜੀਆਂ ਕਿਸੇ ਨਾਲ ਘੱਟ ਨਹੀਂ ਹਨ।

ਸਮਾਜਕ ਬਣਤਰ ਦੇ ਇਸ ਪੱਖ ਨੂੰ ਹਰਿਆਣੇ ਦੇ ਪੰਜਾਬੀ ਸਾਹਿਤਕਾਰਾਂ ਦੀਆਂ ਲਿਖਤਾਂ ਵਿੱਚ ਅਣਗੌਲਿਆ ਕੀਤਾ ਗਿਆ ਹੈ। ਹਰਿਆਣੇ ਦੇ ਪੰਜਾਬੀ ਸਾਹਿਤਕਾਰਾਂ ਨੂੰ ਹਰਿਆਣੇ ਸੂਬੇ ਦੇ ਇਹਨਾਂ ਪੱਖਾਂ/ ਰੂਪਾਂ ਬਾਰੇ ਡੂੰਘਾਈ ਨਾਲ ਵਿਚਾਰ-ਚਰਚਾ ਕਰਨੀ ਚਾਹੀਦੀ ਹੈ ਤਾਂ ਕਿ ਹਰਿਆਣੇ ਦੀ ਸਮਾਜਕ ਬਣਤਰ ਦਾ ਸਹੀ ਅਕਸ ਪਾਠਕਾਂ/ ਵਿਦਿਆਰਥੀਆਂ ਤੱਕ ਪਹੁੰਚ ਸਕੇ।

**ਸਮਾਜਕ ਸਮ-ਰੂਪਤਾ ਅਤੇ ਮਨੁੱਖੀ ਮਨੋਬਿਰਤੀਆਂ:**


ਕਿਸੇ ਵੀ ਸਮਾਜ ਵਿੱਚ ਸਮ-ਰੂਪਤਾ ਦਾ ਸੰਕਲਪ ਵਧੇਰੇ ਲਾਭਦਾਇਕ ਹੁੰਦਾ ਹੈ ਕਿਉਂਕਿ ਇਸ ਨਾਲ ਸਮਾਜ ਦੇ ਤਰੱਕੀ ਕਰਨ ਦੇ ਰਾਹ ਵਧੇਰੇ ਹੁੰਦੇ ਹਨ। ਇੱਥੇ ਇਕੱਲੇ ਸਮਾਜ, ਜਾਤ, ਧਰਮ ਜਾਂ ਰੰਗ ਕਰਕੇ ਹੀ ਬਰਾਬਰਤਾ ਲਾਜ਼ਮੀ ਨਹੀਂ ਬਲਕਿ ਰੁਜ਼ਗਾਰ ਦੇ ਵਸੀਲੇ, ਰਹਿਣ-ਸਹਿਣ ਅਤੇ ਧਾਰਮਿਕ ਰਹੁ-ਰੀਤਾਂ ਵਿੱਚ ਵੀ ਇੱਕ ਰੂਪਤਾ ਲਾਜ਼ਮੀ ਹੋਣੀ ਚਾਹੀਦੀ ਹੈ ਤਾਂ ਕਿ ਸਮਾਜ ਵਿੱਚ ਉੱਚੇ ਨੀਵੇਂ ਭੇਦਭਾਵ ਖ਼ਤਮ ਕੀਤਾ ਜਾ ਸਕੇ ਅਤੇ ਸਮਾਜ ਨੂੰ ਤਰੱਕੀ ਦੀ ਰਾਹ ਤੇ ਤੋਰਿਆ ਜਾ ਸਕੇ। ਮਨੁੱਖੀ ਮਨੋਬਿਰਤੀਆਂ ਵਿੱਚ ਮਨੁੱਖ ਦੇ ਆਉਣ ਵਾਲੇ ਸਮੇਂ ਦੀਆਂ ਤਿਆਰੀਆਂ / ਸੋਚਾਂ ਨੂੰ ਚਰਚਾ ਦਾ ਹਿੱਸਾ ਬਣਾਇਆ ਜਾਂਦਾ ਹੈ। ਸਿਆਣਿਆਂ ਦਾ ਕਥਨ ਹੈ ਕਿ ਮਨੁੱਖ ਜਿਹੋ ਜਿਹਾ ਸੋਚਦਾ ਹੈ ਉਹੋ ਜਿਹਾ ਬੋਲਦਾ ਹੈ ਅਤੇ ਜਿਹੋ ਜਿਹਾ ਬੋਲਦਾ ਹੈ ਉਹੋ ਜਿਹਾ ਕਰਦਾ ਹੈ। ਇਸ ਲਈ ਮਨੋਬਿਰਤੀਆਂ ਦੇ ਅਧਿਐਨ ਵਿੱਚ ਮਨੁੱਖ ਦੇ ਮਨੋਭਾਵਾਂ ਦਾ ਅਧਿਐਨ ਇਸ ਗੱਲ ਦਾ ਪ੍ਰਮਾਣ ਬਣਦਾ ਹੈ ਕਿ ਮਨੁੱਖ ਨੇ ਭਵਿੱਖ ਵਿੱਚ ਕਿਸ ਤਰ੍ਹਾਂ ਦੀਆਂ ਯੋਜਨਾਵਾਂ ਉੱਪਰ ਆਪਣਾ ਧਿਆਨ ਕੇਂਦਰਿਤ ਕਰਨਾ ਹੈ। ਇਹ ਵਿਚਾਰ ਹੀ ਬਾਅਦ ਵਿੱਚ 'ਅਮਲ' ਵਿੱਚ ਤਬਦੀਲ ਹੁੰਦਾ ਹੈ। ਖ਼ੈਰ,

ਆਖ਼ਰ ਵਿੱਚ ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਹਰਿਆਣਾ ਦੇ ਪੰਜਾਬੀ ਸਾਹਿਤ ਵਿੱਚ ਗਿਣਾਤਮਿਕ ਪੱਖੋਂ ਭਾਵੇਂ 'ਵਾਧਾ' ਹੋ ਰਿਹਾ ਹੈ ਪਰੰਤੂ ਗੁਣਾਤਮਿਕ ਪੱਖੋਂ ਕਈ ਊਣਤਾਈਆਂ ਦੇਖਣ/ ਪੜ੍ਹਨ ਨੂੰ ਮਿਲਦੀਆਂ ਹਨ। ਇੱਥੋਂ ਦੇ ਪੰਜਾਬੀ ਸਾਹਿਤਕਾਰਾਂ ਨੂੰ ਹਰਿਆਣੇ ਦੇ ਮੂਲ ਰੂਪ/ ਕੇਂਦਰੀ ਥੀਮ ਦੀ ਸਹੀ ਅਰਥਾਂ ਵਿੱਚ ਸਮਝ ਆਉਣੀ ਚਾਹੀਦੀ ਹੈ ਜਾਂ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਕਿ 'ਹਰਿਆਣੇ ਦੀ ਸਮਾਜਕ ਬਣਤਰ' ਦੇ ਸਹੀ ਰੂਪ ਨੂੰ ਪੰਜਾਬੀ ਸਾਹਿਤ ਦਾ ਹਿੱਸਾ ਬਣਾਇਆ ਜਾ ਸਕੇ। ਇਕੱਲੇ ਕਵਿਤਾ, ਗ਼ਜ਼ਲ ਜਾਂ ਕਹਾਣੀ ਨਾਲ ਕਿਸੇ ਸੂਬੇ ਦੇ ਸਾਹਿਤ ਨੂੰ ਪ੍ਰਫੁੱਲਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਜਿਹੇ ਸਾਹਿਤ ਵਿੱਚ ਨਿਰਾ ਕਲਪਣਾ ਦਾ ਭਾਵ ਹੁੰਦਾ ਹੈ। ਇਸ ਨਾਲ ਕਿਸੇ ਸਮਾਜ ਦੇ ਸਹੀ ਰੂਪ/ ਬਣਤਰ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਹਾਂ; ਇਸ ਨਾਲ ਕੁਝ ਸਮੇਂ ਲਈ ਪਾਠਕਾਂ ਅਤੇ ਵਿਦਿਆਰਥੀਆਂ ਦਾ ਮਨੋਰੰਜਨ ਕੀਤਾ ਜਾ ਸਕਦਾ ਹੈ ਪ੍ਰੰਤੂ ਇਸ ਨਾਲ ਕਿਸੇ ਸਮਾਜ ਦੇ ਸਹੀ ਸੰਦਰਭ ਨੂੰ ਸਮਝਿਆ ਨਹੀਂ ਜਾ ਸਕਦਾ।

ਜੇਕਰ ਸਾਹਿਤ ਦੀ ਗੰਭੀਰਤਾ ਅਤੇ ਮਹੱਤਤਾ ਨੂੰ ਸਥਾਈ ਅਤੇ ਪੁਖ਼ਤਾ ਰੱਖਣਾ ਹੈ ਤਾਂ ਪਹਿਲਾਂ ਸਮਾਜ ਦੀਆਂ ਵਿਭਿੰਨ ਪਰਿਸਥਿਤੀਆਂ ਦਾ ਸਹੀ ਮੁਲਾਂਕਣ ਕਰਨਾ ਲਾਜ਼ਮੀ ਸ਼ਰਤ ਹੁੰਦੀ ਹੈ। ਜੇਕਰ ਇਕੱਲੇ ਕਲਪਣਾ ਦੇ ਭਾਵ ਵਿੱਚ ਸਾਹਿਤ ਸਿਰਜਣਾ ਕੀਤੀ ਜਾਂਦੀ ਰਹੀ ਤਾਂ ਆਉਣ ਵਾਲੇ ਸਮੇਂ ਵਿੱਚ ਸਾਹਿਤ ਦੀ ਅਹਿਮੀਅਤ ਘੱਟ ਹੋ ਜਾਵੇਗੀ ਅਤੇ ਆਮ ਪਾਠਕ ਵਰਗ ਇਸ ਤੋਂ ਦੂਰੀ ਬਣਾ ਲਵੇਗਾ। ਇਸ ਲਈ ਹਰਿਆਣਵੀ ਪੰਜਾਬੀ ਸਾਹਿਤਕਾਰਾਂ ਨੂੰ ਹਰਿਆਣੇ ਦੇ ਧੁਰੇ (ਮੁੱਢ) ਬਾਰੇ ਸਹੀ ਜਾਣਕਾਰੀ ਹਾਸਲ ਕਰਨ ਦੀ ਜ਼ਰੂਰਤ ਹੈ ਤਾਂ ਕਿ ਸਮਾਜਕ ਬਣਤਰ ਦੇ ਸਹੀ ਸਰੂਪ ਨੂੰ ਪਾਠਕਾਂ ਤੱਕ ਪਹੁੰਚਾਇਆ ਜਾ ਸਕੇ। ਪ੍ਰੰਤੂ ਇਹ ਸਭ ਹੁੰਦਾ ਕਦੋਂ ਹੈ? ਇਹ ਅਜੇ ਭਵਿੱਖ ਦੀ ਕੁੱਖ ਵਿੱਚ ਹੈ।

**'ਪੈੜਾਂ'**

**ਪੰਜਾਬੀ ਸਾਹਿਤਕ ਰਸਾਲਾ,ਰਾਜਸਥਾਨ ਪ੍ਰਿੰਟ ਵਿੱਚ ਵੀ ਆ ਗਿਆ ਹੈ ਆਪ ਜੀ ਨੂੰ ਬੇਨਤੀ ਹੈ ਕਿ ਆਪ ਜੀ ਇਸ ਦੇ ਪ੍ਰਿੰਟ ਦੇ ਮੈਂਬਰ ਬਣੋ ਅਤੇ ਇਸ ਰਸਾਲੇ ਨੂੰ ਆਪਣਾ ਸਹਿਯੋਗ ਦਿਓ, ਜਿਸ ਨਾਲ ਅਸੀਂ ਪੰਜਾਬੀ ਮਾਂ ਬੋਲੀ ਲਈ ਇਸ ਖ਼ਿੱਤੇ ਵਿੱਚ ਇਕ ਮਿਆਰੀ ਮੰਚ ਦੀ ਉਸਾਰੀ ਪੂਰੀ ਕਰਨ ਵਿੱਚ ਸਮਰੱਥ ਹੋਈਏ।**



# ਗੁਰੂ ਅਰਜਨ ਸਾਹਿਬ ਜੀ ਦਾ ਜੀਵਨ ਅਤੇ ਉਪਦੇਸ਼

**ਡਾ. ਚਰਨਜੀਤ ਸਿੰਘ**
ਸਾਬਕਾ ਚੀਫ਼ ਮੈਨੇਜਰ,
ਰਾਜ-ਭਾਸ਼ਾ ਵਿਭਾਗ, ਨਵੀਂ ਦਿਲੀ
9811116003

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਪੰਜਵੀਂ ਜੋਤ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਦਰਸ਼ਾਂ ਅਨੁਸਾਰ ਸਿੱਖ ਮਤ ਦੀ ਨੀਂਹ ਉਪਰ ਉੱਚ-ਵਿਚਾਰਾਂ ਅਤੇ ਸਿਧਾਂਤਾਂ ਦੀ ਇਮਾਰਤ ਖੜੀ ਕੀਤੀ ਅਤੇ ਇਸ ਦੀ ਰਾਖੀ ਲਈ ਅਪਣਾ ਆਪ ਵੀ ਕੁਰਬਾਨ ਕਰ ਦਿੱਤਾ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਧਰਮ ਦੀ ਨੀਂਹ ਨੂੰ ਮਜ਼ਬੂਤੀ ਦੇਣ ਅਤੇ ਸਮਾਜ ਦੇ ਬੁਨਿਆਦੀ ਸਿਧਾਂਤਾਂ .ਖ਼ਾਤਰ ਆਪਣੀ ਕੁਰਬਾਨੀ ਦੇ ਕੇ ਸਿੱਧ ਕਰ ਦਿੱਤਾ ਕਿ ਕੋਈ ਵੀ ਧਰਮ ਜਾਂ ਦੇਸ਼ ਵੱਡੀਆਂ ਇਮਾਰਤਾਂ ਨਾਲ ਨਹੀਂ ਉੱਸਰਦਾ ਸਗੋਂ ਵੱਡੀਆਂ ਕੁਰਬਾਨੀਆਂ ਨਾਲ ਹੀ ਸਦਾ-ਸਦਾ ਲਈ ਕਾਇਮ ਰਹਿ ਸਕਦਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਗੁਰ-ਗੱਦੀ ਤੇ ਬਿਰਾਜਮਾਨ ਹੋ ਕੇ ਗੁਰੂ ਧਰਮ, ਗੁਰੂ ਸ਼ਕਤੀ, ਗੁਰੂ ਲਹਿਰ ਅਤੇ ਗੁਰੂ ਸੰਸਥਾ ਨੂੰ ਸਥਾਪਿਤ ਅਤੇ ਉਜਾਗਰ ਕਰਨ ਲਈ ਜੋ ਯੋਗ ਅਗਵਾਈ ਦਿੱਤੀ ਅਤੇ ਜਿਹੜੀਆਂ ਯੋਜਨਾਵਾਂ ਬਣਾਈਆਂ ਉਹਨਾਂ ਨੂੰ ਅਧਿਆਤਮਕ ਅਤੇ ਆਦਰਸ਼ਕ ਰੂਪ ਵਿੱਚ ਸਫਲਤਾ ਨਾਲ ਸਿਰਜਿਆ ਉਸ ਦਾ ਸਿਰਫ਼ ਇਤਿਹਾਸਕ ਗੌਰਵ ਹੀ ਨਹੀਂ ਸਗੋਂ ਅਧਿਆਤਮਕ ਜਗਤ ਵਿੱਚ ਸਿੱਖ ਧਰਮ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਦਾ ਪ੍ਰਗਟਾਵਾ ਵੀ ਹੋਇਆ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਵੱਡਾ ਭਰਾ ਪ੍ਰਿਥੀ ਚੰਦ ਆਪਜੀ ਨਾਲ ਈਰਖਾ ਕਰਦਾ ਸੀ ਕਿਉਂਕਿ ਆਪ ਵਧੇਰੇ ਪ੍ਰਤਿਭਾਸ਼ਾਲੀ ਤੇ ਦੂਰ-ਦ੍ਰਿਸ਼ਟੀ ਰੱਖਦੇ ਸਨ।ਆਪਣੇ ਪਿਤਾ ਤੋਂ ਦੂਰ ਰੱਖਣ ਲਈ ਹਰ ਸਮੇਂ ਕੋਈ ਨਾ ਕੋਈ ਵਿਉਂਤ ਬਣਾਉਂਦਾ ਰਹਿੰਦਾ ਸੀ। ਇਕ ਵਾਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਪਿਤਾ ਨੂੰ ਲਾਹੌਰ ਤੋਂ ਚਿੱਠੀਆਂ ਲਿਖੀਆਂ ਸਨ ਜਿਨ੍ਹਾਂ ਵਿੱਚ ਪਿਤਾ ਪ੍ਰਤੀ ਪ੍ਰੇਮ ਅਤੇ ਮਿਲਣ ਦੀ ਲਾਲਸਾ ਨੂੰ ਅਦੁੱਤੀ ਰਸ ਤੇ ਰੰਗ ਨਾਲ ਆਪਣੇ ਮਨ ਦੇ ਵਲਵਲੇ ਪ੍ਰਗਟਾਏ ਸਨ। ਪ੍ਰਿਥੀ ਚੰਦ ਨੇ ਗੁਰੂ ਅਰਜਨ ਦੇ ਜੀ ਦੁਆਰਾ ਭੇਜੀਆਂ ਇਹ ਤਿੰਨੇ ਚਿੱਠੀਆਂ ਛੁਪਾ ਲਈਆਂ। ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਜਦੋਂ ਚਿੱਠੀ ਤੇ ਪਏ ਅੰਕ ਤੋਂ ਪਹਿਲੀਆਂ ਚਿੱਠੀਆਂ ਬਾਰੇ ਪਤਾ ਚਲਿਆ ਤਾਂ ਉਹਨਾਂ ਨੇ ਦੋਹਾਂ ਨੂੰ ਇਕ ਚਿੱਠੀ ਹੋਰ ਲਿਖਣ ਲਈ ਕਿਹਾ। ਗੁਰੂ ਅਰਜਨ ਸਾਹਿਬ ਜੀ ਦੀ ਲਿਖੀ ਇਸ ਚਿੱਠੀ ਵਿੱਚ ਪਹਿਲਾਂ ਦੀਆਂ ਤਿੰਨੇ ਚਿੱਠੀਆਂ ਵਰਗੇ ਕਾਵਿਕ ਗੁਣ ਅਤੇ ਅਲੌਕਿਕ ਭਾਵਨਾਵਾਂ ਸਨ।

ਪਹਿਲੀਆਂ ਤਿੰਨੇ ਚਿੱਠੀਆਂ ਵਿੱਚ ਜਿੱਥੇ ਗੁਰੂ ਪਿਤਾ ਨੂੰ ਮਿਲਣ ਦੀ ਸਿੱਕ ਅਤੇ ਬਿਹਬਲਤਾ ਦਾ ਸ਼ਾਨਦਾਰ ਚਿੱਤਰ ਦੇਖਣ ਨੂੰ ਮਿਲਦਾ ਹੈ ਉਥੇ ਗੁਰੂ ਅਰਜਨ ਦੇ ਜੀ ਦੀ ਲਿਖੀ ਚੌਥੀ ਚਿੱਠੀ ਵਿੱਚ ਪਿਤਾ-ਮਿਲਾਪ ਦੇ ਬੇਮਿਸਾਲ ਵਰਨਨ ਸਹਿਜਤਾ ਅਤੇ ਗੁਰੂ ਪਿਤਾ ਪ੍ਰਤੀ ਦਰਸ਼ਨ ਦੀ ਲੋਚਾ ਅਤੇ ਗੁਰੂ ਪਿਤਾ ਪ੍ਰਤੀ ਸਮਰਪਣ ਦਾ ਭਾਵ ਦੇਖਣ ਨੂੰ ਮਿਲਦਾ ਹੈ :

'ਗ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ
ਸੇਵ ਕਰੀ ਪਲੁ ਚਸਾ ਨਾ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਓ ॥4 ॥
ਹਉ ਘੋਲੀ ਜੀਉ ਘੌਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਓ ॥

ਸ੍ਰੀ ਗੁਰੂ ਅਰਜਨ ਸਾਹਿਬ ਦਾ ਜੀਵਨ ਸੱਚ, ਸਿਮਰਨ, ਸੇਵਾ, ਸਹਿਜ ਅਤੇ ਗੁਰੂ ਪ੍ਰਤੀ ਸਮਰਪਿਤ ਕਮਾਈ ਵਾਲਾ ਸੀ। ਆਪ ਗੁਰਮਤ ਬ੍ਰਹਮ ਅਤੇ ਗੁਰਮਤ ਪ੍ਰਕਾਸ਼ ਨਾਲ ਓਤ-ਪ੍ਰੋਤ ਹੋਣ ਕਰਕੇ ਆਤਮਿਕ ਮੰਡਲ ਦੇ ਰਸ ਤੇ ਅਨੰਦ ਨਾਲ ਭਿੱਜੇ ਕੂੜ-ਕ੍ਰਿਆ, ਵੈਰ-ਵਿਰੋਧ, ਲੋਭ-ਮੋਹ, ਹਉਮੈ-ਹੰਕਾਰ ਦੀ ਬਿਰਤੀ ਦੀ ਪਕੜ ਤੋਂ ਉਪਰ ਸਨ। ਇਹੀ ਕਾਰਨ ਸੀ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਦੀ ਜੀਵਨ-ਸ਼ੈਲੀ, ਜੀਵਨ-ਜਾਚ ਅਤੇ ਉੱਚੀਆਂ ਆਤਮਿਕ ਉਡਾਰੀਆਂ ਨੂੰ ਵੇਖਦੇ ਹੋਏ ਆਪਣੀ ਜਾਗਤ-ਜੋਤ ਅਧਿਆਤਮਕ ਜੁਗਤ ਰਾਹੀਂ ਆਪ ਵਿੱਚ ਟਿਕਾਣ ਦਾ ਨਿਰਨਾ ਲਿਆ।

ਗੁਰੂ ਘਰ ਦੇ ਜੱਸ ਵਿੱਚ ਰੰਗੇ ਸਮਕਾਲੀ ਭੱਟਾਂ ਨੇ ਇਸ ਸੰਬੰਧ ਵਿੱਚ ਗੁਰੂ ਧਰਮ, ਗੁਰੂ ਸ਼ਕਤੀ, ਗੁਰੂ ਲਹਿਰ ਅਤੇ ਗੁਰੂ ਸੰਸਥਾ ਦਾ ਵਰਣਨ ਕੁਝ ਇਸ ਤਰ੍ਹਾਂ ਕੀਤਾ ਹੈ:

*ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰੂ ਜੋਤਿ ਅਰਜਨੁ ਮਾਹਿ ਧਰੀ ॥
*ਭਨਿ ਮਥਰਾ ਕਛੁ ਭੇਦ ਨਹੀਂ ਗੁਰੂ ਅਰਜਨੁ ਪਰਤਖ ਹਰਿ ॥
*ਛਤ੍ਰੁ ਸਿੰਘਾਸਨ ਪਿਰਥਮੀ ਗੁਰੂ ਅਰਜਨ ਕਉ ਦੇ ਆਇਅਉ ॥

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਸਿੰਘਾਸਣ ਤੇ ਸੁਭਾਇਮਾਨ ਹੋ ਕੇ ਉਸੇ ਅਧਿਆਤਮਕ ਜੁਗਤ ਨੂੰ ਜਾਰੀ ਰੱਖਿਆ ਜਿਸ ਦੀ ਨੀਂਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਰੱਖੀ ਸੀ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸਰਬੱਤ ਦੇ ਭਲੇ ਲਈ, ਮਾਨਸ ਜਾਤ ਦੇ ਪ੍ਰਗਾਸ ਲਈ ਮਾਨਵ ਧਰਮ ਦੀ ਰਾਖੀ, ਉੱਚ ਸਾਹਿਤ, ਖ਼ੁਸ਼ਹਾਲ ਸਭਿਆਚਾਰ ਅਤੇ ਇਤਿਹਾਸ ਦੇ .ਖੇਤਰ ਵਿੱਚ ਅਜਿਹੇ ਸਾਰਥਕ ਤੇ ਸਿਰਜਨਾਤਮਕ ਕਾਰਜ ਕੀਤੇ ਜਿਸ

ਦੀ ਮਿਸਾਲ ਹੋਰ ਕਿਤੇ ਨਹੀਂ ਮਿਲਦੀ।

ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤਕ ਸਿੱਖ ਧਰਮ ਦਾ ਕਾਫ਼ੀ ਪ੍ਰਚਾਰ ਹੋ ਚੁਕਾ ਸੀ। ਸਿੱਖ ਧਰਮ ਦੇ ਅਸੂਲਾਂ ਤੇ ਸਿੱਖਿਆ ਦੇ ਪ੍ਰਚਾਰ ਕਰਕੇ ਲੋਕੀ ਸਿੱਖ ਧਰਮ ਨੂੰ ਅਪਣਾਉਣ ਲਗ ਪਏ ਸੀ। ਗੁਰੂ ਸਾਹਿਬਾਨ ਦੀ ਬਾਣੀ ਦਾ ਨਿਰੰਤਰ ਵਧਦਾ ਪ੍ਰਵਾਹ ਲੋਕਾਂ ਵਿੱਚ ਪਸਾਰ ਲੈ ਚੁੱਕਿਆ ਸੀ। ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਸਿੱਖ ਧਰਮ ਆਪਣੇ ਵੱਖਰੇ ਤੇ ਪੂਰੇ ਜਲੌਂ ਵਿੱਚ ਉੱਭਰ ਕੇ ਸਾਹਮਣੇ ਆਇਆ। ਸੰਨ 1588 ਈਸਵੀ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਇਸ ਦੇ ਮੁਕੰਮਲ ਹੋਣ ਕਰਕੇ ਸਿੱਖ ਧਰਮ ਦਾ ਇਕ ਕੇਂਦਰੀ ਅਸਥਾਨ ਬਣ ਗਿਆ। ਵੱਡੀ ਗਿਣਤੀ ਵਿੱਚ ਸ਼ਰਧਾਲੂ ਦਰਸ਼ਨਾਂ ਨੂੰ ਆਉਣ ਲੱਗੇ।

ਹਰਿਮੰਦਰ ਸਾਹਿਬ ਗੁਰੂ-ਜੋਤਿ ਦੀ ਜੀਵਨ ਜਾਚ, ਸੋਚ, ਚਿੰਤਨ ਅਤੇ ਗਿਆਨ-ਪ੍ਰਕਾਸ਼ ਦਾ ਪ੍ਰਤੀਕ ਹੈ। ਇਸ ਦੀ ਵਿਸ਼ੇਸ਼ਤਾ ਅਤੇ



ਵਿਲੱਖਣਤਾ ਇਸ ਦੇ ਰੂਪ, ਸਰੂਪ ਦਾ ਹਰ ਰੰਗ ਆਪਣੇ ਆਪ ਵਿੱਚ ਸੰਪੂਰਨ ਹੈ।

ਹਰਿਮੰਦਰ ਮਹਿ ਹਰਿ ਵਸੈ ਸਭ ਨਿਰੰਤਰ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥
(ਪ੍ਰਭਾਤੀ ਮਹਲਾ 3)

ਹਰਿਮੰਦਰ ਸੋਈ ਆਖੀਐ ਜਿਥੋ ਹਰਿ ਜਾਤਾ ॥
ਮਾਨਸ ਦੇਹ ਗੁਰਬਚਨੀ ਪਾਇਆ ਸਭ ਆਤਮ ਰਾਮ ਪਛਾਤਾ ॥
(ਰਾਮਕਲੀ ਸ੍ਰੀ ਵਾਰ ਮਹਲਾ 3)

ਹਰਿਮੰਦਰੁ ਹਰਿ ਕਾ ਹਾਟ ਹੈ ਰਖਿਆ ਸਬਦਿ ਸਵਾਰਿ ॥
ਜਿਸ ਵਿੱਚ ਸਉਦਾ ਇਕੁ ਨਾਮੁ ਗੁਰਮੁਖਿ ਲੈਨ ਸਵਾਰ ॥
(ਪ੍ਰਭਾਤੀ ਮਹਲਾ 3)

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸੰਨ 1604 ਈਸਵੀ ਵਿੱਚ ਸਰਬ-ਸਾਂਝੀਵਾਲਤਾ ਲਈ ਜੁੱਗੋ-ਜੁਗ ਅਟੱਲ, ਹਲਤ-ਪਲਤ ਕੇ ਰੱਖਿਅਕ, ਸ਼ਬਦ-ਰੂਪ ਬਾਣੀ ਨੂੰ ਬੜੀ ਕਲਾਤਮਕ ਅਤੇ ਦੂਰਗਾਮੀ ਦ੍ਰਿਸ਼ਟੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਾਰਜ ਸੰਪੂਰਨ ਕਰ ਦਿੱਤਾ। ਇਸ ਦਾ ਪ੍ਰਕਾਸ਼ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਰ ਦਿੱਤਾ ਗਿਆ। ਇਸ ਵਿੱਚ ਬਿਨਾ ਕਿਸੇ ਵਿਤਕਰੇ ਅਤੇ ਭੇਦ-ਭਾਵ ਤੋਂ ਗੁਰੂ ਸਾਹਿਬਾਨ ਤੋਂ ਇਲਾਵਾ ਹਿੰਦੁਸਤਾਨ ਦੇ ਹੋਰ ਸੱਚ ਧਰਮ ਨਾਲ ਜੁੜੇ ਸੰਤਾਂ, ਮਹਾਂਪੁਰਸ਼ਾਂ, ਪੀਰਾਂ-ਫ਼ਕੀਰਾਂ ਅਤੇ ਦਰਵੇਸ਼ਾਂ ਦੀ ਬਾਣੀ ਸ਼ਾਮਲ ਕੀਤੀ ਗਈ।

ਗੁਰੂ ਅਰਜਨ ਸਾਹਿਬ ਜੀ ਆਪ ਇਕ ਮਹਾਨ ਸਾਹਿਤਕਾਰ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਤੋਂ ਵਧ ਬਾਣੀ ਆਪ ਜੀ ਦੀ ਹੀ ਹੈ। ਆਪ ਜੀ ਨੇ ਅਨੇਕਾਂ ਛੰਦ ਲਾ-ਮਿਸਾਲ ਢੰਗ ਨਾਲ ਨਿਭਾਏ ਹਨ। ਆਪਣੀ ਨੂੰ ਰਸ, ਅਲੰਕਾਰ,ਰਾਗਾਂ ਦੀ ਬੜੀ ਡੂੰਘੀ ਸਮਝ ਸੀ। ਇਸ ਤੋਂ ਬਿਨਾ ਕੇਂਦਰੀ ਪੰਜਾਬੀ, ਮੁਲਤਾਨੀ, ਲਹਿੰਦੀ, ਫ਼ਾਰਸੀ ਅਤੇ ਸੰਸਕ੍ਰਿਤ ਦਾ ਗਿਆਨ ਆਪਦਾ ਮਹਾਨ ਭਾਸ਼ਾ ਵਿਗਿਆਨੀ ਹੋਣਾ ਦਰਸਾਉਂਦਾ ਹੈ।

ਸਿੱਖ ਧਰਮ ਦੀ ਦਿਨ-ਬ-ਦਿਨ ਵਧ ਰਹੀ ਸ਼ੋਭਾ ਸਮੇਂ ਦੇ ਹਾਕਮ ਜਹਾਂਗੀਰ ਦੇ ਕੰਨਾਂ ਤਕ ਵੀ ਪਹੁੰਚੀ। ਆਪਣੇ ਦਰਬਾਰੀਆਂ ਅਤੇ ਦੀਵਾਨ ਚੰਦੂ ਦੀਆਂ ਗੱਲਾਂ ਸੁਣ ਕੇ ਜਹਾਂਗੀਰ ਨੇ ਗੁਰੂ ਜੀ ਨੂੰ ਲਾਹੌਰ ਬੁਲਵਾ ਭੇਜਿਆ। ਚੰਦੂ ਨੇ ਮੌਕਾ ਦੇਖ ਕੇ ਜਹਾਂਗੀਰ ਨੂੰ ਭੜਕਾ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਇਸਲਾਮ ਵਿਰੁੱਧ ਗੱਲਾਂ ਦਰਜ ਹਨ ਅਤੇ ਗੁਰੂ ਅਰਜਨ ਸਾਹਿਬ ਰਾਜ ਵਿਰੁੱਧ ਬਗ਼ਾਵਤ ਦੀ ਤਿਆਰੀ ਕਰ ਰਹੇ ਹਨ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੀ ਸਿਫ਼ਤ ਸਲਾਹ ਸ਼ਾਮਲ ਕਰਨ ਲਈ ਕਿਹਾ ਪਰ ਗੁਰੂ ਜੀ ਨੇ ਸਾਫ਼ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਇਸ ਗ੍ਰੰਥ ਵਿੱਚ ਪਰਮ ਪਿਤਾ ਪਰਮਾਤਮਾ, ਅਕਾਲ ਪੁਰਖ ਦੀ ਮਹਿਮਾ ਵਰਣਿਤ ਕੀਤੀ ਗਈ ਹੈ ਨਾ ਕਿ ਕਿਸੇ ਵਿਅਕਤੀ-ਵਿਸ਼ੇਸ਼ ਦੀ। ਗੁਰੂ ਜੀ ਦੀ ਦ੍ਰਿੜ੍ਹਤਾ ਅਤੇ ਨਿਰਭੈਤਾ ਦੇਖ ਕੇ ਜਹਾਂਗੀਰ ਨੇ ਗੁਰੂ ਜੀ ਨੂੰ 2 ਲੱਖ ਰੁਪਏ ਜੁਰਮਾਨਾ ਭਰਨ ਅਤੇ ਸਜ਼ਾ ਭੁਗਤਣ ਲਈ ਕਿਹਾ ਗਿਆ। ਗੁਰੂ ਜੀ ਸੱਚ ਦੇ ਮਾਰਗ ਤੋਂ ਪਿੱਛੇ ਨਹੀਂ ਹਟੇ ਅਤੇ ਆਪਣੀ ਕੁਰਬਾਨੀ ਦੇਣੀ ਉਚਿਤ ਸਮਝੀ।

ਜਹਾਂਗੀਰ ਗੁਰੂ ਜੀ ਨੂੰ ਆਪਣੇ ਦੀਵਾਨ ਚੰਦੂ ਲਾਲ ਦੇ ਹਵਾਲੇ ਕਰ ਦਿੱਤਾ। ਹੁਣ ਚੰਦੂ ਦੇ ਹੱਥ ਆਪਣੀ ਨਿੱਜੀ ਦੁਸ਼ਮਣੀ ਕੱਢਣ ਦਾ ਮੌਕਾ ਲਗ ਗਿਆ ਕਿਉਂਕਿ ਗੁਰੂ ਜੀ ਦੀ ਦਿਨ-ਬ-ਦਿਨ ਵਧ ਰਹੀ ਕੀਰਤੀ ਨੂੰ ਵੇਖਦੇ ਹੋਏ ਲਾਹੌਰ ਦੇ ਦੀਵਾਨ ਚੰਦੂ ਲਾਲ ਵੱਲੋਂ ਭੇਜੇ ਬ੍ਰਾਹਮਣ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਗੁਰੂ ਜੀ ਦੇ ਸਪੁੱਤਰ ਹਰਿਗੋਬਿੰਦ ਜੀ ਨਾਲ ਪਕਾ ਕਰ ਦਿੱਤਾ ਸੀ। ਜਦੋਂ ਚੰਦੂ ਨੂੰ ਇਸ ਗਲ ਦਾ ਪਤਾ ਲਗਾ ਤਾਂ ਉਸ ਨੂੰ ਬੜੀ ਹੇਠੀ ਲੱਗੀ, ਆਪਣੇ ਆਪ ਨੂੰ ਵੱਡਾ ਜਾਣ ਕੇ ਚੰਦੂ ਨੇ ਗੁਰੂ ਘਰ ਬਾਰੇ ਅਪਸ਼ਬਦ ਕਹਿਣੇ ਅਤੇ ਬੋਲ-ਕੁਬੋਲ ਸ਼ੁਰੂ ਕਰ ਦਿੱਤੇ। ਨਿਮਰਤਾ ਅਤੇ ਪਰਉਪਕਾਰ ਦੇ ਪੁੰਜ ਗੁਰੂ ਅਰਜਨ ਸਾਹਿਬ ਜੀ ਤਾਂ ਉਸਤਤ-ਨਿੰਦਿਆ ਤੋਂ ਉਪਰ ਸਨ ਪਰ ਸਿੱਖ ਸੰਗਤ ਨੂੰ ਹੰਕਾਰੀ ਚੰਦੂ ਦੀ ਗੁਰੂ ਘਰ ਬਾਰੇ ਅਜਿਹੀ ਰਾਇ ਅਤੇ ਨਿੰਦਿਆ ਬੁਰੀ ਲੱਗੀ ਅਤੇ ਉਹਨਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਹੰਕਾਰੀ ਚੰਦੂ ਦਾ ਇਹ ਰਿਸ਼ਤਾ ਅਪ੍ਰਵਾਨ ਕਰ ਦੇਣ। ਗੁਰੂ ਜੀ ਵੱਲੋਂ ਰਿਸ਼ਤੇ ਦੇ ਇਨਕਾਰੀ ਹੋਣ ਤੇ ਚੰਦੂ ਸੜ-ਬਲ ਗਿਆ ਅਤੇ ਉਹ ਗੁਰੂ ਜੀ ਦਾ ਵੈਰੀ ਬਣ ਗਿਆ ਸੀ।

ਚੰਦੂ ਨੇ ਆਪਣੀ ਨਿੱਜੀ ਦੁਸ਼ਮਣੀ ਅਤੇ ਹਾਕਮ ਦੇ ਹੁਕਮਾਂ ਦੀ ਪਾਲਨਾ



# ਕਲਯੁੱਗ ਵਿੱਚ ਬੁਢਾਪੇ ਦਾ ਸਹਾਰਾ....

**ਸ.ਪ੍ਰਕਾਸ਼ ਸਿੰਘ ਗਿਲ**
ਪੰਜਾਬੀ ਹੈਲਪ ਲਾਈਨ
9212632234

ਦੀ ਆੜ ਵਿੱਚ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦਿੱਤੇ।ਗੁਰੂ ਜੀ ਨੂੰ ਅਤਿ ਗਰਮੀ ਵਿੱਚ ਅੱਗ ਨਾਲ ਸੜਦੀ ਲੋਹ ਉਪਰ ਬਿਠਾਇਆ ਗਿਆ। ਕੜਛਿਆਂ ਰਾਹੀਂ ਤੱਤੀ ਰੇਤ ਸਰੀਰ ਉਪਰ ਧੂੜੀ ਗਈ ਅਤੇ ਦੇਗ ਵਿੱਚ ਉਬਾਲਿਆ ਗਿਆ।

ਸ਼ਾਂਤੀ ਦੇ ਪੁੰਜ ਅਤੇ ਨਿਮਰਤਾ ਤੇ ਪਰਉਪਕਾਰ ਦੀ ਮੂਰਤ ਆਪਣੇ ਅਸੂਲਾਂ ਤੇ ਟਿਕੇ ਰਹੇ। ਗੁਰੂ ਜੀ ਧਰਮ ਅਤੇ ਕੌਮ ਨੂੰ ਕਾਇਮ ਰੱਖਣ .ਖ਼ਾਤਰ ਜੇਠ ਸੁਦੀ ਚੌਥ ਵਾਲੇ ਦਿਨ ਜੋਤੀ-ਜੋਤ ਸਮਾ ਗਏ।ਮਨੁੱਖ ਆਪਣੀ ਜ਼ਿੰਦਗੀ ਵਿੱਚ ਜੀਵਨ ਦੀਆਂ ਤਿੰਨ ਅਵਸਥਾ ਦਾ ਆਨੰਦ ਮਾਣਦਾ ਹੈ। ਬਾਲ, ਜਵਾਨੀ ਅਤੇ ਬੁਢਾਪਾ। ਉਹ ਮਨੁੱਖ ਭਾਗਾਂ ਵਾਲੇ ਮੰਨੇ ਜਾਂਦੇ ਹਨ ਜਿੰਨਾਂ ਨੂੰ ਇਹਨਾਂ ਤਿੰਨਾਂ ਅਵਸਥਾਵਾਂ ਦੇ ਰੰਗ ਮਾਣਨ ਦਾ ਮੌਕਾ ਮਿਲਦਾ ਹੈ। ਜੇਕਰ ਆਪਾਂ ਆਪਣੇ ਪਿਛੋਕੜ ਵੱਲ ਨਿਗਾਹ ਮਾਰੀਏ ਤਾਂ ਵੇਖਾਂਗੇ ਕਿ ਸਾਡੇ ਬਾਬੇ-ਦਾਦਿਆਂ ਨਾਲ ਆਪਣੇ ਜੀਵਨ ਵਿੱਚ ਇਹ ਤਿੰਨੇ ਰੰਗ ਮਾਣੇ ਹਨ। ਉਹਨਾਂ ਨੇ ਬਾਲ-ਅਵਸਥਾ ਵਿੱਚ ਆਪਣੇ ਬਚਪਨ ਦੀਆਂ ਸ਼ਰਾਰਤਾਂ ਅਤੇ ਖੇਡਾਂ ਨਾਲ ਬਤੀਤ ਕੀਤਾ। ਜਵਾਨੀ ਵਿੱਚ 'ਰੱਜ ਕੇ ਖਾ ਤੇ ਦੱਬ ਕੇ ਵਾਹ' ਵਾਲੀ ਗੱਲ ਤੇ ਪੂਰੇ ਉਤਰਦੇ ਹੋਏ ਹੱਥੀਂ ਕੰਮ ਨੂੰ ਪਹਿਲ ਦਿੱਤੀ। ਫੇਰ ਆਇਆ ਬੁਢਾਪਾ! ਉਹ ਬੁਢਾਪਾ ਜਿਸ ਤੋਂ ਬਚਣ ਲਈ ਮਨੁੱਖ ਅਨੇਕਾਂ ਓਹੜ-ਪੁਹੜ ਕਰਦਾ ਹੈ। ਕਦੀ ਆਪਣੇ ਵਾਲਾਂ ਨੂੰ ਰੰਗਦਾ ਹੈ ਤੇ ਕਦੇ ਮੂੰਹ ਤੇ ਵੱਖ-ਵੱਖ ਲੇਪ ਲਾ ਕੇ ਬਚਣ ਦੀ ਕੋਸ਼ਿਸ਼ ਕਰਦਾ ਹੈ।



ਪੁਰਾਣੇ ਸਮਿਆਂ ਵਿੱਚ ਬਜ਼ੁਰਗ ਆਪਣਾ ਸਮਾਂ ਪਿੰਡ ਦੀ ਸੱਥ ਜਾਂ ਬੋਹੜ ਹੇਠਾਂ ਬਤੀਤ ਕਰ ਲਿਆ ਕਰਦੇ ਸਨ। ਉਥੇ ਬੈਠ ਕੇ ਹਾਸਾ-ਠੱਠਾ ਕਰਨਾ, ਤਾਸ਼ ਦੀ ਬਾਜ਼ੀਆਂ ਲਾਉਣੀਆਂ, ਧਰਮ-ਕਰਮ ਦੀ ਗੱਲ ਕਰ ਲੈਣ ਨੂੰ ਹੀ ਰੱਬ ਨੂੰ ਯਾਦ ਕਰਨਾ ਸਮਝ ਲੈਂਦੇ ਸਨ ਜਾਂ ਫੇਰ ਰਾਜਨੀਤੀ ਤੇ ਤਪਸਰੇ ਕਰਕੇ ਆਪਣੇ ਮਨ ਦੀ ਭੜਾਸ ਕੱਢ ਲੈਣੀ ਤੇ ਆਥਣੇ ਦਿਨ ਛਿਪੇ ਨੂੰ ਘਰ ਮੁੜ ਆਉਣਾ। ਉਸ ਵੇਲੇ ਉਹਨਾਂ ਬਜ਼ੁਰਗਾਂ ਨੂੰ ਆਪਣਾ ਬੁਢਾਪਾ ਇੱਕ ਬੋਝ ਨਹੀਂ ਸੀ ਲੱਗਦਾ। ਘਰ ਦੇ ਜੀਅ ਵੀ ਉਹਨਾਂ ਨੂੰ ਆਪਣੇ ਤੇ ਭਾਰ ਨਹੀਂ ਸਮਝਦੇ ਸਨ ਸਗੋਂ ਦੁੱਖ-ਸੁੱਖ ਵੇਲੇ ਉਹਨਾਂ ਦੀ ਕੀਮਤੀ ਸਲਾਹ ਲੈ ਕੇ ਆਪਣੇ ਅੜੇ-ਜੁੜੇ ਮਸਲੇ ਹਲ ਹੀ ਕਰ ਲੈਂਦੇ ਸਨ।

ਅਸੀਂ ਸਾਰੇ ਉਸ ਪੀੜੀ ਨਾਲ ਸੰਬੰਧ ਰੱਖਦੇ ਹਾਂ ਜਿਸ ਨੇ ਆਪਣੇ ਬਜ਼ੁਰਗਾਂ ਦੀ ਗੋਦ ਦਾ ਨਿੱਘ ਮਾਣਿਆ ਹੈ। ਸਿਰਫ਼ ਨਿੱਘ ਹੀ ਨਹੀਂ ਬਲਕਿ ਮੈਂ ਤਾਂ ਕਹਾਂਗਾ ਕਿ ਉਹਨਾਂ ਦੀ ਸੰਗਤ ਕੀਤੀ ਹੈ। ਸਾਡੇ ਉਹ ਬਜ਼ੁਰਗ ਆਪਣੇ ਦੋਹਤੇ-ਪੋਤਿਆਂ ਨਾਲ ਜਿੱਥੇ ਸਮਾਂ ਗੁਜ਼ਾਰਦੇ ਸਨ ਉਥੇ ਹੀ ਉਹਨਾਂ ਨੂੰ ਆਪਣੇ ਜੀਵਨ ਦੇ ਤਜ਼ਰਬੇ ਤੇ ਅਧਾਰਿਤ ਗੱਲਾਂ ਨੂੰ 'ਕਹਾਣੀਆਂ' ਦੇ ਰੂਪ ਵਿੱਚ ਦੱਸਦੇ ਸਨ। ਜਿਸ ਦਾ ਮਕਸਦ ਇਹ ਹੁੰਦਾ ਸੀ ਕਿ ਸਾਨੂੰ ਜੀਵਨ ਜੀਉਣ ਸੰਬੰਧੀ ਚੱਜ-ਅਚਾਰ ਆ ਸਕੇ। ਲੇਕਿਨ ਹੌਲੀ-ਹੌਲੀ ਉਹਨਾਂ ਬਜ਼ੁਰਗਾਂ ਦੀ ਤਰ੍ਹਾਂ ਇਹ ਪਨੀਰੀ ਸਮਾਜ ਵਿੱਚੋਂ ਅਲੋਪ ਹੁੰਦੀ ਜਾ ਰਹੀ ਹੈ।

ਅੱਜ 21ਵੀਂ ਸਦੀ ਦੀ ਪਨੀਰੀ ਜਿਸ ਨੇ ਜਦੋਂ ਇਸ ਸੰਸਾਰ ਵਿੱਚ ਆਪਣੀਆਂ ਅੱਖਾਂ ਖੋਲ੍ਹੀਆਂ ਤਾਂ ਉਹਨਾਂ ਸਾਹਮਣੇ ਬਜ਼ੁਰਗਾਂ ਦੀ ਥਾਂ ਇਲਕੈਟ੍ਰੋਨਿਕ ਗੈਜਟ, ਖਿਡੌਣਿਆਂ ਦੇ ਨਾਲ-ਨਾਲ ਸ਼ੋਸ਼ਲ ਮੀਡੀਆ ਵਰਗੀਆਂ ਅਲਾਮਤਾਂ ਮੌਜੂਦ ਹਨ। ਹੁਣ ਇਹਨਾਂ ਬੱਚਿਆਂ ਨੇ ਆਪਣੇ ਬਜ਼ੁਰਗਾਂ ਦੀ ਗੋਦ ਦਾ ਨਿੱਘ ਨਹੀਂ ਮਾਣਿਆ, ਉਹਨਾਂ ਦੀ ਸੰਗਤ ਨਹੀਂ ਕੀਤੀ। ਇਸ ਦਾ ਮੂਲ ਕਾਰਣ ਹੈ ਕਿ ਉਹਨਾਂ ਕੋਲ ਆਪਣੇ ਮਨ-ਪਰਚਾਵੇ ਲਈ ਇੱਕ ਨਹੀਂ ਬਲਕਿ ਸੈਂਕੜੇ ਸਾਧਨ ਮੌਜੂਦ ਹਨ। ਘਰਾਂ ਦੇ ਬਜ਼ੁਰਗ ਉਹਨਾਂ ਨੂੰ ਆਪਣੀ ਗੋਦ ਦਾ ਨਿੱਘ ਦੇਣਾ ਚਾਹੁੰਦੇ ਹਨ। ਲੇਕਿਨ ਮਾਡਰਨ ਮਾਂਵਾਂ ਨੂੰ ਲੱਗਦਾ ਹੈ ਕਿ ਸ਼ਾਇਦ ਉਹ ਉਹਨਾਂ ਦੇ ਬੱਚਿਆਂ ਨੂੰ ਉਹ ਮਾਹੌਲ ਨਹੀਂ ਦੇ ਸਕਣਗੇ ਜਿਸ ਦੇ ਉਹ ਹੱਕਦਾਰ ਹਨ। ਸੰਯੁਕਤ ਪਰਿਵਾਰਾਂ ਦੀ ਰਵਾਇਤ ਖ਼ਤਮ ਹੋ ਚੁੱਕੀ ਹੈ। ਇਥੇ ਮੈਨੂੰ ਆਪਣੇ ਇੱਕ ਮਿੱਤਰ ਦੀ ਯਾਦ ਆ ਗਈ। ਉਸ ਦਾ ਬੇਟਾ ਜੋ ਮਸਾਂ ਅਜੇ 6 ਮਹੀਨਿਆਂ ਦਾ ਹੈ ਤੇ ਹੁਣ ਤੋਂ ਉਸ ਨੂੰ ਇਲੈਟ੍ਰੋਨਿਕ ਗੈਜ਼ਟ ਤੇ ਮੋਬਾਇਲ ਨਾਲ ਇਨਾਂ ਮੋਹ ਪੈ ਗਿਆ ਹੈ ਕਿ ਉਹ ਘਰ ਵਿੱਚ ਮੌਜੂਦ ਆਪਣੇ ਦਾਦਾ-ਦਾਦੀ ਨਾਲ ਘੱਟ ਖੇਡਦਾ ਹੈ ਤੇ ਇਹਨਾਂ ਚੀਜ਼ਾਂ ਨਾਲ ਜ਼ਿਆਦਾ ਸਮਾਂ ਗੁਜ਼ਾਰਦਾ ਹੈ।

ਕੀ ਕਦੀ ਕਿਸੇ ਨੇ ਸੋਚਿਆ ਹੈ ਕਿ ਇਹ ਪਨੀਰੀ ਜਦੋਂ ਜਵਾਨੀ ਤੋਂ

ਉਪਰੰਤ ਬੁਢਾਪੇ ਵਿੱਚ ਆਪਣੇ ਪੈਰ ਰੱਖੇਗੀ ਤਾਂ ਉਹਨਾਂ ਕੋਲ ਕੌਣ ਹੋਵੇਗਾ। ਇਹਨਾਂ ਬੱਚਿਆਂ ਭਾਵ ਨੌਜਵਾਨਾਂ ਕੋਲ ਨਾ ਤਾਂ ਆਪਣੇ ਮਾਪੇ ਹੋਣਗੇ, ਨਾ ਹੀ ਰਿਸ਼ਤੇਦਾਰ, ਇਥੋਂ ਤੱਕ ਕਿ ਯਾਰ-ਦੋਸਤ ਵੀ ਨਹੀਂ ਹੋਣੇ। ਇਸ ਦਾ ਮੂਲ ਕਾਰਣ ਇਹ ਹੈ ਕਿ ਇਹਨਾਂ ਨੌਜਵਾਨਾਂ ਨੇ ਬਚਪਨ ਤੋਂ ਜਵਾਨੀ ਤੱਕ ਸਿਰਫ਼ ਇੱਕ ਹੀ ਚੀਜ਼ ਦਾ ਨਿੱਘ ਮਾਣਿਆ ਹੈ, ਉਹ ਹੈ 'ਮੋਬਾਇਲ ਫੋਨ' ਤੇ ਉਸ ਨਾਲ ਜੁੜੇ ਹੋਏ 'ਐਪ' ਅਧਾਰਿਤ ਵੱਟਸਐਪ, ਇੰਸਟਾਂਗ੍ਰਾਮ, ਫੇਸ ਬੁੱਕ ਤੇ ਹੋਰ ਅਨੇਕਾਂ ਐਪਾਂ ਨਾਲ ਜੀਵਨ ਦਾ ਵੱਡਮੁੱਲਾ ਸਮਾਂ ਗੁਜ਼ਾਰਿਆ।

ਜਦੋਂ ਸਿਰ ਤੇ ਚਿੱਟੇ ਵਾਲਾਂ ਨੇ ਆਪਣਾ ਅਸਰ ਵਿਖਾਉਣਾ ਸ਼ੁਰੂ ਕੀਤਾ, ਮੂੰਹ ਤੇ ਝੁਰੜੀਆਂ ਆਉਣੀਆਂ ਸ਼ੁਰੂ ਹੋਈਆਂ। ਬੱਚਿਆਂ ਵੱਲੋਂ ਪ੍ਰਦੇਸਾਂ ਵਿੱਚ ਉਡਾਰੀ ਮਾਰ ਲਈ ਗਈ। ਰਿਸ਼ਤੇਦਾਰ, ਮਿੱਤਰਾਂ ਵੱਲੋਂ ਪਾਸਾ ਵੱਟ ਲਿਆ ਗਿਆ। ਉਸ ਸਮੇਂ ਇਹਨਾਂ ਬਜ਼ੁਰਗਾਂ ਨੇ ਆਪਣੀ ਜ਼ਿੰਦਗੀ ਜਿਉਣ ਦਾ ਸਹਾਰਾ ਭਾਵ 'ਕੱਲਯੁਗ ਵਿੱਚ ਬੁਢਾਪੇ ਦਾ ਸਹਾਰਾ' ਸ਼ੋਸ਼ਲ ਮੀਡੀਆ ਨੂੰ ਹੀ ਮੰਨਿਆ। ਇਹ ਸਮਾਂ ਜਦੋਂ ਧਰਮ-ਕਰਮ ਦੇ ਕਾਰਜਾਂ ਵਿੱਚ ਬਤੀਤ ਕਰਨ ਦਾ ਹੁੰਦਾ ਹੈ, ਉਸ ਸਮੇਂ ਵੀ ਉਹ ਇਹਨਾਂ ਐਪਾਂ ਰਾਹੀਂ ਜੀਵਨ ਦੀਆਂ ਘੜੀਆਂ ਵਿਅਰਥ ਗੁਆ ਰਿਹਾ ਹੈ।

ਆਓ ਜੇਕਰ ਅਸੀਂ ਜੀਵਨ ਦੀਆਂ ਸੱਚੀਆਂ ਖੁਸ਼ੀਆਂ ਲੱਭਣਾਂ ਚਾਹੁੰਦੇ ਹਾਂ ਤਾਂ ਇਹਨਾਂ 'ਐਪਾਂ' ਤੋਂ ਆਪਣਾ ਖਹਿੜਾ ਛੁਡਾਈਏ ਤੇ ਫਿਰ ਤੋਂ ਉਸ ਦੁਨੀਆਂ ਵਿੱਚ ਮੁੜ ਆਈਏ ਜਿੱਥੇ ਸਾਡੇ ਬਜ਼ੁਰਗ ਬਾਹਵਾਂ ਟੱਡ ਕੇ ਸਾਡਾ ਇੰਤਜ਼ਾਰ ਕਰ ਰਹੇ ਹਨ।




ਸ.ਬਲਵਿੰਦਰ ਸਿੰਘ ਚਾਹਲ
ਪਿਤਾ - ਸ. ਪੂਰਨ ਸਿੰਘ
ਪਿੰਡ - 50 ਆਰ ਬੀ
ਤਹਿਸੀਲ - ਪਦਮਪੁਰ
ਜ਼ਿਲ੍ਹਾ - ਸ੍ਰੀਗੰਗਾਨਗਰ
ਅਹੁਦਾ - ਸੀਨੀਅਰ ਅਧਿਆਪਕ, ਪੰਜਾਬੀ।
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਾਮਕੋਟ।

**'ਪੈੜਾਂ'ਪੰਜਾਬੀ ਸਾਹਿਤਕ ਰਸਾਲਾ,ਰਾਜਸਥਾਨ**

ਆਪ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ ਕਿ ਆਪ ਜੀ ਨੇ ਪੰਜਾਬੀ ਮਾਂ-ਬੋਲੀ ਦੀ ਖ਼ਿਦਮਤ ਰੂਪੀ ਇਸ ਉਪਰਾਲੇ ਨੂੰ ਆਰਥਿਕ ਸਹਿਯੋਗ (ਅਪ੍ਰੈਲ 24 ਪ੍ਰਿੰਟ ਐਡੀਸ਼ਨ ਦਾ ਸਾਰਾ ਖਰਚਾ) ਦੇ ਕੇ ਹੱਲਾ-ਸ਼ੇਰੀ ਦਿਤੀ ਅਤੇ ਆਪਣਾ ਆਪਣੀ ਮਾਂ-ਬੋਲੀ ਲਈ ਬਣਦਾ ਫ਼ਰਜ ਨਿਭਾਇਆ।

ਸੁਣ ਲੈ ਸੱਜਣਾ ਸਦਾ 'ਉਸ ਦੀ'
ਨਾ ਜਾਇਆ ਜ਼ਿੰਦਗੀ ਨੂੰ ਕਰ।
ਫਿਰ ਨਾ ਜਾਣੇ ਕਿਸ ਗਲ਼ੀ ਵਿੱਚ
ਇਸ ਜ਼ਿੰਦਗੀ ਦੀ ਸ਼ਾਮ ਹੋ ਜਾਏ।।







ਪੰਜਾਬੀ ਬੋਲੀ ਦੀ ਖ਼ਿਦਮਤ ਕਰਨ ਲਈ 'ਪੈੜਾਂ' ਪੰਜਾਬੀ ਸਾਹਿਤਕ ਰਸਾਲਾ, ਰਾਜਸਥਾਨ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੈਗਜ਼ੀਨ ਨੂੰ ਆਪ ਜੀ ਦੀ ਹੱਲਾ-ਸ਼ੇਰੀ ਦੀ ਬਹੁਤ ਲੋੜ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਰਸਾਲੇ ਦੇ ਪਾਠਕ ਬਣੋ ਅਤੇ ਆਪਣੇ ਜਾਣਕਾਰਾਂ ਨੂੰ ਵੀ ਇਸ ਨਾਲ ਜੋੜੋ।

ਪੈੜਾਂ • paidhaanpunjabimagazine@gmail.com ਸਾਲ-2 ਅੰਕ-3 ਮਈ-ਜੁਲਾਈ 2024
ਪੰਜਾਬੀ ਸਾਹਿਤਕ ਰਸਾਲਾ,ਰਾਜਸਥਾਨ wwww.paidaanmagazine.com



# ਕਿਵੇਂ ਕਰੀਏ ਦੰਦਾਂ ਅਤੇ ਮਸੂੜ੍ਹਿਆਂ ਦੀ ਉਚਿਤ ਦੇਖ-ਭਾਲ

**ਡਾ. ਪੁਨੀਤ ਕਮਲ ਨਾਗੀ**
ਐੱਮ.ਡੀ.ਐੱਸ. (ਪੈਰੀਡੋਂਟਿਸਟ)
ਦਿਲੀ

ਰੱਬ ਦੀ ਬਣਾਈ ਕੁਦਰਤ ਨੇ ਮਨੁੱਖ ਨੂੰ ਕਈ ਬੇਸ਼ਕੀਮਤੀ ਨੇਮਤਾਂ ਨਾਲ ਨਿਵਾਜਿਆ ਹੈ। ਸਾਡੇ ਮੂੰਹ ਵਿੱਚ ਮੋਤੀਆਂ ਵਾਂਗ ਪਰੋਏ ਹੋਏ ਦੰਦ ਇਹਨਾਂ ਅਨਮੋਲ ਨੇਮਤਾਂ ਵਿੱਚੋਂ ਇੱਕ ਹਨ। ਹਾਲਾਂਕਿ ਇਹ ਕਿੰਨੀ ਕੁ ਵੱਡੀ ਬਖ਼ਸ਼ੀਸ਼ ਹਨ ਇਹ ਅਸੀਂ ਆਪਣੇ ਦੰਦਾਂ ਨੂੰ ਗਵਾਉਣ ਤੋਂ ਬਾਅਦ ਹੀ ਸਮਝਦੇ ਹਾਂ। ਦੰਦਾਂ ਦੀ ਅਹਿਮੀਅਤ ਸਮਾਂ ਰਹਿੰਦੇ ਜੇ ਕੋਈ ਸਮਝ ਲਵੇ ਤਾਂ ਸਾਰੀ ਉਮਰ ਉਹ ਇਹਨਾਂ ਦੇ ਸਹਾਰੇ ਇੱਕ ਸਿਹਤਮੰਦ ਅਤੇ ਖ਼ੂਬਸੂਰਤ ਸਰੀਰ ਦਾ ਅਨੰਦ ਮਾਣ ਸਕਦਾ ਹੈ। ਆਉ ਅੱਜ ਸਰੀਰ ਦੇ ਇਸ ਅਨਮੋਲ ਹਿੱਸੇ ਬਾਰੇ ਆਪਣੀ ਜਾਣਕਾਰੀ ਵਿੱਚ ਵਾਧਾ ਕਰੀਏ ਤਾਂ ਕਿ ਇਹਨਾਂ ਦੀ ਅਹਿਮੀਅਤ ਦਾ ਸਾਨੂੰ ਇਹਸਾਸ ਹੋਵੇ ਅਤੇ ਇਹਨਾਂ ਦੀ ਵਧੀਆ ਤਰੀਕੇ ਨਾਲ ਸਾਂਭ-ਸੰਭਾਲ ਕਰਨ ਵੱਲ ਸਾਡਾ ਰੁਝਾਨ ਹੋਵੇ।



ਮਨੁੱਖੀ ਸਰੀਰ ਵਿੱਚ ਦੰਦਾਂ ਦੇ ਦੋ ਸੈੱਟ ਪਾਏ ਜਾਂਦੇ ਹਨ- ਕੱਚੇ ਦੰਦ ਜੋ ਕਿ ਦੁੱਧ ਦੇ ਦੰਦ ਵੀ ਕਹਿਲਾਉਂਦੇ ਹਨ, ਅਤੇ ਪੱਕੇ ਦੰਦ। ਦੁੱਧ ਦੇ ਦੰਦ ਬਚੇ ਵਿੱਚ 6 ਮਹੀਨੇ ਦੀ ਉਮਰ ਤੋਂ ਮੂੰਹ ਵਿੱਚ ਆਉਣਾ ਸ਼ੁਰੂ ਕਰਦੇ ਹਨ ਅਤੇ 3 ਸਾਲ ਦੀ ਉਮਰ ਵਿੱਚ ਇਹ ਸੈੱਟ ਪੂਰਾ ਹੋ ਜਾਂਦਾ ਹੈ। ਇਹ ਕੁਲ 20 ਦੰਦ ਹੁੰਦੇ ਹਨ, 10 ਉੱਪਰਲੇ ਅਤੇ 10 ਹੇਠਲੇ ਜਬਾੜੇ ਵਿੱਚ। ਇਹ ਦੰਦ ਇੱਕ ਛੋਟੇ ਬੱਚੇ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਇੱਕ ਬਹੁਤ ਅਹਿਮ ਭੂਮਿਕਾ ਨਿਭਾਉਂਦੇ ਹਨ। ਬੱਚੇ ਦੇ ਜਬਾੜ੍ਹਿਆਂ ਦੇ ਸਹੀ ਵਿਕਾਸ ਲਈ ਅਤੇ ਆਉਣ ਵਾਲੇ ਪੱਕੇ ਦੰਦਾਂ ਦੀ ਚੰਗੀ ਸਿਹਤ ਲਈ ਇਹ ਦੁੱਧ ਦੇ ਦੰਦ ਇੱਕ ਬੁਨਿਆਦ ਵਜੋਂ ਕੰਮ ਕਰਦੇ ਹਨ। ਇਸ ਕਰਕੇ ਇਹਨਾਂ ਦਾ ਸਿਹਤਮੰਦ ਹੋਣਾ ਬਹੁਤ ਜ਼ਰੂਰੀ ਹੈ। ਦੁੱਧ ਦੇ ਦੰਦਾਂ ਦੀ ਸੰਭਾਲ ਚੰਗੇ ਤਰੀਕੇ ਕਰਨੀ ਚਾਹੀਦੀ ਹੈ ਅਤੇ ਜੇਕਰ ਇਹ ਖ਼ਰਾਬ ਹੋ ਜਾਣ ਤਾਂ ਇਹ ਸੋਚ ਕੇ ਕਿ ਇਹ ਟੁੱਟ ਕੇ ਦੋਬਾਰਾ ਆ ਹੀ ਜਾਣੇ ਹਨ ਇਹਨਾਂ ਦੇ ਇਲਾਜ ਵਿੱਚ ਢਿੱਲ ਨਹੀਂ ਕਰਨੀ ਚਾਹੀਦੀ।

ਸਾਡੇ ਮੂੰਹ ਵਿੱਚ ਪੱਕੇ ਦੰਦ 6 ਸਾਲ ਦੀ ਉਮਰ ਵਿੱਚ ਆਉਣਾ ਸ਼ੁਰੂ ਕਰਦੇ ਹਨ। ਵਾਰੋ-ਵਾਰੀ ਕੱਚੇ ਦੰਦ ਟੁੱਟਦੇ ਹਨ ਅਤੇ ਪੱਕੇ ਦੰਦ ਉਹਨਾਂ ਦੀ ਜਗ੍ਹਾ ਲੈ ਲੈਂਦੇ ਹਨ। 13-14 ਸਾਲ ਦੀ ਉਮਰ ਤੱਕ ਸਾਰੇ ਕੱਚੇ ਦੰਦ ਟੁੱਟ ਜਾਂਦੇ ਹਨ ਅਤੇ ਇਸ ਸਮੇਂ ਮੂੰਹ ਵਿੱਚ ਕੁਲ 28 ਦੰਦ ਮੌਜੂਦ ਹੁੰਦੇ ਹਨ, 14 ਉੱਪਰਲੇ ਅਤੇ 14 ਹੇਠਲੇ ਜਬਾੜੇ ਵਿੱਚ। 20 ਤੋਂ 22 ਸਾਲ ਦੀ ਉਮਰ ਵਿੱਚ ਇੱਕ ਅਖੀਰਲੀ ਦਾੜ੍ਹ,ਜਿਸ ਨੂੰ 'ਅਕਲ ਦਾੜ੍ਹ' ਵੀ ਆਖਿਆ ਜਾਂਦਾ ਹੈ,ਸਾਡੇ ਮੂੰਹ ਵਿੱਚ ਆਉਂਦੀ ਹੈ। ਇਸ ਦੇ ਨਾਲ ਸਾਡਾ 32 ਪੱਕੇ ਦੰਦਾਂ ਦਾ ਸੈੱਟ ਪੂਰਾ ਹੋ ਜਾਂਦਾ ਹੈ। ਹਾਲਾਂਕਿ ਇਹ ਅਕਲ ਦਾੜ੍ਹ ਹਰ ਕਿਸੇ ਦੇ ਮੂੰਹ ਵਿੱਚ ਨਹੀਂ ਆਉਂਦੀ ਅਤੇ ਇਸ ਲਈ ਹਰ ਮਨੁੱਖ ਦੇ ਮੂੰਹ ਵਿੱਚ ਪੂਰੇ 32 ਦੰਦ ਹੋਣਾ ਲਾਜ਼ਮੀ ਨਹੀਂ ਹੈ।

ਦੰਦ ਸਾਡੇ ਮੂੰਹ ਵਿੱਚ ਸਾਡੇ ਬੁੱਟਾਂ ਵਿੱਚੋਂ ਬਾਹਰ ਆਉਂਦੇ ਹਨ। ਇਹਨਾਂ ਦੀ ਜੜ੍ਹ ਹੱਡੀ ਦੇ ਅੰਦਰ ਮੌਜੂਦ ਹੁੰਦੀ ਹੈ ਅਤੇ ਹੱਡੀ ਨੇ ਬੜੀ ਹੀ ਮਜ਼ਬੂਤੀ ਨਾਲ ਜੜ੍ਹ ਨੂੰ ਪਕੜ ਕੇ ਰੱਖਿਆ ਹੁੰਦਾ ਹੈ। ਹੱਡੀ ਅਤੇ ਉਸ ਵਿਚਲੀ ਦੰਦਾਂ ਦੀ ਜੜ੍ਹ ਮੂੰਹ ਵਿੱਚ ਮਸੂੜ੍ਹਿਆਂ ਨਾਲ ਜੁੜੀ ਹੁੰਦੀ ਹੈ। ਸਾਡੇ ਮਸੂੜ੍ਹੇ ਦੰਦਾ ਦੀ ਹੱਡੀ ਵਿੱਚ ਪਕੜ ਨੂੰ ਚੰਗੀ ਤਰ੍ਹਾਂ ਬਣਾਏ ਰੱਖਣ ਦਾ ਕੰਮ ਕਰਦੇ ਹਨ।

ਬੇਸ਼ੱਕ ਸਾਡੇ ਮੂੰਹ ਵਿੱਚ 32 ਦੰਦ ਹਨ ਪਰ ਹਰ ਇੱਕ ਦੰਦ ਦੀ ਆਪਣੀ ਮਹੱਤਤਾ ਹੈ। ਅੱਗੇ ਵਾਲੇ ਦੰਦ ਸਾਡੇ ਖਾਣੇ ਨੂੰ ਕੱਟਣ ਦੇ ਕੰਮ ਆਉਂਦੇ ਹਨ ਅਤੇ ਪਿੱਛੇ ਵਾਲੀਆਂ ਦਾੜ੍ਹਾਂ ਖਾਣੇ ਨੂੰ ਚਬਾਉਣ ਦੇ। ਸਾਡੇ ਸਰੀਰ ਦੀ ਪਾਚਨ-ਕ੍ਰਿਆ ਦੰਦਾਂ ਅਤੇ ਸਾਡੇ ਥੁੱਕ ਰਾਹੀਂ ਮੂੰਹ ਵਿੱਚ ਹੀ ਸ਼ੁਰੂ ਹੋ ਜਾਂਦੀ ਹੈ। ਸਾਡੀ ਪਾਚਨ-ਸ਼ਕਤੀ ਲਈ ਦੰਦਾਂ ਦਾ ਸਿਹਤਮੰਦ ਬਣੇ ਰਹਿਣਾ ਬਹੁਤ ਜ਼ਰੂਰੀ ਹੈ।

ਹਰ ਇੱਕ ਦੰਦ ਦੀ ਸਿਹਤ ਲਈ ਉਹਦੇ ਨਾਲ ਲੱਗਦੇ ਅਤੇ ਵਿਰੋਧੀ ਦੰਦਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਹਰ ਇੱਕ ਦੰਦ ਮਹੱਤਵਪੂਰਨ ਅਤੇ ਬੇਸ਼ਕੀਮਤੀ ਹੈ ਇਹ ਸਾਨੂੰ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਅਤੇ ਆਪਣੇ ਦੰਦਾਂ ਨੂੰ ਸਿਹਤਮੰਦ ਬਣਾਏ ਰੱਖਣ ਦੀ ਹਰ ਸੰਭਵ ਕੋਸ਼ਸ਼ ਕਰਨੀ ਚਾਹੀਦੀ ਹੈ।

ਇੱਕ ਦੰਦ ਦੀ ਬਣਤਰ ਨੂੰ ਜੇਕਰ ਅਸੀਂ ਦੇਖੀਏ ਤਾਂ ਉਸਦੀਆਂ ਮੁੱਖ ਤੌਰ ਤੇ ਤਿੰਨ ਪਰਤਾਂ ਹੁੰਦੀਆਂ ਹਨ। ਸਭ ਤੋਂ ਅੰਦਰ ਵਾਲੀ ਪਰਤ ਨੂੰ 'ਪਲਪ' ਕਿਹਾ ਜਾਂਦਾ ਹੈ। ਇਹ ਪਰਤ ਦੰਦ ਦਾ ਨਰਮ ਹਿੱਸਾ ਹੈ। ਇਸ ਤੋਂ ਉੱਪਰ 'ਡੈਂਟੀਨ' ਦੀ ਪਰਤ ਹੁੰਦੀ ਹੈ। ਡੈਂਟੀਨ ਦੰਦ ਦੀ ਸਖ਼ਤ ਪਰਤ ਹੈ। ਇਹਨਾਂ ਦੋਵੇਂ ਪਰਤਾਂ ਵਿੱਚ ਮਹਿਸੂਸ ਕਰਨ ਦੀ ਤਾਕਤ ਹੁੰਦੀ ਹੈ। ਫਿਰ ਡੈਂਟੀਨ ਦੇ ਉੱਪਰ ਇੱਕ ਹੋਰ ਸਖ਼ਤ ਪਰਤ ਹੁੰਦੀ ਹੈ ਜਿਸ ਨੂੰ 'ਇਨੇਮਲ' ਕਿਹਾ ਜਾਂਦਾ ਹੈ। ਇਹ ਦੰਦ ਦੇ ਡੈਂਟੀਨ-ਪਲਪ ਕੰਮਪਲੈਕਸ ਨੂੰ ਢੱਕ ਕੇ ਦੰਦ ਦੇ ਮਹਿਸੂਸ ਕਰਨ ਵਾਲੇ ਹਿੱਸੇ ਦਾ ਸੰਪਰਕ ਮੂੰਹ ਵਿਚਲੇ ਵਾਤਾਵਰਣ ਨਾਲੋਂ ਖ਼ਤਮ ਕਰ ਦਿੰਦੀ ਹੈ। ਇਸ ਕਰਕੇ ਜਦੋਂ ਤੱਕ ਇਨੇਮਲ ਦੀ ਪਰਤ ਸਿਹਤਮੰਦ ਰਹਿੰਦੀ ਹੈ ਉਦੋਂ ਤੱਕ

ਸਾਡਾ ਦੰਦ ਕੁਝ ਵੀ ਮਹਿਸੂਸ ਨਹੀਂ ਕਰਦਾ ਅਤੇ ਅਸੀਂ ਬਿਨਾਂ ਕਿਸੇ ਪਰੇਸ਼ਾਨੀ ਤੋਂ ਹਰ ਤਰ੍ਹਾਂ ਦੇ ਖਾਣੇ ਦਾ ਭਰਪੂਰ ਅਨੰਦ ਮਾਣ ਸਕਦੇ ਹਾਂ।

ਦੰਦ ਦੀ ਜੜ੍ਹ ਜੋ ਕਿ ਹੱਡੀ ਵਿੱਚ ਹੁੰਦੀ ਹੈ, ਉਸ ਦੀ ਡੈਂਟੀਨ ਇਨੇਮਲ ਨਾਲ ਨਹੀਂ ਬਲਕਿ 'ਸੀਮੈਂਟਮ' ਨਾਮ ਦੀ ਪਰਤ ਨਾਲ ਢਕੀ ਹੁੰਦੀ ਹੈ, ਜੋ ਕਿ ਦੰਦ ਦੀ ਜੜ ਨੂੰ ਮਜ਼ਬੂਤੀ ਨਾਲ ਹੱਡੀ ਨਾਲ ਜੋੜ ਕੇ ਰੱਖਣ ਦਾ ਕੰਮ ਕਰਦੀ ਹੈ। ਇਸ ਪਰਤ ਵਿੱਚ ਵੀ ਮਹਿਸੂਸ ਕਰਨ ਦੀ ਤਾਕਤ ਹੁੰਦੀ ਹੈ।

ਆਉ! ਹੁਣ ਇਹ ਜਾਣੀਏ ਕਿ ਸਾਡੇ ਇੰਨੇ ਮਜ਼ਬੂਤੀ ਨਾਲ ਬਣੇ ਦੰਦ ਭਲਾ ਕਿਉਂ ਖ਼ਰਾਬ ਹੋ ਜਾਂਦੇ ਹਨ ਅਤੇ ਕਿਸ ਤਰ੍ਹਾਂ ਅਸੀਂ ਇਹਨਾਂ ਦਾ ਖ਼ਿਆਲ ਰੱਖ ਸਕਦੇ ਹਾਂ ਤਾਂ ਜੋ ਇਹ ਹਮੇਸ਼ਾ ਸਿਹਤਮੰਦ ਬਣੇ ਰਹਿਣ। ਦੰਦਾਂ ਦੀ ਤਕਲੀਫ਼ ਮੁੱਖ ਤੌਰ ਤੇ ਦੋ ਕਾਰਨਾਂ ਨਾਲ ਹੁੰਦੀ ਹੈ- 1. ਦੰਦ ਦੇ ਸਖ਼ਤ ਹਿੱਸੇ ਵਿੱਚ ਸੜਨ ਹੋ ਜਾਣੀ 2. ਜਾਂ ਮਸੂੜ੍ਹਿਆਂ ਅਤੇ ਹੱਡੀ ਦਾ ਦੰਦ ਦੀ ਜੜ੍ਹ ਨੂੰ ਛੱਡ ਦੇਣਾ। ਜਦੋਂ ਦੰਦ ਦੇ ਇਨੇਮਲ ਵਿੱਚ ਸੜਨ ਹੋ ਜਾਂਦੀ ਹੈ ਤਾਂ ਡੈਂਟੀਨ - ਪਲਪ ਕੰਪਲੈਕਸ ਦਾ ਸੰਪਰਕ ਮੂੰਹ ਵਿਚਲੇ ਵਾਤਾਵਰਣ ਨਾਲ ਹੋਣ ਕਰਕੇ ਦੰਦ-ਪੀੜ ਸ਼ੁਰੂ ਹੋ ਜਾਂਦੀ ਹੈ। ਅਤੇ ਜਦੋਂ ਮਸੂੜ੍ਹੇ ਦੰਦਾਂ ਨੂੰ ਛੱਡ ਜਾਂਦੇ ਹਨ ਤਾਂ ਸੀਮੈਂਟਮ ਦਾ ਸੰਪਰਕ ਮੂੰਹ ਵਿਚਲੇ ਵਾਤਾਵਰਣ ਨਾਲ ਹੋਣ ਕਰਕੇ ਸਾਡੀਆਂ ਜੜ੍ਹਾਂ ਵਿੱਚ ਸੈਂਸਟੀਵਿਟੀ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਹੋਣ ਦੇ ਵੀ ਮੁੱਖ ਤੌਰ ਤੇ ਦੋ ਕਾਰਨ ਹਨ - 1. ਸਾਡਾ ਦੰਦਾਂ ਨੂੰ ਚੰਗੀ ਤਰ੍ਹਾਂ ਸਾਫ਼ ਨਾ ਰੱਖ ਪਾਣਾ 2. ਜਾਂ ਸਾਡੇ ਖਾਣ-ਪੀਣ ਦੀਆਂ ਗ਼ਲਤ ਆਦਤਾਂ। ਆਉ! ਇਹਨਾਂ ਸਭ ਬਾਰੇ ਵਿਸਤਾਰ ਵਿੱਚ ਜਾਣੀਏ।



ਸਾਡੇ ਮੂੰਹ ਵਿੱਚ ਕੁਦਰਤਨ ਕਈ ਤਰ੍ਹਾਂ ਦੇ ਬੈਕਟੀਰੀਆ ਮੌਜੂਦ ਹੁੰਦੇ ਹਨ। ਜਦੋਂ ਅਸੀਂ ਕਿਸੇ ਵੀ ਪਦਾਰਥ ਦਾ ਸੇਵਨ ਕਰਦੇ ਹਾਂ ਤਾਂ ਉਸ ਪਦਾਰਥ ਵਿੱਚ ਮੌਜੂਦ 'ਸ਼ੂਗਰ' ਤੋਂ ਇਹ ਬੈਕਟੀਰੀਆ ਐਸਿਡ ਬਣਾ ਦੇਂਦੇ ਹਨ। ਸਾਡਾ ਇਨੇਮਲ ਕੁਝ ਵੀਹ ਕੁ ਮਿੰਟ ਤੱਕ ਤਾਂ ਇਸ ਐਸਿਡ ਨੂੰ ਝੱਲ ਸਕਦਾ ਹੈ ਪਰ ਉਸ ਨਾਲੋਂ ਜ਼ਿਆਦਾ ਸਮਾਂ ਨਹੀਂ। ਇਸ ਐਸਿਡ ਦੇ ਸੰਪਰਕ ਵਿੱਚ ਜਿੰਨੀ ਜ਼ਿਆਦਾ ਦੇਰ ਤੱਕ ਦੰਦ ਰਹੇਗਾ ਉਨ੍ਹਾਂ ਹੀ ਜ਼ਿਆਦਾ ਮੌਕਾ ਬਣੇਗਾ ਇਨੇਮਲ ਦੀ ਪਰਤ ਦੇ ਖੁਰਨ ਦਾ। ਇਨੇਮਲ ਦੀ ਪਰਤ ਦਾ ਖੁਰਨਾ ਹੀ ਦੰਦ ਦੀ ਸੜਨ ਦਾ ਕਾਰਨ ਬਣਦਾ ਹੈ।

ਬੈਕਟੀਰੀਆ ਸਾਡੇ ਦੰਦਾਂ ਨਾਲ ਚਿਪਕੇ ਹੋਏ ਖਾਣੇ ਵਿੱਚ ਮਿਲ ਜਾਂਦੇ ਹਨ ਅਤੇ ਦੰਦਾਂ ਉੱਪਰ ਇੱਕ ਪਲਾਕ ਦੀ ਪਰਤ ਬਣਾ ਲੈਂਦੇ ਹਨ। ਇਹ ਪਰਤ ਜੇ ਦੰਦਾਂ ਤੇ ਲਗਾਤਾਰ ਬਣੀ ਰਹੇ ਤਾਂ ਇਸ ਵਿੱਚ ਕੈਲਸ਼ੀਅਮ ਜਮ੍ਹਾਂ ਹੋ ਕੇ ਇਸ ਨੂੰ ਬਹੁਤ ਸਖ਼ਤ 'ਕੈਲਕੁਲਸ' ਦੀ ਪਰਤ ਬਣਾ ਦੇਂਦਾ ਹੈ। ਇਹ ਪਰਤ ਹੌਲੀ-ਹੌਲੀ ਸਾਡੇ ਮਸੂੜ੍ਹੇ ਅਤੇ ਹੱਡੀ ਦੀ ਪਕੜ ਨੂੰ ਕਮਜ਼ੋਰ ਕਰ ਦੇਂਦੀ ਹੈ ਅਤੇ ਪਾਇਓਰੀਆ ਦੀ ਤਕਲੀਫ਼ ਪੈਦਾ ਕਰਦੀ ਹੈ।

ਇਸ ਤੋਂ ਇਹ ਸਮਝ ਆਉਂਦਾ ਹੈ ਕਿ ਇੱਕ ਤਾਂ ਸਾਨੂੰ ਨਿਰਧਾਰਿਤ ਸਮੇਂ ਤੇ ਹੀ ਖਾਣਾ ਚਾਹੀਦਾ ਹੈ, ਬੇਫ਼ਿਜ਼ੂਲ ਦੀ ਸਨੈਕਿੰਗ ਨਹੀਂ ਕਰਨੀ ਚਾਹੀਦੀ। ਇਸ ਨਾਲ ਅਸੀਂ ਮੂੰਹ ਵਿੱਚ ਐਸਿਡ ਦਾ ਬਣਨਾ ਘੱਟ ਕਰ ਸਕਦੇ ਹਾਂ।

ਦੂਸਰਾ ਸਾਨੂੰ ਐਸੀ ਖ਼ੁਰਾਕ ਲੈਣੀ ਚਾਹੀਦੀ ਹੈ ਜੋ ਸਾਡੇ ਦੰਦਾਂ ਨੂੰ ਚਿਪਕੇ ਨਾ ਅਤੇ ਜਿਸ ਵਿੱਚ ਨੈਚੂਰਲ ਸ਼ੂਗਰ ਹੋਵੇ। ਪੈਕਟ ਅਤੇ ਡੱਬਾ ਬੰਦ ਚੀਜ਼ਾਂ ਜ਼ਿਆਦਾਤਰ ਨੁਕਸਾਨਦੇਹ ਹੁੰਦੀਆਂ ਹਨ। ਫਾਈਬਰ ਅਤੇ ਪ੍ਰੋਟੀਨ ਨਾਲ ਭਰਪੂਰ ਖ਼ੁਰਾਕ ਸਾਡੇ ਸਰੀਰ ਦੇ ਨਾਲ ਸਾਡੇ ਦੰਦਾਂ ਅਤੇ ਮਸੂੜ੍ਹਿਆਂ ਨੂੰ ਵੀ ਸਿਹਤਮੰਦ ਬਣਾਏ ਰੱਖਦੀ ਹੈ। ਐਸੀ ਖ਼ੁਰਾਕ ਸਾਡੇ ਮੂੰਹ ਵਿੱਚ ਸਿਹਤਮੰਦ ਥੁੱਕ ਬਣਾਉਣ ਵਿੱਚ ਵੀ ਮਦਦ ਕਰਦੀ ਹੈ

ਤੀਸਰਾ, ਸਾਨੂੰ ਆਪਣੇ ਦੰਦਾਂ ਦੀ ਜਾਂਚ ਹਰ ਛੇ ਮਹੀਨੇ ਤੋਂ ਇੱਕ ਸਾਲ ਵਿੱਚ ਜ਼ਰੂਰ ਕਰਾਉਣੀ ਚਾਹੀਦੀ ਹੈ ਤਾਂ ਜੋ ਸਮਾਂ ਰਹਿੰਦੇ ਹੀ ਦੰਦਾਂ ਅਤੇ ਮਸੂੜ੍ਹਿਆਂ ਦੀ ਤਕਲੀਫ਼ ਪਕੜ ਵਿੱਚ ਆ ਜਾਵੇ। ਸਾਨੂੰ ਡਾਕਟਰ ਕੋਲ ਜਾਣ ਲਈ ਦੰਦ ਪੀੜ ਹੋਣ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ ਕਿਉਂਕਿ ਦੰਦ ਪੀੜ ਉਦੋਂ ਕਰਦਾ ਹੈ ਜਦੋਂ ਉਹ ਜ਼ਿਆਦਾ ਖ਼ਰਾਬ ਹੋ ਚੁੱਕਾ ਹੁੰਦਾ ਹੈ।

1. ਦੰਦਾਂ ਨੂੰ ਦਿਨ ਵਿੱਚ ਦੋ ਵਾਰ ਨਰਮ ਦੰਦੀਆਂ ਵਾਲੇ ਬੁਰਸ਼ ਉੱਪਰ ਮਟਰ ਦੇ ਦਾਣੇ ਬਰਾਬਰ ਕੋਈ ਵੀ ਫ਼ਲੋਰਾਇਡ ਵਾਲਾ ਟੂੱਥ ਪੇਸਟ ਲਗਾ ਕੇ ਦੋ ਮਿੰਟ ਤੱਕ ਸਾਫ਼ ਕਰਨਾ ਚਾਹੀਦਾ ਹੈ। ਸਾਫ਼ ਕਰਨ ਦਾ ਸਹੀ ਸਮਾਂ ਪਹਿਲਾ ਨਾਸ਼ਤੇ ਤੋਂ 15-20 ਮਿੰਟ ਬਾਅਦ ਅਤੇ ਦੂਸਰਾ ਰਾਤ ਨੂੰ ਸੌਣ ਤੋਂ ਠੀਕ ਪਹਿਲਾਂ ਹੁੰਦਾ ਹੈ। ਇਸ ਤਰ੍ਹਾਂ ਬੁਰਸ਼ ਕਰਨ ਨਾਲ ਦੰਦਾਂ ਵਿੱਚ ਫਸੇ ਖਾਣੇ ਦੇ ਕਣ ਅਸਾਨੀ ਨਾਲ ਨਿਕਲ ਜਾਂਦੇ ਹਨ।

2. ਬੁਰਸ਼ ਦੇ ਨਾਲ ਸਾਨੂੰ ਰੋਜ਼ਾਨਾ ਇੱਕ ਵਾਰ ਡੈਂਟਲ ਫ਼ਲੌਸ ਨਾਲ ਵੀ ਦੰਦਾਂ ਨੂੰ ਸਾਫ਼ ਕਰਨਾ ਚਾਹੀਦਾ ਹੈ। ਬੁਰਸ਼ ਕਈ ਵਾਰ ਦੰਦਾਂ ਵਿੱਚ ਫਸੇ ਬਹੁਤ ਬਾਰੀਕ ਕਣ ਸਾਫ਼ ਨਹੀਂ ਕਰ ਪਾਉਂਦਾ ਅਤੇ ਡੈਂਟਲ ਫ਼ਲੌਸ ਇਹ ਕੰਮ ਬਾਖ਼ੂਬੀ ਕਰਦੀ ਹੈ।

3. ਸਾਡੀ ਜੀਭ ਦਾ ਸਾਫ਼ ਰਹਿਣਾ ਵੀ ਸਾਡੇ ਦੰਦਾਂ ਅਤੇ ਮਸੂੜ੍ਹਿਆਂ ਦੀ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹੈ। ਇਸ ਵਾਸਤੇ ਸਾਨੂੰ ਟੰਗ ਕਲੀਨਰ ਯਾ ਫਿਰ ਬੁਰਸ਼ ਦੀ ਵਰਤੋਂ ਰੋਜ਼ਾਨਾ ਕਰਨੀ ਚਾਹੀਦੀ ਹੈ।

ਦੰਦਾਂ ਦੀ ਸਫ਼ਾਈ ਦੀ ਸ਼ੁਰੂਆਤ ਮੂੰਹ ਵਿੱਚ ਦੰਦ ਆਉਣ ਤੇ ਵੀ ਪਹਿਲਾਂ ਹੋ ਜਾਣੀ ਚਾਹੀਦੀ ਹੈ। ਬੱਚੇ ਦੇ ਬੁੱਟ ਇੱਕ ਨਰਮ ਕੱਪੜੇ ਨਾਲ ਦੁੱਧ ਪਿਲਾਉਣ ਤੇ ਬਾਅਦ ਜ਼ਰੂਰ ਸਾਫ਼ ਕਰਨੇ ਚਾਹੀਦੇ ਹਨ। ਇਸ ਨਾਲ ਆਉਣ ਵਾਲੇ ਦੰਦਾਂ ਦੀ ਸਿਹਤ ਚੰਗੀ ਰਹਿੰਦੀ ਹੈ। ਜਦੋਂ ਹੀ ਮੂੰਹ ਵਿੱਚ ਇੱਕ ਵੀ ਦੰਦ ਆ ਜਾਵੇ ਤਾਂ ਬੁਰਸ਼ ਕਰਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਬੱਚੇ ਵਿੱਚ ਮੱਕੀ ਦੇ ਦਾਣੇ ਜਿੰਨੇ ਕੁ ਪੇਸਟ ਦੀ ਵਰਤੋਂ ਕਰਨੀ ਹੈ ਅਤੇ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਣਾ ਹੈ ਕਿ ਬੱਚੇ ਲਈ ਪੇਸਟ ਫ਼ਲੋਰਾਈਡ ਰਹਿਤ ਹੋਣਾ ਚਾਹੀਦਾ ਹੈ।

ਚੰਗੀਆਂ ਆਦਤਾਂ ਜਿੰਨੀ ਛੋਟੀ ਉਮਰ ਵਿੱਚ ਪੈ ਜਾਣ ਉਨ੍ਹਾਂ ਚੰਗਾ ਹੈ। ਆਉ! ਅੱਜ ਤੋਂ ਹੀ ਆਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਦੰਦਾਂ ਦੀ ਸਾਂਭ-ਸੰਭਾਲ ਦੀ ਚੰਗੀ ਆਦਤ ਪਾਈਏ ਅਤੇ ਆਪਣੇ ਮੋਤੀਆਂ ਵਰਗੇ ਸੋਹਣੇ ਦੰਦਾਂ ਨਾਲ ਬਣੀ ਇਹ ਸੋਹਣੀ ਮੁਸਕਾਨ ਨੂੰ ਸਾਰੀ ਉਮਰ ਲਈ ਸੋਹਣੀ ਬਣਾਏ ਰੱਖੀਏ।



# ਪੰਜਾਬੀ ਲੋਕ - ਨਾਚ

**ਡਾ. ਕੁਲਦੀਪ ਸਿੰਘ**
ਅਸਿ. ਪ੍ਰੋ.ਸਰਕਾਰੀ ਕੰਨਿਆ ਕਾਲਜ,
ਸਾਦੁਲ ਸ਼ਹਿਰ (ਸ੍ਰੀਗੰਗਾਨਗਰ)
ਸਹਿ-ਸੰਪਾਦਕ 'ਪੈੜਾਂ'

ਨਾਚ ਸਭ ਕਲਾਵਾਂ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਲੋਕ-ਨਾਚ ਦੀ ਉਤਪਤੀ ਉਸ ਸਮੇਂ ਹੋਈ, ਜਦੋਂ ਮਨੁੱਖ ਨੂੰ ਅਜੇ ਬੋਲਣ ਦੀ ਜਾਚ ਵੀ ਨਹੀਂ ਆਈ ਸੀ। ਆਦਿ ਕਾਲ ਵਿੱਚ ਮਨੁੱਖ ਆਪਣੇ ਭਾਵਾਂ, ਚਾਵਾਂ, ਉਮੰਗਾਂ ਨੂੰ ਨੱਚ ਕੇ ਪ੍ਰਗਟ ਕਰਦਾ ਸੀ। ਇਹ ਨਾਚ ਮੁਦਰਾਵਾਂ ਉਸ ਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਸੰਤੁਸ਼ਟ ਕਰਦੀਆਂ ਸਨ। ਅੱਜ ਦੁਨੀਆ ਦੇ ਹਰੇਕ ਕੋਨੇ ਵਿੱਚ ਨਾਚਾਂ ਦੇ ਵਿਕਸਤ-ਅਵਿਕਸਿਤ ਰੂਪ ਦੇਖੇ ਜਾ ਸਕਦੇ ਹਨ।

ਨਾਚ-ਨਾਟ ਦੀ ਪ੍ਰਵਿਰਤੀ ਮਨੁੱਖ ਜਨਮ ਤੋਂ ਹੀ ਹਾਸਲ ਕਰ ਲੈਂਦਾ ਹੈ। ਪੰਜਾਬ ਵਿੱਚ ਹਰ ਖ਼ੁਸ਼ੀ ਮੌਕੇ ਨੱਚਣ, ਗਾਉਣ ਆਦਿ ਦੀ ਪਿਰਤ ਰਹੀ ਹੈ। ਪੰਜਾਬੀ ਲੋਕ-ਨਾਚਾਂ ਦੀ ਅਮੀਰ ਪਰੰਪਰਾ ਹੈ। ਇਤਿਹਾਸ ਵਿਚੋਂ ਇਸ ਦੇ ਪ੍ਰਮਾਣ ਸਹਿਜੇ ਹੀ ਦੇਖੇ ਜਾ ਸਕਦੇ ਹਨ। ਹੜੱਪਾ ਤੇ ਮਹਿੰਜੋਦੜੋ ਦੀ ਖ਼ੁਦਾਈ ਤੋਂ ਵੀ ਇਸ ਦੇ ਪ੍ਰਮਾਣ ਦੇਖੇ ਜਾ ਸਕਦੇ ਹਨ।

ਹਕੀਕਤ ਵਿੱਚ ਪੰਜਾਬ ਦੁਨੀਆ ਦਾ ਉਹ ਖ਼ਿੱਤਾ ਹੈ, ਜਿੱਥੇ ਸਭਿਅਤਾ ਦਾ ਸੂਰਜ ਸਭ ਤੋਂ ਪਹਿਲਾਂ ਚੜ੍ਹਿਆ ਸੀ। ਲੋਕ-ਗੀਤ ਅਤੇ ਲੋਕ-ਨਾਚ, ਕਿਸੇ ਕੌਮ, ਜਾਤੀ ਦੀ ਪਛਾਣ ਦਾ ਮਹੱਤਵਪੂਰਨ ਪਹਿਲੂ ਹੁੰਦੇ ਹਨ। ਪੰਜਾਬੀ ਜਿੱਥੇ ਵੀ ਵੱਸੇ ਹੋਏ ਹਨ, ਉੱਥੇ ਹੀ ਇਨ੍ਹਾਂ ਨਾਚਾਂ/ਗੀਤਾਂ ਦਾ ਜੀਵਤ ਰੂਪ ਵੇਖਿਆ ਜਾ ਸਕਦਾ ਹੈ।

ਪੰਜਾਬ ਦੇ ਲੋਕ ਨਾਚਾਂ ਦੀਆਂ ਅਨੇਕਾਂ ਵੰਨਗੀਆਂ ਹਨ। ਇਹਨਾਂ ਨੂੰ ਮੁੱਖ ਰੂਪ ਵਿੱਚ ਮਰਦਾਂ ਤੇ ਔਰਤਾਂ ਦੇ ਨਾਚਾਂ ਵਿੱਚ ਵੰਡਿਆ ਜਾ ਸਕਦਾ ਹੈ। ਅੱਗੋਂ ਇਨ੍ਹਾਂ ਮਰਦ-ਔਰਤ ਦੇ ਨਾਚਾਂ ਦੀ ਵੀ ਵੰਡ ਕੀਤੀ ਜਾ ਸਕਦੀ ਹੈ। ਸੰਖੇਪ 'ਚ ਮੁਟਿਆਰਾਂ ਤੇ ਮਰਦਾਂ ਦੇ ਹੇਠ ਲਿਖੇ ਨਾਚ ਪ੍ਰਚਲਿਤ ਹਨ:

(ੳ) ਔਰਤਾਂ ਦੇ ਲੋਕ-ਨਾਚ-ਗਿੱਧਾ, ਸੰਮੀ, ਕਿੱਕਲੀ

(ਅ) ਮਰਦਾਂ ਦੇ ਲੋਕ-ਨਾਚ-ਭੰਗੜਾ, ਧਮਾਲ, ਜੱਲੀ, ਲੁੱਡੀ,ਝੁਮਰ, ਮਲਵਈ ਗਿੱਧਾ

## ਗਿੱਧਾ

ਗਿੱਧਾ ਪੰਜਾਬ ਦੀਆਂ ਮੁਟਿਆਰਾਂ ਦਾ ਹਰਮਨ ਪਿਆਰਾ ਲੋਕ-ਨਾਚ ਹੈ। ਜਿਹੜਾ ਪੰਜਾਬ ਦੀਆਂ ਮੁਟਿਆਰਾਂ ਵੱਲੋਂ ਹਰ ਖ਼ੁਸ਼ੀ ਮੌਕੇ ਪਾਇਆ ਜਾਂਦਾ ਹੈ। ਗਿੱਧੇ ਵਿੱਚ ਕੁੜੀਆਂ ਪਿੜ ਬਣਾ ਲੈਂਦੀਆਂ ਹਨ; ਇੱਕ ਕੁੜੀ ਬੋਲੀ ਪਾਉਂਦੀ ਹੈ, ਜਦੋਂ ਬੋਲੀ ਦੀ ਆਖ਼ਰੀ ਤੁਕ ਉਚਾਰੀ ਜਾਂਦੀ ਹੈ ਤਾਂ ਬੋਲੀ ਦੀ ਚਾਲ ਨੂੰ ਤੇਜ਼ ਕਰਨ ਲਈ ਸਾਰੀਆਂ ਕੁੜੀਆਂ ਰਲ ਕੇ ਬੋਲੀ ਚੁੱਕਦੀਆਂ ਤੇ ਨੱਚਦੀਆਂ ਹਨ। ਜਦੋਂ ਨਵੀਂ ਬੋਲੀ ਸ਼ੁਰੂ ਹੁੰਦੀ ਹੈ ਤਾਂ



ਕੁੜੀਆਂ ਫਿਰ ਘੇਰੇ 'ਚ ਸ਼ਾਮਲ ਹੋ ਜਾਂਦੀਆਂ ਹਨ। ਗਿੱਧੇ ਵਿੱਚ ਸੁਰ-ਤਾਲ ਬਣਾਈ ਰੱਖਣ ਲਈ ਤਾੜੀਆਂ ਮਾਰੀਆਂ ਜਾਂਦੀਆਂ ਹਨ। ਬੋਲੀ ਅਨੁਸਾਰ ਤਾੜੀ ਦੀ ਚਾਲ ਤੇਜ਼ ਹੁੰਦੀ ਜਾਂਦੀ ਹੈ। ਅੱਜ ਕੱਲ੍ਹ ਗਿੱਧਾ ਪਿੰਡਾਂ ਦੇ ਵਿਹੜਿਆਂ ਤੋਂ ਸਟੇਜਾਂ ਤੱਕ ਪਹੁੰਚ ਗਿਆ ਹੈ।

ਲੋਕ ਮਾਨਸ ਨੇ ਇਸ ਦੇ ਨਾਂ ਸੰਬੰਧੀ ਇੱਕ ਦੰਤ ਕਥਾ ਜੋੜੀ ਹੋਈ ਹੈ। ਪੰਜਾਬ ਦੇ ਕਿਸੇ ਪਿੰਡ ਦੇ ਛੱਪੜ ਦੇ ਕੰਢੇ ਹਰ ਪੂਰਨਮਾਸ਼ੀ ਦੀ ਰਾਤ ਨੂੰ ਪਰੀਆਂ ਅਸਮਾਨ ਤੋਂ ਉੱਤਰ ਕੇ ਨਾਚ ਕਰਦੀਆਂ। ਗਿੱਧੋ ਤੇ ਸੰਮੋਂ ਨਾਂ ਦੀਆਂ ਦੋ ਕੁੜੀਆਂ ਨੂੰ ਇਸ ਦੀ ਭਿਣਕ ਪੈ ਗਈ। ਉਨ੍ਹਾਂ ਨੇ ਗਿੱਧਾ ਪਾਉਂਦੀਆਂ ਪਰੀਆਂ ਦੇ ਕਿਨਾਰੇ ਤੇ ਰੱਖੇ ਕੱਪੜੇ ਚੁਰਾ ਲਏ ਅਤੇ ਇਸ ਸ਼ਰਤ ਦੇ ਵਾਪਸ ਕੀਤੇ ਕਿ ਪਰੀਆਂ ਉਨ੍ਹਾਂ ਨੂੰ ਨਾਚ ਸਿਖਾ ਦੇਣ। ਇਨ੍ਹਾਂ ਕੁੜੀਆਂ ਦੇ ਨਾਵਾਂ ਤੇ ਗਿੱਧਾ ਤੇ ਸੰਮੀ ਨਾਂ ਦੇ ਨਾਚ ਪ੍ਰਚਲਿਤ ਹੋ ਗਏ। ਪਰ ਅਸਲ ਵਿੱਚ ਗਿੱਧੇ ਤੋਂ ਭਾਵ ਹੈ : ਦੋ ਹੱਥਾਂ ਨਾਲ ਵਜਾਈ ਜਾਣ ਵਾਲੀ ਤਾੜੀ। ਕਿਉਂ ਜੋ ਹੱਥਾਂ ਨਾਲ ਤਾੜੀਆਂ ਵਜਾ ਕੇ ਤਾਲ ਕਾਇਮ ਕੀਤਾ ਜਾਂਦਾ ਹੈ, ਇਸ ਲਈ ਇਸ ਲੋਕ ਨਾਚ ਨੂੰ ਗਿੱਧਾ ਕਿਹਾ ਜਾਂਦਾ ਹੈ। ਗਿੱਧਾ ਮੂਲ ਰੂਪ ਵਿੱਚ ਮੁਟਿਆਰਾਂ ਜਾਂ ਔਰਤਾਂ ਦਾ ਨਾਚ ਹੈ। ਪਰ ਮਾਲਵੇ ਵਿੱਚ ਮਰਦਾਂ ਦਾ ਗਿੱਧਾ ਵੀ ਪ੍ਰਚਲਿਤ ਰਿਹਾ ਹੈ, ਜੋ ਹੌਲੀ-

ਹੌਲੀ ਭੰਗੜੇ ਵਿੱਚ ਹੀ ਜਜ਼ਬ ਹੋ ਗਿਆ ਲਗਦਾ ਹੈ। ਗਿੱਧੇ ਦੀ ਇੱਕ ਵਿਲੱਖਣਤਾ ਇਹ ਵੀ ਹੈ ਕਿ ਜਿੱਥੇ ਪੰਜਾਬ ਦੇ ਬਹੁਤੇ ਲੋਕ ਨਾਚਾਂ ਦਾ ਮੁੱਢ ਲਹਿੰਦੇ ਪੰਜਾਬ (ਪਾਕਿਸਤਾਨ) ਦੀ ਧਰਤੀ ਉਪਰ ਬੱਝਾ, ਉੱਥੇ ਗਿੱਧਾ, ਚੜ੍ਹਦੇ ਪੰਜਾਬ (ਭਾਰਤ) ਵਿਸ਼ੇਸ਼ ਕਰਕੇ ਪੰਜਾਬ ਦੇ ਮਾਲਵੇ ਖ਼ਿੱਤੇ ਦੀ ਦੇਣ ਹੈ। ਪਰ ਹੁਣ ਗਿੱਧਾ ਦੋਹਾਂ ਪੰਜਾਬਾਂ ਚ ਪ੍ਰਚਲਿਤ ਹੈ।

ਗਿੱਧਾ ਲੋਕ ਨਾਚ ਸਾਨੂੰ ਪੰਜਾਬੀ ਵਿਰਸੇ ਅਤੇ ਸਭਿਆਚਾਰ ਤੋਂ ਪ੍ਰਾਪਤ ਹੋਇਆ ਹੈ। ਗਿੱਧੇ ਦੀਆਂ ਬੋਲੀਆਂ ਪੀੜ੍ਹੀ ਦਰ ਪੀੜ੍ਹੀ ਸਾਡੇ ਤੱਕ ਪਹੁੰਚੀਆਂ ਹਨ। ਇਹ ਨਾਚ ਗਿੱਧੇ ਅਤੇ ਬੋਲੀਆਂ ਦਾ ਆਪਸੀ ਸੁਮੇਲ ਹੈ। ਗਿੱਧਾ ਪੰਜਾਬੀਆਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਗਿੱਧੇ ਦੀਆਂ ਬੋਲੀਆਂ ਤੋਂ ਰੁੱਤਾਂ, ਰਿਸ਼ਤੇ-ਨਾਤਿਆਂ, ਧਰਮ, ਰਸਮਾਂ-ਰਿਵਾਜ਼ਾਂ, ਰਹਿਣ-ਸਹਿਣ ਆਦਿ ਅਨੇਕਾਂ ਪਹਿਲੂਆਂ ਦੀ ਜਾਣਕਾਰੀ ਮਿਲਦੀ ਹੈ। ਇੱਥੇ ਗਿੱਧੇ ਵਿੱਚ ਪੈਣ ਵਾਲੀਆਂ ਕੁਝ ਖ਼ਾਸ ਬੋਲੀਆਂ ਦੀ ਚੋਣ ਕੀਤੀ ਜਾ ਰਹੀ ਹੈ:

ਕਦੀ ਹੂੰ ਕਰਕੇ,ਕਦੀ ਹਾਂ ਕਰਕੇ ,ਗੇੜਾ ਦੇ ਦੇ ਨੀ ਮੁਟਿਆਰੇ ਲੰਮੀ ਬਾਂਹ ਕਰਕੇ

## ਸੰਮੀ

ਗਿੱਧੇ ਵਾਂਗ ਸੰਮੀ ਵੀ ਔਰਤਾਂ ਜਾਂ ਮੁਟਿਆਰਾਂ ਦਾ ਨਾਚ ਹੈ। ਲਹਿੰਦੇ ਪੰਜਾਬ ਵਿੱਚ ਸੰਮੀ ਦਾ ਸੰਬੰਧ ਸਾਂਦਲ ਬਾਰ ਦੇ ਇਲਾਕੇ ਨਾਲ ਹੈ। ਇਸ ਖੇਤਰ ਵਿੱਚ ਮਿੰਟਗੁਮਰੀ, ਝੰਗ, ਲਾਇਲਪੁਰ, ਸ਼ੇਖੂਪੁਰਾ




ਤੇ ਸਰਗੋਧਾ ਜ਼ਿਲ੍ਹੇ ਸ਼ਾਮਲ ਹਨ। ਸੰਮੀ ਔਰਤਾਂ ਦਾ ਪ੍ਰਸਿੱਧ ਲੋਕ ਨਾਚ ਹੈ। ਵਿਆਹ-ਸ਼ਾਦੀ ਅਤੇ ਖ਼ੁਸ਼ੀ ਦੇ ਹੋਰ ਮੌਕੇ ਸਮੇਂ ਜਦੋਂ ਮੇਲਣਾ ਜੁੜਦੀਆਂ ਹਨ ਤਾਂ ਉਹ ਘੇਰਾ ਬੰਨ੍ਹ ਕੇ ਇਹ ਨਾਚ ਨੱਚਦੀਆਂ ਹਨ। ਸੰਮੀ ਨਾਚ ਸਮੇਂ ਮੁਟਿਆਰਾਂ ਇੱਕ ਪਿੜ ਵਿੱਚ ਇਕੱਠੀਆਂ ਹੋ ਕੇ ਸੰਮੀ ਗੀਤ ਉਚਾਰਦੀਆਂ ਹਨ ਤੇ ਬਾਂਹਾਂ ਉਪਰ ਉਲਾਰਦੀਆਂ ਹਨ। ਬਾਕੀ ਘੇਰੇ ਵਿੱਚ ਖੜੀਆਂ ਔਰਤਾਂ ਆਪਣੇ ਦੋਹਾਂ ਹੱਥਾਂ ਨੂੰ ਪਾਸਿਆਂ ਤੋਂ ਘੁਮਾ ਕੇ ਛਾਤੀ ਅੱਗੇ ਲਿਆ ਕੇ ਤਾੜੀਆਂ ਵਜਾਉਂਦੀਆਂ ਹਨ। ਇਸ ਨਾਚ ਵਿੱਚ ਵੀ ਗਿੱਧੇ ਵਾਂਗ ਕੁੜੀਆਂ/ਔਰਤਾਂ ਘੇਰੇ ਵਿੱਚ ਖਲੋ ਜਾਂਦੀਆਂ ਹਨ। ਇੱਕ ਦੂਜੀ ਦੀਆਂ ਬਾਂਹਾਂ ਵਿੱਚ ਬਾਂਹਾਂ ਪਾ ਕੇ ਨੱਚਣਾ ਆਰੰਭ ਕਰ ਦਿੰਦੀਆਂ ਹਨ। ਹੱਥਾਂ ਨਾਲ ਤਾੜੀਆਂ ਤੇ ਉਂਗਲਾਂ ਨਾਲ ਚੁਟਕੀਆਂ ਵਜਾਉਂਦੀਆਂ ਹਨ ਅਤੇ ਪੈਰਾਂ ਦੀ ਧਮਕ ਨਾਲ ਤਾਲ ਪੈਦਾ ਕਰਦੀਆਂ ਹਨ। ਕੋਈ ਖ਼ਾਸ ਪਹਿਰਾਵਾ ਜਾਂ ਸ਼ਿੰਗਾਰ ਨਿਸ਼ਚਿਤ ਨਹੀਂ। ਸਾਂਦਲਬਾਰ (ਪਾਕਿਸਤਾਨ) ਦੇ ਇਲਾਕੇ ਵਿੱਚ ਅਜਿਹੇ ਨਾਚ ਦੇ ਨਮੂਨੇ ਅੱਜ ਵੀ ਦੇਖੇ ਜਾ ਸਕਦੇ ਹਨ।

ਸੰਮੀ ਨਾਚ ਬਾਰੇ ਇੱਕ ਦੰਤ-ਕਥਾ ਵੀ ਪ੍ਰਸਿੱਧ ਹੈ ਕਿ ਸੰਮੀ ਨਾਂ ਦੀ ਔਰਤ ਢੋਲੇ ਦੀ ਪ੍ਰੇਮਿਕਾ ਸੀ। ਢੋਲਾ ਨਰਵਰ ਦੇਸ ਦਾ ਰਾਜ ਕੁਮਾਰ ਸੀ ਤੇ ਸੰਮੀ ਮਾਰਵਾੜ (ਰਾਜਸਥਾਨ ਦੇ ਪ੍ਰਸਿੱਧ ਇਲਾਕੇ) ਦੀ ਰਾਜਕੁਮਾਰੀ ਸੀ। ਪੁਰਾਤਨ ਸਮੇਂ ਵਿੱਚ ਛੋਟੀ ਉਮਰ 'ਚ ਹੀ ਵਿਆਹ ਹੋ ਜਾਇਆ ਕਰਦੇ ਸਨ। ਸੋ ਦੋਹਾਂ ਦਾ ਵਿਆਹ ਕਰ ਦਿੱਤਾ ਗਿਆ। ਪਰ ਢੋਲੇ ਦੇ ਵੱਡੇ ਹੋਣ ਤੇ ਉਸ ਦਾ ਵਿਆਹ ਕਿਤੇ ਹੋਰ ਕਰ ਦਿੱਤਾ ਗਿਆ। ਪਿੱਛੋਂ ਭਾਵੇਂ ਸੰਮੀ ਤੇ ਢੋਲਾ ਦਾ ਮਿਲਾਪ ਹੋ ਜਾਂਦਾ ਹੈ। ਪਰ ਢੋਲੇ ਦੀ ਯਾਦ ਵਿੱਚ ਸੰਮੀ ਨੇ ਬਿਰਹਣ ਦੇ ਰੂਪ ਵਿੱਚ ਜਿਹੜਾ ਨਾਚ ਨੱਚਿਆ ਉਹ ਉਸ ਦੇ ਨਾਂ ਨਾਲ ਜੁੜ ਗਿਆ। ਦੋਵੇਂ ਇੱਕ ਦੂਜੇ ਤੇ ਵਿਯੋਗ 'ਚ ਜੀਵਨ ਬਿਤਾਉਂਦੇ ਹੋਏ ਗੀਤਾਂ ਜ਼ਰੀਏ ਆਪਣੇ ਭਾਵ ਪ੍ਰਗਟ ਕਰਦੇ ਹਨ। ਇਹ ਗੀਤ ਇਸ ਨਾਚ ਨਾਲ ਉਚਾਰੇ ਜਾਂਦੇ। ਇੰਜ ਸੰਮੀ ਨਾਚ 'ਚ ਪਿਆਰ ਭਿੰਨੇ ਗੀਤ, ਨਾਚ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ। ਨਮੂਨੇ ਵੱਜੋ ਇਸ ਨਾਚ ਵਿੱਚ ਗਾਏ ਜਾਣ ਵਾਲੇ ਗੀਤ ਹਨ:

ਸੰਮੀ ਮੇਰੀ ਵਣ ਉੱਠ ਲੱਦੇ ਕਚੂਰ ਦੇ, ਵਣ ਸੰਮੀਆਂ
ਸੰਮੀ ਮੇਰੀ ਵਣ ,ਊਠਾਂ ਦੇ ਗਲ ਟੱਲੀਆਂ, ਵਣ ਸੰਮੀਆਂ
ਸੰਮੀ ਮੇਰੀ ਵਣ, ਕੋਠੇ ਤੇ ਤੰਦੂਰ, ਵਣ ਸੰਮੀਆਂ,
ਸੰਮੀ ਮੇਰੀ ਵਣ, ਗਿਣ ਗਿਣ ਲਾਵਾਂ ਰੋਟੀਆਂ, ਵਣ ਸੰਮੀਆਂ,
ਸੰਮੀ ਮੇਰੀ ਵਣ, ਖਾਵਣ ਵਾਲੇ ਦੂਰ, ਵਣ ਸੰਮੀਆਂ

ਅੱਜ ਇਸ ਕਿਸਮ ਦੇ ਲੋਕ ਨਾਚਾਂ ਦੀਆਂ ਵੰਨਗੀਆਂ ਵੱਖ-ਵੱਖ ਕਿਸਮ ਦੀਆਂ ਸਟੇਜਾਂ ਤੋਂ ਦੇਖੀਆਂ ਜਾ ਸਕਦੀਆਂ ਹਨ। ਯੁਵਕ ਮੇਲਿਆਂ ਵਿੱਚ ਅਜਿਹੇ ਲੋਕ ਨਾਚਾਂ ਨੂੰ ਸਾਂਭਣ ਦੇ ਯਤਨ ਕੀਤੇ ਜਾ ਸਕਦੇ ਹਨ।

ਗਿੱਧੇ ਨਾਲ ਮਿਲਦੀ ਸੰਮੀ ਤੋਂ ਛੁੱਟ ਇਸ ਦੀ "ਦੂਜੀ ਵੰਨਗੀ" "ਸਲਾਮ ਸੰਮੀ" ਵਜੋਂ ਜਾਣੀ ਜਾਂਦੀ ਹੈ। ਇਸ ਸੰਮੀ ਵਿੱਚ ਨੱਚਣ ਵਾਲੀਆਂ ਔਰਤਾਂ ਵੱਲੋਂ ਸੱਜਾ ਹੱਥ ਲੱਕ ਉੱਤੇ ਅਤੇ ਖੱਬਾ ਹੱਥ ਮੱਥੇ ਉੱਤੇ ਰੱਖ ਕੇ ਸਲਾਮ ਕਰਨ ਦੀ ਐਕਟਿੰਗ ਕੀਤੀ ਜਾਂਦੀ ਹੈ। ਇਸੇ ਅਮਲ ਨੂੰ ਦੂਜੇ ਹੱਥ ਨਾਲ ਵੀ ਦੁਹਰਾਇਆ ਜਾਂਦਾ ਹੈ। ਫਿਰ ਦੋਹਾਂ ਹੱਥਾਂ ਨੂੰ ਮੱਥੇ ਉਪਰ ਰੱਖਕੇ ਲੱਕ ਨੂੰ ਅਗਲੇ ਪਾਸੇ ਝੁਕਾ ਕੇ ਸਲਾਮ ਕੀਤੀ ਜਾਂਦੀ ਹੈ। ਉਪਰੰਤ ਸਿੱਧੇ ਖਲੋ ਕੇ ਤਾੜੀ ਮਾਰੀ ਜਾਂਦੀ ਹੈ। ਇਸ ਨਾਚ ਵਿੱਚ ਨਾ ਤਾਂ ਕਿਸੇ ਸਾਜ਼ ਨੂੰ ਵਰਤਿਆਂ ਜਾਂਦਾ ਹੈ ਅਤੇ ਨਾ ਹੀ ਖਾਸ ਪਹਿਰਾਵੇ ਦੀ ਲੋੜ ਹੈ। ਔਰਤਾਂ ਦੀ ਸੰਮੀ ਵਿੱਚ ਖੜਤਾਲਾਂ ਤੇ ਸ਼ਹਿਨਾਈ ਆਦਿ ਸਾਜ਼ ਨਹੀਂ ਹੁੰਦੇ। ਸੰਮੀ ਵਿੱਚ ਪੈਰਾਂ ਦੀ ਚਾਪ, ਤਾੜੀਆਂ ਦਾ ਤਾਲ, ਚੂੜੀਆਂ ਦੀ ਛਣਕਾਰ, ਪਜ਼ੇਬਾਂ ਦੀ ਝਣਕਾਰ, ਰੰਗੀਨ ਦੁਪੱਟਿਆਂ ਦੀ ਧਨਕ ਸੰਗੀਤ ਭਰਦੀਆਂ ਹਨ।

## ਕਿੱਕਲੀ

ਇਹ ਜਵਾਨ ਕੁੜੀਆਂ ਦਾ ਮਨਭਾਉਂਦਾ ਲੋਕ-ਨਾਚ ਹੈ। ਇਸ ਲੋਕ-ਨਾਚ ਲਈ ਕੋਈ ਵਿਸ਼ੇਸ਼ ਬੰਦਿਸ਼ ਨਹੀਂ ਅਤੇ ਨਾ ਹੀ ਕਿਸੇ ਵਿਸ਼ੇਸ਼ ਥਾਂ ਦੀ ਜ਼ਰੂਰਤ ਹੁੰਦੀ ਹੈ। ਜਿੱਥੇ ਵੀ ਦੋ-ਚਾਰ ਕੁੜੀਆਂ ਇਕੱਠੀਆਂ ਹੁੰਦੀਆਂ ਹਨ, ਕਿੱਕਲੀ ਨਾਚ ਪਾਉਣਾ ਸ਼ੁਰੂ ਕਰ ਦਿੰਦੀਆਂ ਹਨ। ਪੋਠੋਹਾਰ 'ਚ ਇਸ ਨੂੰ ਕਿਰੱਕਲੀ ਕਿਹਾ ਜਾਂਦਾ ਹੈ। ਕਿੱਕਲੀ ਪਾਉਣ ਲਈ ਕਿਸੇ ਵਿਸ਼ੇਸ਼ ਤਾਲ ਦੀ ਜ਼ਰੂਰਤ ਨਹੀਂ ਹੁੰਦੀ, ਸਗੋਂ ਦੋ ਕੁੜੀਆਂ ਜੁੱਟ ਬਣਾ ਕੇ ਮਧਾਣੀ ਚੀਰ

ਵਾਂਗ ਹੱਥ ਫੜ ਲੈਂਦੀਆਂ ਹਨ। ਖੱਬੇ ਹੱਥ ਨਾਲ ਖੱਬਾ ਅਤੇ ਸੱਜੇ ਹੱਥ ਨਾਲ ਸੱਜਾ ਫੜ ਕੇ ਅੱਡੀਆਂ ਜੋੜ ਕੇ ਘੁੰਮਦੀਆਂ ਹਨ। ਅੱਡੀਆਂ ਜੋੜ ਕੇ ਘੁੰਮਦੀਆਂ ਇਹ ਅੱਲੜ ਮੁਟਿਆਰਾਂ ਇੰਙ ਲੱਗਦੀਆਂ ਹਨ, ਜਿਵੇਂ



ਹਵਾ 'ਚ ਤੈਰ ਰਹੀਆਂ ਹੋਣ ਜਾਂ ਫਿਰ ਅਸਮਾਨਾਂ ਵਿੱਚ ਉੱਡ ਰਹੀਆਂ ਹੋਣ। ਕਿੱਕਲੀ ਗੀਤ ਬੋਲਦੀਆਂ ਬੋਲਦੀਆਂ ਚਾਲ ਤੇਜ਼ ਕਰਦੀਆਂ ਹਨ। ਨੱਚਦੀਆਂ ਨੱਚਦੀਆਂ ਹਫ਼ ਜਾਂਦੀਆਂ ਹਨ। ਗਿੱਧੇ ਵਾਂਗ ਕਿੱਕਲੀ ਗੀਤ ਵੀ ਵਿਭਿੰਨ ਰਿਸ਼ਤਿਆਂ, ਵਸਤਾਂ, ਰਸਮਾਂ, ਰਿਵਾਜ਼ਾਂ, ਪਹਿਰਾਵੇ ਆਦਿ ਦਾ ਜ਼ਿਕਰ ਆਉਂਦਾ ਹੈ। ਉਦਾਹਰਨ ਵਜੋਂ:

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ, ਦੁਪੱਟਾ ਮੇਰੇ ਭਾਈ
ਦਾ, ਸੋਹਣਾ ਮੂੰਹ ਜਵਾਈ ਦਾ

ਕਿੱਕਲੀ ਗੀਤ ਮੁਕੰਮਲ ਹੋਣ ਤੇ ਸਾਹ ਲੈਣ ਲਈ ਕਿੱਕਲੀ ਨਾਚ ਛੱਡ ਦਿੱਤਾ ਜਾਂਦਾ ਹੈ।

**ਭੰਗੜਾ**

ਭੰਗੜਾ ਮਰਦਾਂ ਦਾ ਨਾਚ ਹੈ, ਜਿਸ ਸੰਬੰਧੀ ਇੱਕ ਧਾਰਨਾ ਇਹ ਵੀ ਹੈ ਕਿ ਜਦੋਂ ਮੱਧ ਏਸ਼ੀਆ ਤੋਂ ਆਰੀਆ ਲੋਕਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ ਤਾਂ ਕੁਝ ਕਬੀਲੇ ਪੱਕੇ ਤੌਰ ਤੇ ਪੰਜਾਬ ਦੇ ਵਾਸੀ ਬਣ ਗਏ।'ਭੰਗੜਾ' ਲੋਕ ਨਾਚ ਉਨ੍ਹਾਂ ਦੀ ਹੀ ਦੇਣ ਹੈ। ਇਸ ਦੇ ਨਾਂ ਸੰਬੰਧੀ ਵੀ ਕਿਆਸ ਕੀਤਾ ਜਾਂਦਾ ਹੈ ਕਿ ਆਰੰਭ ਵਿੱਚ ਇਸ ਨਾਚ ਨੂੰ ਨੱਚਣ ਵਾਲੇ ਭੰਗ ਪੀਣ ਉਪਰੰਤ ਮਸਤ ਹੋ ਕੇ ਨੱਚਦੇ ਸਨ, ਇਸ ਤਰ੍ਹਾਂ ਭੰਗ ਤੋਂ ਇਸ ਦਾ ਨਾਂ ਭੰਗੜਾ ਪੈ ਗਿਆ। ਇਨ੍ਹਾਂ ਦੋਹਾਂ ਪੱਖਾਂ ਬਾਰੇ ਯਕੀਨੀ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਦਾ ਸੰਬੰਧ ਬਿਕਰਮੀ ਸੰਮਤ ਦੇ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਸਾਰੇ ਪੰਜਾਬ ਵਿੱਚ ਮਨਾਈ ਜਾਂਦੀ ਵਿਸਾਖੀ ਨਾਲ ਹੈ। ਸ਼ੁਰੂਆਤੀ ਦੌਰ ਵਿੱਚ ਇਹ ਲੋਕ-ਨਾਚ ਵਿਸਾਖੀ ਤਿਉਹਾਰ ਨਾਲ ਸੰਬੰਧਿਤ ਸੀ। ਜਦੋਂ ਕਣਕਾਂ ਪੱਕ ਜਾਂਦੀਆਂ ਸਨ। ਸੋਨੇ ਰੰਗੇ ਸਿੱਟੇ ਬਣ ਜਾਂਦੇ ਸਨ ਤਾਂ ਕਿਸਾਨ ਪੱਕੀ ਫ਼ਸਲ ਨੂੰ ਦੇਖ ਕੇ ਖ਼ੁਸ਼ ਹੋ ਕੇ ਇਹ ਨਾਚ ਨੱਚਦੇ ਸਨ। ਕਣਕ ਦੀ ਵਾਢੀ ਉਪਰੰਤ ਗੱਭਰੂ ਆਪਣੇ ਆਪ ਨੂੰ ਸ਼ਿੰਗਾਰਦੇ ਸੰਵਾਰਦੇ ਸਨ। ਕੁੰਡੀਆਂ ਮੁੱਛਾਂ, ਮਾਵੇ ਵਾਲੀਆਂ ਪੱਗਾਂ, ਸੋਨੇ ਦੇ ਕੈਂਠੇ, ਸੋਹਣੇ ਕੁੜਤੇ ਚਾਦਰਾਂ, ਤਿੱਲੇਦਾਰ ਜੁੱਤੀਆਂ, ਹੱਥ ਖੂੰਡਾ, ਚਿਮਟੇ, ਕਾਟੋ, ਅਲਗੋਜ਼ੇ ਆਦਿ ਲੋਕ ਸਾਜ਼ਾਂ ਨਾਲ ਭੰਗੜੇ ਪਾਉਂਦੇ ਸਨ। ਮੇਲੇ ਵਿੱਚ ਭੰਗੜਾ ਪਾਉਂਦੇ ਇਹ ਗੱਭਰੂ ਖ਼ੂਬਸੂਰਤ ਲੱਗਦੇ ਸਨ।

ਜਿਸ ਪ੍ਰਕਾਰ ਮਾਲਵੇ ਦਾ ਗਿੱਧਾ ਮਸ਼ਹੂਰ ਹੈ, ਇਸੇ ਤਰ੍ਹਾਂ ਪਾਕਿਸਤਾਨੀ ਪੰਜਾਬ ਸਿਆਲਕੋਟ ਦਾ ਭੰਗੜਾ ਕਾਫ਼ੀ ਹਰਮਨ ਪਿਆਰਾ ਹੈ:

ਭੰਗੜਾ ਸਿਆਲਕੋਟ ਦਾ ਗੁਜਰਾਤ, ਸ਼ੇਖ਼ੂਪੁਰਾ, ਲਾਇਲਪੁਰ (ਫੈਸਲਾਬਾਦ) ਵਿਖੇ ਵਿਸਾਖੀ ਦੇ ਮੇਲੇ ਦੀ ਸਭ ਤੋਂ ਦਿਲ ਖਿਚਵੀਂ ਪ੍ਰਦਰਸ਼ਨੀ ਭੰਗੜਾ ਹੀ ਹੁੰਦੀ ਹੈ। ਸਰਗੋਧਾ ਜ਼ਿਲ੍ਹੇ ਵਿੱਚ ਇਸ ਨੂੰ ਹੇਮੜੀ ਵੀ ਕਿਹਾ ਜਾਂਦਾ ਹੈ। ਇਹ ਸਾਰੇ ਇਲਾਕੇ ਲਹਿੰਦੇ ਪੰਜਾਬ ਵਿੱਚ ਹਨ। ਗਿੱਧੇ ਨੂੰ ਛੱਡ ਕੇ ਪੰਜਾਬ ਦੇ ਬਾਕੀ ਸਾਰੇ ਲੋਕ ਨਾਚਾਂ: ਭੰਗੜਾ, ਝੁੰਮਰ, ਸੰਮੀ, ਧਮਾਲ, ਆਦਿ ਦੀ ਜਨਮ-ਧਰਤੀ ਪਾਕਿਸਤਾਨੀ ਪੰਜਾਬ ਹੀ ਹੈ।

ਪੁਰਾਤਨ ਸਮੇਂ ਭੰਗੜੇ ਵਿੱਚ ਢੋਲ, ਬੋਲੀਆਂ ਤੇ ਤਾਲ ਦੀ ਵਰਤੋਂ ਕੀਤੀ ਜਾਂਦੀ ਸੀ। ਭੰਗੜਾ ਖੁੱਲ੍ਹ ਕੇ ਪਾਇਆ ਜਾਂਦਾ ਸੀ। ਸਰੀਰਕ ਮੁਦਰਾਵਾਂ ਲਈ ਹੱਥਾਂ, ਬਾਂਹਾਂ, ਗਰਦਨ, ਪੈਰ ਆਦਿ ਸਰੀਰ ਦੇ ਵਿਭਿੰਨ ਅੰਗਾਂ ਦੀ ਹਰਕਤ ਨਾਚ ਨੂੰ ਰੰਗੀਨ ਬਣਾਉਂਦੀ ਸੀ। ਭੰਗੜੇ ਸਮੇਂ ਪਾਈਆਂ ਜਾਣ ਵਾਲੀਆਂ ਬੋਲੀਆਂ ਅਨੁਸਾਰ ਸਰੀਰਕ ਮੁਦਰਾਵਾਂ ਨਾਚ ਵਿੱਚ ਰੰਗ ਭਰਦੀਆਂ ਸਨ। ਜਿਵੇਂ ਨਿਮਨਲਿਖਤ ਗੀਤ/ਬੋਲੀਆਂ ਭੰਗੜੇ ਦਾ ਵਿਸ਼ੇਸ਼ ਅੰਗ ਮੰਨੀਆਂ ਜਾਂਦੀਆਂ ਹਨ:



ਕਣਕਾਂ ਦੇ ਮੂੰਹ ਆ ਗਈ ਲਾਲੀ, ਖ਼ੁਸ਼ੀਆਂ ਦੇ ਭਰੇ ਕਿਆਰੇ,
ਜਿਉਂ ਗਿੱਧੇ ਵਿੱਚ ਨੱਚਣ ਕੁੜੀਆਂ,
ਫ਼ਸਲਾਂ ਲੈਣ ਹੁਲਾਰੇ, ਭੰਗੜਾ ਪਾ ਮੁੰਡਿਆ, ਤੈਨੂੰ ਕਣਕ ਸੈਨਤਾਂ ਮਾਰੇ

ਭੰਗੜੇ ਵਿੱਚ ਸ਼ਾਮਲ ਨਚਾਰਾਂ ਲਈ ਵਿਸ਼ੇਸ਼ ਪਹਿਰਾਵੇ ਦੀ ਲੋੜ ਨਹੀਂ ਸਮਝੀ ਜਾਂਦੀ, ਪਰ ਰਿਵਾਇਤ ਅਨੁਸਾਰ ਤੁਰੇ ਵਾਲੀਆਂ ਪੱਗਾਂ, ਖੁੱਲ੍ਹੇ ਕੁੜਤੇ, ਚਾਦਰਾਂ ਜਾਂ ਲਾਚੇ, ਗਲਾਂ ਵਿੱਚ ਕੰਠੇ, ਹੱਥਾਂ ਵਿੱਚ ਕੋਕਿਆਂ ਵਾਲੇ ਖੂੰਡੇ ਜਾਂ ਸਮਾਂ ਵਾਲੀਆਂ ਡਾਂਗਾਂ, ਕੁੜਤਿਆਂ ਉਪਰ ਮੋਟੇ ਕਿਨਾਰੀ ਵਾਲੀਆਂ ਜੈਕਟਾਂ/ਵਾਸਕਟਾਂ ਅਤੇ ਪਿੰਨੀਆਂ ਬੱਧੇ ਘੁੰਗਰੂ ਭੰਗੜਾ ਪਾਉਣ ਵਾਲੇ ਜਵਾਨਾਂ ਦੀ ਵਰਦੀ ਸਮਝੀ ਜਾ ਸਕਦੀ ਹੈ। ਭੰਗੜੇ, ਲਈ ਢੋਲ ਦਾ ਸਾਜ਼ ਹੈ ਜਿਸ ਦੀ ਕਈ ਵਾਰ ਝਾਲਰਾਂ ਨਾਲ ਸਜਾਵਟ ਕੀਤੀ ਹੁੰਦੀ ਹੈ। ਤਾਲ ਪੈਦਾ ਕਰਨ ਲਈ ਢੋਲੀ ਜਾਂ ਢੋਲਚੀ, ਡਗਿਆਂ ਜਾਂ ਛਮਕਾਂ ਦੀ ਵਰਤੋਂ ਕਰਦਾ ਹੈ, ਜਿਨ੍ਹਾਂ ਵਿਚੋਂ ਇੱਕ ਛੋਟੀ ਤੇ ਦੂਜੀ ਕੁਝ ਵਡੇਰੀ ਜਾਂ ਮੋਟੀ ਹੁੰਦੀ ਹੈ। ਭੰਗੜੇ ਪਾਉਣ ਦੀ ਤਕਨੀਕ ਵੀ ਸਾਧਾਰਨ ਹੈ। ਨਚਾਰ/ਭੰਗੜਾ ਪਾਉਣ ਵਾਲੇ ਗੱਭਰੂ ਢੋਲੀ ਦੇ ਦੁਆਲੇ ਇੱਕ ਚੱਕਰ ਵਿੱਚ ਖਲੋ ਜਾਂਦੇ ਹਨ। ਢੋਲੀ ਦੇ ਤਾਲ ਅਨੁਸਾਰ ਪਹਿਲਾ ਹੌਲੀ-ਹੌਲੀ ਫੇਰ ਜੋਸ਼

ਨਾਲ ਨੱਚਣਾ ਸ਼ੁਰੂ ਕਰ ਦੇਂਦੇ ਹਨ। ਜਿਵੇਂ ਜਿਵੇਂ ਢੋਲ ਦੀ ਗਤੀ ਤੇਜ਼ ਹੁੰਦੀ ਹੈ ਨੱਚਣ ਵਾਲਿਆਂ ਦੀਆਂ ਹਰਕਤਾਂ ਵਿੱਚ ਵੀ ਤੇਜ਼ੀ ਆ ਜਾਂਦੀ ਹੈ। ਇਹ ਦਾਇਰੇ ਵਿੱਚ ਇਕੱਠਿਆਂ ਵੀ ਨੱਚਦੇ ਹਨ ਅਤੇ ਦਾਇਰੇ ਵਿੱਚ ਖਲੋਤੇ ਸਾਥੀਆਂ ਵਿਚੋਂ ਦੋ ਦੋ-ਦੇ ਜੁੱਟ ਦੀ ਸ਼ਕਲ ਵਿੱਚ ਘੇਰੇ ਦੇ ਅੰਦਰ ਆਪਣੀ ਨੱਚਣ ਕਲਾ ਦੇ ਜੌਹਰ ਵਖਾਉਂਦੇ ਹਨ। ਨਾਚ ਨੂੰ ਨਾਟਕੀ ਰੂਪ ਦੇਣ ਲਈ ਸਾਂਗ ਵੀ ਉਤਾਰੇ ਜਾਂਦੇ ਹਨ ਜੋ ਹਾਲੀ, ਬਲਦ, ਪੰਜਾਲੀ, ਰੇਲ ਗੱਡੀ, ਸਿਪਾਹੀ, ਕੈਦੀ, ਪਹਿਲਵਾਨ, ਆਦਿ ਦੀ ਸ਼ਕਲ ਵਿੱਚ ਦਿਸ ਆਉਂਦੇ ਹਨ। ਐਕਟਿੰਗ ਦੌਰਾਨ ਬੱਲੇ ਬੱਲੇ ! ਸ਼ੇਰ ਢੋਲੀਆ ! ਅਤੇ ਸ਼ੀਂ ਸ਼ੀਂ! ਦੀਆਂ ਅਵਾਜ਼ਾਂ ਵੀ ਸੁਣਾਈ ਦਿੰਦੀਆਂ ਹਨ। ਚੁਟਕੀਆਂ ਅਤੇ ਤਾੜੀਆਂ ਵੀ ਵਜਾਈਆਂ ਜਾਂਦੀਆਂ ਹਨ। ਬੋਲੀਆਂ ਬਿਨਾਂ ਭੰਗੜਾ ਅਧੂਰਾ ਸਮਝਿਆ ਜਾਂਦਾ ਹੈ। ਇਨ੍ਹਾਂ ਬੋਲੀਆਂ ਵਿੱਚ ਪੰਜਾਬ ਦੀ ਧਰਤੀ, ਪੰਜਾਬ ਦੇ ਗੱਭਰੂਆਂ ਦਾ ਜੋਸ਼ੀਲਾਪਨ, ਉਨ੍ਹਾਂ ਦੀ ਜਵਾਨੀ ਤੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਵਰਣਨ ਮਿਲਦਾ ਹੈ। ਅਕਾਰ ਵਜੋਂ ਇਹ ਬੋਲੀਆਂ ਇੱਕਿਹਰੀਆਂ ਵੀ ਹੁੰਦੀਆਂ ਹਨ ਤੇ ਲੰਮੀਆਂ ਵੀ। ਇਨ੍ਹਾਂ ਨੂੰ ਨੱਚਣ ਵਾਲੇ ਖ਼ੁਦ ਵੀ ਗਾਉਂਦੇ ਹਨ, ਢੋਲਚੀ ਵੀ ਸਾਥ ਦੇਂਦਾ ਹੈ ਅਤੇ ਕਈ ਵਾਰ ਕੋਈ ਸੰਗੀਤਕਾਰ ਬੋਲੀਆਂ ਪਾਉਂਦਾ ਹੈ।

## ਝੁੰਮਰ

'ਝੁੰਮਰ' ਤੇ 'ਸੰਮੀ' ਲਹਿੰਦੇ ਪੰਜਾਬ ਵਿੱਚ ਬਹੁਤ ਹਰਮਨ ਪਿਆਰੇ ਹਨ। ਝੁੰਮਰ ਬੁਨਿਆਦੀ ਤੌਰ ਤੇ ਮਰਦਾਂ ਦਾ ਲੋਕ ਨਾਚ ਹੈ, ਪਰ ਕੁਝ ਥਾਵਾਂ ਉਪਰ ਔਰਤਾਂ ਵੀ ਝੁੰਮਰ ਪਾਉਂਦੀਆਂ ਹਨ। ਪਾਕਿਸਤਾਨ ਦੀ ਮੁਸਲੀ ਜਾਤ ਵਿੱਚ ਝੁੰਮਰ ਔਰਤਾਂ ਅਤੇ ਮਰਦ ਰਲ ਕੇ ਪਾਉਂਦੇ ਹਨ। ਝੁੰਮਰ ਨੂੰ ਬਲੋਚਾਂ ਦਾ ਨਾਚ ਕਰਕੇ ਵੀ ਜਾਣਿਆ ਜਾਂਦਾ ਹੈ। ਕਿਉਂਜੋ ਝੁੰਮਰ ਪਾਉਣ ਵਾਲੇ (ਨਚਾਰ) ਜਿਨ੍ਹਾਂ ਨੂੰ ਝੁੰਮਰੀ ਵੀ ਕਿਹਾ ਜਾਂਦਾ ਹੈ,



ਨੱਚਣ ਸਮੇਂ ਝੂਮਦੇ ਵੀ ਹਨ, ਇਸ ਲਈ ਇਸ ਨੂੰ 'ਝੁੰਮਰ' ਦਾ ਨਾਂ ਦਿੱਤਾ ਹੈ। ਦਾਇਰੇ ਵਿੱਚ ਘੁੰਮਣ ਕਾਰਨ ਇਸ ਨੂੰ ਕੁਝ ਲੋਕ 'ਘੁੰਮਰ' ਵੀ ਕਹਿੰਦੇ ਹਨ। ਘੁੰਮਣਾ ਇਸ ਦੀ ਖ਼ੂਬਸੂਰਤੀ ਵਿੱਚ ਵਾਧਾ ਕਰਦਾ ਹੈ।

ਝੁੰਮਰ ਦਾ ਪ੍ਰਤੀਨਿਧ ਖੇਤਰ ਸਾਂਦਲ ਬਾਰ ਦਾ ਇਲਾਕਾ ਹੈ। ਇਸ ਖੇਤਰ ਵਿੱਚ ਸ਼ਾਹੀਵਾਲ (ਮਿੰਟਗੁਮਰੀ), ਸ਼ੇਖ਼ੂਪੁਰਾ, ਫੈਸਲਾਬਾਦ(ਲਾਇਲਪੁਰ), ਟੋਬਾ ਟੇਕ ਸਿੰਘ, ਝੰਗ, ਗੁੱਜਰਾਂਵਾਲਾ ਅਤੇ ਸਰਗੋਧਾ, ਆਦਿ ਜ਼ਿਲ੍ਹੇ ਸ਼ਾਮਲ ਹਨ। ਇਸ ਖ਼ਿੱਤੇ ਦੇ ਮੂਲ ਵਾਸੀਆਂ ਨੂੰ ਜੰਗਲੀ/ਜਾਂਗਲੀ ਕਿਹਾ ਜਾਂਦਾ ਸੀ/ਹੈ। ਇਹ ਲੋਕ ਆਪ ਵੀ ਨੱਚਦੇ ਰਹੇ ਹਨ ਅਤੇ ਆਪਣੇ ਊਠਾਂ ਨੂੰ ਨਚਾਉਂਦੇ ਹਨ। ਮੀਆਂ ਵਾਲੀ ਵਿੱਚ ਝੁੰਮਰ ਨਾਲ ਮਿਲਦੇ ਜੁਲਦੇ ਨਾਚ ਨੂੰ ਘੁੰਮਰ ਕਿਹਾ ਜਾਂਦਾ ਹੈ। ਜੋਗਿੰਦਰ ਸਿੰਘ ਅਨੁਸਾਰ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਵੀ ਝੁੰਮਰ/ ਘੁੰਮਰ ਨਾਂ ਦੇ ਲੋਕ ਨਾਚ ਮਿਲਦੇ ਹਨ, ਪਰ ਉਨ੍ਹਾਂ ਦੀ ਤਕਨੀਕ ਪੰਜਾਬ ਦੇ ਝੁੰਮਰ ਤੋਂ ਵੱਖਰੀ ਹੈ।

ਭੰਗੜੇ ਵਾਂਗ ਝੁੰਮਰ ਦਾ ਸੰਬੰਧ ਫ਼ਸਲਾਂ ਦੀ ਕਟਾਈ ਨਾਲ ਰਿਹਾ ਹੈ। ਪਰ ਅੱਜ ਕਲ ਇਹ ਖ਼ੁਸ਼ੀ ਨਾਲ ਸੰਬੰਧਿਤ ਕਿਸੇ ਵੀ ਅਵਸਰ ਤੇ ਨੱਚਿਆ ਜਾਂਦਾ ਹੈ। ਬੱਚੇ ਦਾ ਜਨਮ, ਪੁੱਤਰ ਦੀ ਸ਼ਾਦੀ, ਕਿਸੇ ਉੱਘੀ ਸ਼ਖ਼ਸੀਅਤ ਦਾ ਸੁਆਗਤ ਜਾਂ ਵਿਦਾਇਗੀ ਸਮਾਰੋਹ, ਆਦਿ ਅਜੇਹੇ ਮੌਕੇ ਹਨ ਜਿਨ੍ਹਾਂ ਉਪਰ ਝੁੰਮਰ ਪਾਇਆ ਜਾਂਦਾ ਹੈ। ਝੁੰਮਰ ਪਾਉਣ ਵਾਲੀਆਂ ਕਈ ਪੇਸ਼ਾਵਰ ਟੋਲੀਆਂ ਹਨ, ਜਿਨ੍ਹਾਂ ਵਿਚੋਂ ਕਿਸੇ ਇੱਕ ਗਰੁੱਪ ਨੂੰ ਬੁਲਾ ਲਿਆ ਜਾਂਦਾ ਹੈ।

ਝੁੰਮਰ ਲਈ ਵਿਸ਼ੇਸ਼ ਸਾਜ਼ ਢੋਲ ਹੈ। ਅਜਿਹਾ ਢੋਲ, ਜਿਸ ਦੀ ਆਵਾਜ਼ ਦੂਰ ਤੱਕ ਪੁੱਜਦੀ ਹੋਵੇ। ਪੇਸ਼ਾਵਰ ਟੋਲੀਆਂ ਢੋਲ ਦੇ ਨਾਲ ਚਿਮਟਿਆਂ, ਖੜਤਾਲਾਂ, ਤੂਤੀਆਂ, ਡਾਂਡੀਆਂ, ਸ਼ਹਿਨਾਈਆਂ ਦੀ ਵਰਤੋਂ ਵੀ ਕਰਦੀਆਂ ਹਨ। ਝੁੰਮਰ ਪਾਉਣ ਵਾਲਿਆਂ ਦੀ ਕੋਈ ਗਿਣਤੀ ਨਿਸ਼ਚਿਤ ਨਹੀਂ ਹੈ। ਝੁੰਮਰੀ (ਝੁੰਮਰ ਪਾਉਣ ਵਾਲੇ) ਢੋਲ ਦੇ ਦੁਆਲੇ ਘੇਰੇ ਵਿੱਚ ਖਲੋ ਜਾਂਦੇ ਹਨ। ਇੱਕ ਕਦਮ ਦਾਇਰੇ ਵੱਲ ਵਧਾ ਕੇ ਖੱਬਿਓਂ ਸੱਜੇ ਜਾਂ ਫਿਰ ਸੱਜਿਓਂ ਖੱਬੇ ਪਿਛਾਂਹ ਵੱਲ ਘੁਮਾਉਂਦੇ ਹਨ। ਉਪਰੰਤ ਪੂਰਾ ਘੁੰਮ ਜਾਂਦੇ ਹਨ। ਨਾਲ-ਨਾਲ ਛੂਹ-ਛਾਹ ਦੀਆਂ ਆਵਾਜ਼ਾਂ ਵੀ ਕੱਢਦੇ ਹਨ ਅਤੇ ਐਕਟਿੰਗ ਵੀ ਕਰਦੇ ਹਨ। ਹੱਥਾਂ ਦੀਆਂ ਦੋਨੋਂ ਮੁੱਠਾਂ ਮੀਟ ਕੇ, ਛਾਤੀਆਂ ਅੱਗੇ ਰੱਖਦੇ ਝਟਕਾ ਮਾਰਦੇ ਹਨ ਅਤੇ ਗਾਣਾ ਵੀ ਗਾਉਂਦੇ ਹਨ। ਇਹ ਗਾਣੇ ਕਈ ਪ੍ਰਕਾਰ ਦੇ ਹਨ। ਇਨ੍ਹਾਂ ਵਿੱਚ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ। ਪਰ ਆਮ ਤੌਰ ਤੇ ਢੋਲੇ ਗਾਏ ਜਾਂਦੇ ਹਨ। ਸਥਾਨਕ ਭੇਦਾਂ ਦੀ ਵਜ੍ਹਾ ਕਰਕੇ ਗੀਤਾਂ ਦੇ ਬੋਲ ਬਦਲ ਜਾਂਦੇ ਹਨ, ਪਰ ਮੂਲ ਭਾਵਨਾ ਇੱਕੋ ਰਹਿੰਦੀ ਹੈ। ਢੋਲਚੀ ਦੇ ਬਦਲਦੇ ਤਾਲਾਂ ਨਾਲ ਝੁਮਰੀਆਂ ਦੇ ਨਾਚ ਦੀ ਗਤੀ ਵੀ ਬਦਲਦੀ ਰਹਿੰਦੀ ਹੈ। ਇਹ ਤਾਲ ਕਦੀ ਹੌਲੀ, ਕਦੀ ਤੇਜ਼ ਅਤੇ ਫਿਰ ਬਹੁਤ ਤੇਜ਼ ਹੋ ਜਾਂਦਾ ਹੈ। ਝੁੰਮਰ ਪਾਉਂਦਿਆਂ ਗਾਏ ਜਾਣ ਵਾਲੇ ਕੁਝ ਢੋਲਿਆਂ/ਗੀਤਾਂ ਦੇ ਮੁੱਢਲੇ ਬੋਲ ਇਸ ਪ੍ਰਕਾਰ ਹਨ:

(ੳ) ਇੱਕ ਫੁੱਲ ਮੋਤੀਏ ਦਾ ਮਾਰ ਕੇ ਜਗਾ ਸੁਹਣੀਏ
(ਅ) ਭਾਵੇਂ ਜਾਣੇ, ਭਾਵੇਂ ਨਾ ਜਾਣੇ, ਮੇਰਾ ਢੋਲ ਜਵਾਨੀਆਂ ਮਾਣੇ
(ੲ)ਛੱਲੇ ਨੂੰ ਬੰਦ ਲਗਵਾਦੇ ਯਾਰ, ਟੁੱਟਾ ਹੋਇਆ ਛੱਲਾ ਘੜਵਾ ਦੇ ਵੇ ਯਾਰ
(ਸ)ਮੈਂ ਪਾਣੀ ਭਰੇਨੀਆਂ ਚਿੱਕ ਦਾ, ਮੈਂਡਾ ਢੋਲ ਪਰਦੇਸੀ ਨਿੱਤ ਦਾ
(ਹ)ਲੰਘ ਆ ਜਾ ਪੱਤਣ ਝਨਾਂ ਦਾ ੳ ਯਾਰ

## ਲੁੱਡੀ

"ਲੁੱਡੀ ਪਾਉਣਾ" ਪੰਜਾਬੀ ਵਿੱਚ ਪ੍ਰਚਲਿਤ ਮੁਹਾਵਰਾ ਹੈ, ਜਿਸ ਦਾ ਭਾਵ ਹੈ ਖ਼ੁਸ਼ੀ ਦਾ ਪ੍ਰਗਟਾਵਾ ਕਰਨਾ ਜਾਂ ਕਿਸੇ ਢੰਗ ਨਾਲ ਖ਼ੁਸ਼ੀ ਮਨਾਉਣੀ। ਪਾਕਿਸਤਾਨ ਵਿੱਚ ਪੰਜਾਬ ਦੇ ਲੋਕ ਨਾਚਾਂ ਦੇ ਮਾਹਿਰ ਤੇ

ਨਚਾਰ ਸਾਗਾ ਦਾ ਵਿਚਾਰ ਹੈ ਕਿ ਲੁੱਡੀ ਲਫ਼ਜ਼ ਪੰਜਾਬੀ ਵਿੱਚ ਯੂਨਾਨੀ ਜ਼ਬਾਨ ਰਾਹੀਂ ਆਇਆ ਹੈ ਜਿਸ ਦੇ ਅਰਥ ਹਨ ਖੇਡ-ਕੁੱਦ। ਪਿੱਛੋਂ ਇਹ ਸ਼ਬਦ ਨਾਚ ਨਾਲ ਜੁੜ ਗਿਆ। ਜਦ ਫ਼ੌਜ ਜੰਗ ਜਿੱਤ ਕੇ ਪਰਤਦੀ ਤਾਂ ਲੁੱਡੀਆਂ ਪਾ ਕੇ ਜਵਾਨਾਂ ਦਾ ਸੁਆਗਤ ਕੀਤਾ ਜਾਂਦਾ। ਹੌਲੀ-ਹੌਲੀ ਘੁੜ ਦੌੜ, ਰੱਸਾ-ਕਸ਼ੀ, ਕਬੱਡੀ, ਕੁਸ਼ਤੀ ਆਦਿ ਖੇਡਾਂ ਵਿੱਚ ਜਿੱਤੀ ਟੀਮ ਦੀ ਖ਼ੁਸ਼ੀ ਜਾਂ ਮੁਕੱਦਮਾ ਜਿੱਤਣ ਦੀ ਖ਼ੁਸ਼ੀ ਸਾਂਝੀ ਕਰਨ ਲਈ



ਲੁੱਡੀ ਨਾਚ ਨੱਚਿਆ ਜਾਣ ਲੱਗ ਪਿਆ। ਇਸ ਤਰ੍ਹਾਂ ਲੁੱਡੀ ਮਰਦਾਂ ਦਾ ਅਜਿਹਾ ਨਾਚ ਹੈ ਜਿਸ ਨੂੰ ਖੇਡਾਂ ਦੀ ਜਿੱਤ, ਮੇਲਿਆਂ, ਮੁਬਾਹਸਿਆਂ ਸਮੇਂ ਜਾਂ ਕਿਸਾਨਾਂ ਦੁਆਰਾ ਫ਼ਸਲ ਦੀ ਬਿਜਾਈ ਕਟਾਈ ਦੇ ਮੌਕੇ ਨੱਚ ਕੇ ਖ਼ੁਸ਼ੀ ਸਾਂਝੀ ਕੀਤੀ ਜਾਂਦੀ ਹੈ। ਜਿਵੇਂ ਮਾਲਵੇ ਵਿੱਚ ਔਰਤਾਂ ਦੇ ਗਿੱਧੇ ਪਿੱਛੋਂ ਮਰਦਾਂ ਦੇ ਗਿੱਧੇ ਦਾ ਰਿਵਾਜ ਵੀ ਪੈ ਗਿਆ ਸੀ। ਇਸੇ ਤਰ੍ਹਾਂ ਵਿਆਹ ਦੀਆਂ ਰਸਮਾਂ ਜਿਵੇਂ ਖਾਰੇ ਚੜ੍ਹਨਾ, ਘੋੜੀ ਚੜ੍ਹਨਾ ਤੇ ਡੋਲੀ ਦੀ ਵਿਦਾਇਗੀ ਆਦਿ ਮੌਕੇ ਔਰਤਾਂ ਨੇ ਵੀ ਲੁੱਡੀ ਪਾਉਣੀ ਸ਼ੁਰੂ ਕਰ ਦਿੱਤੀ। ਪਰ ਇਹ ਨਾਚ ਵਧੇਰੇ ਕਰਕੇ ਪਾਕਿਸਤਾਨੀ ਪੰਜਾਬ ਤਕ ਹੀ ਸੀਮਿਤ ਰਿਹਾ ਹੈ। ਭਾਰਤ ਵਿੱਚ ਲੁੱਡੀ ਨਾਚ ਘੱਟ ਹੀ ਨੱਚਿਆ ਜਾਂਦਾ ਹੈ। ਅਫ਼ਜ਼ਲ ਪਰਵੇਜ਼ ਦੀ ਧਾਰਨਾ ਹੈ ਕਿ ਸੰਮੀ ਤੇ ਲੁੱਡੀ ਵਿੱਚ ਕੇਵਲ ਇਹ ਫ਼ਰਕ ਹੈ ਕਿ ਸੰਮੀ ਨਾਚ ਦੇ ਨਾਲ ਗੀਤ ਵੀ ਗਾਏ ਜਾਂਦੇ ਹਨ ਜਦ ਕਿ ਲੁੱਡੀ ਦੇ ਨੱਚਣ ਸਮੇਂ ਅਜਿਹੀ ਕੋਈ ਵਿਵਸਥਾ ਨਹੀਂ।

ਨਿਰਸੰਦੇਹ ! ਲੁੱਡੀ ਪੱਛਮੀ ਪੰਜਾਬ ਦਾ ਇੱਕ ਅਹਿਮ ਲੋਕ ਨਾਚ ਹੈ ਅਤੇ ਇਸ ਦੇ ਨੱਚਣ ਸਮੇਂ ਢੋਲ ਦੀ ਵਰਤੋਂ ਕੀਤੀ ਜਾਂਦੀ ਹੈ। ਜਦ ਢੋਲੀ ਢੋਲ ਉਪਰ ਡਗਾ ਮਾਰਦਾ ਹੈ ਤਾਂ ਉਸ ਦੇ ਤਾਲ ਨਾਲ ਨੱਚਣ ਵਾਲੇ ਛਾਤੀ ਅੱਗੇ ਤਾੜੀ ਮਾਰਦੇ, ਮੋਢੇ ਹਿਲਾਉਂਦੇ ਤੇ ਅੱਖਾਂ ਮਟਕਾਉਂਦੇ ਹਨ। ਜਾਂ ਇਹ ਵੀ ਕਿਹਾ ਜਾਂ ਸਕਦਾ ਹੈ ਕਿ ਢੋਲ ਦੇ ਡਗਿਆਂ ਦੀ ਲੈਅ ਅਨੁਸਾਰ ਲੁੱਡੀ ਦੇ ਨਚਾਰ ਫੁੰਮਣੀਆਂ ਪਾਉਂਦੇ ਹਨ। ਇਹ ਨਾਚ ਪੂਰੇ ਜੋਸ਼ ਨਾਲ ਨੱਚਿਆ ਜਾਂਦਾ ਹੈ। ਇਸ ਨਾਚ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਨਿਸ਼ਚਿਤ ਨਹੀਂ ਹੈ। ਨਾ ਹੀ ਨੱਚਣ ਲਈ ਖ਼ਾਸ ਥਾਂ ਦੀ ਲੋੜ ਹੈ। ਢੋਲੀ ਦੇ ਨਾਲ-ਨਾਲ ਉਹ ਅੱਗੇ ਵਧੀ ਜਾਂਦੇ ਹਨ ਅਤੇ ਐਕਸ਼ਨਾਂ ਰਾਹੀਂ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਇਸ ਨਾਚ ਦੀ ਕੋਈ ਖ਼ਾਸ ਤਕਨੀਕ ਨਹੀਂ ਹੈ। ਸਵਾਇ ਪੈਰਾਂ ਉਪਰ ਉੱਛਲਨ ਤੇ ਹੱਥਾਂ ਨਾਲ ਚੁਟਕੀਆਂ ਵਜਾਉਣ ਦੇ ਕਈ ਵਾਰ ਜੋਸ਼ ਵਿੱਚ ਆ ਕੇ ਨੱਚਣ ਵਾਲੇ ਡੰਡੇ ਵੀ ਫੜ ਲੈਂਦੇ ਹਨ ਤੇ ਇੱਕ ਦੂਜੇ ਨਾਲ ਖੜਕਾਉਂਦੇ ਹਨ। ਕੋਈ ਗੱਭਰੂ ਡੰਡਿਆਂ ਨਾਲ ਘੁੰਗਰੂ ਬੰਨ੍ਹ ਕੇ ਹਿਲਾਉਂਦਾ ਹੈ ਤੇ ਯਾ ਅਲੀ ਦੀ ਆਵਾਜ਼ ਕੱਢਦਾ ਹੈ।

ਇਸ ਨਾਚ ਵਿੱਚ ਬਾਹਵਾਂ ਤੋਂ ਵਧੇਰੇ ਕੰਮ ਲਿਆ ਜਾਂਦਾ ਹੈ। ਇਸ ਨਾਚ ਵਿੱਚ ਕੋਈ ਵਧੇਰੇ ਤੇਜ਼ ਗਤੀ ਵਾਲੀ ਚਾਲ-ਤਾਲ ਨਹੀਂ ਹੁੰਦੀ। ਇਹ ਨਾਚ ਤੇਜ਼ੀ ਨਾਲ ਨਹੀਂ ਨੱਚਿਆਂ ਜਾਂਦਾ ਹੈ। ਇਸ ਨਾਚ ਸਮੇਂ ਪਹਿਰਾਵੇ ਵਜੋਂ ਸਾਦਾ ਲਿਬਾਸ ਹੀ ਪਹਿਨਿਆ ਜਾਂਦਾ ਹੈ। ਇਸ ਨਾਚ ਸਮੇਂ ਮੋਢਿਆਂ ਤੇ ਚਾਦਰ ਰੱਖ ਲਈ ਜਾਂਦੀ ਹੈ। ਚਾਦਰ ਨੂੰ ਸੱਜੇ ਮੋਢੇ ਤੋਂ ਖੱਬੇ ਤੇ ਖੱਬੇ ਤੋਂ ਸੱਜੇ ਮੋਢੇ ਤੇ ਰੱਖ ਕੇ ਨਾਚ ਨੱਚਿਆ ਜਾਂਦਾ ਹੈ। ਇਸ ਨਾਚ ਲਈ ਕੋਈ ਗੀਤ ਵਿਸ਼ੇਸ਼ ਨਹੀਂ ਹਨ। ਪਰ ਪੱਛਮੀ ਪੰਜਾਬ ਵਿੱਚ ਗੀਤ ਵੀ ਉਚਾਰੇ ਜਾਂਦੇ ਹਨ। ਜਿਵੇਂ:

ਲੁੱਡੀ ਸ਼ਾਹਾਂ ਦੇ ਵਿਹੜੇ ਮੰਜੀ ਡਾਹਾਂ ਦੇ ਵਿਹੜੇ
ਹੋ ਹੋ ਐਲੀ ਐਲੀ,ਓ ਹੱਟ ਕੇ

ਇਸ ਨਾਚ ਸਮੇਂ ਕਈ ਵਾਰ ਹੱਥ ਵਿੱਚ ਸ਼ੀਸ਼ਾ ਵੀ ਫੜਿਆ ਜਾਂਦਾ ਹੈ। ਲੁੱਡੀ ਨੱਚਣ ਵਾਲੇ ਚੋਬਰ ਗੱਭਰੂ ਛਾਤੀ ਅਗਾਂਹ ਕੱਢ ਕੇ ਸਰੀਰਕ ਤਾਕਤ ਦਾ ਮੁਜ਼ਾਹਰਾ ਕਰਦੇ ਹਨ। ਮੌਜੂਦਾ ਸਮੇਂ ਇਹ ਨਾਚ ਘੱਟ ਨੱਚਿਆ ਜਾਂਦਾ ਹੈ।

**ਧਮਾਲ**

ਪਾਰਖੂਆਂ ਨੇ ਧਮਾਲ ਨੂੰ ਪੰਜਾਬ ਦੇ ਲੋਕ ਨਾਚਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਹੈ, ਪਰ ਮੂਲ ਰੂਪ ਵਿੱਚ ਇਹ ਧਾਰਮਿਕ ਭਾਵਨਾ ਵਾਲਾ ਨਾਚ ਹੈ ਜਿਸ ਨੂੰ ਮੁਸਲਮਾਨ ਸ਼ਰਧਾਲੂ ਮਰਦ ਅਤੇ ਔਰਤਾਂ ਪਹੁੰਚੇ ਹੋਏ ਫ਼ਕੀਰਾਂ ਦੇ ਮਜ਼ਾਰਾਂ ਉਪਰ ਲਗਨ ਵਾਲੇ ਮੇਲਿਆਂ ਜਾਂ ਉਰਸਾਂ ਦੇ ਮੌਕੇ ਅਕੀਦਤ ਜਾਂ ਸ਼ਰਧਾ ਭੇਂਟ ਕਰਨ ਲਈ ਨੱਚਦੇ ਹਨ। ਇਨ੍ਹਾਂ ਧਾਰਮਿਕ ਸ਼ਖ਼ਸੀਅਤਾਂ ਵਿੱਚ ਹਜ਼ਰਤ ਦਾਤਾ ਗੰਜ ਬਖ਼ਸ਼, ਬਾਬਾ ਫ਼ਰੀਦ ਸ਼ਕਰਗੰਜ, ਹਜ਼ਰਤ ਮੀਆਂ ਮੀਰ, ਮਾਧੋ ਲਾਲ ਹੁਸੈਨ, ਸਾਈਂ ਬੁੱਲ੍ਹੇ ਸ਼ਾਹ ਅਤੇ ਸੱਯਦ ਵਾਰਿਸ ਸ਼ਾਹ ਆਦਿ ਸ਼ਾਮਲ ਹਨ।

ਵਿੱਚ ਧਮਾਲ ਨੂੰ ਮੁਸਲਮਾਨ ਮਲੰਗਾਂ, ਮਸਤਾਨਿਆਂ ਅਤੇ ਕਲੰਦਰਾਂ ਦਾ ਧਾਰਮਿਕ ਨਾਚ ਕਿਹਾ ਜਾ ਸਕਦਾ ਹੈ। ਇਹ ਦੀਵਾਨੇ ਢੋਲ ਜਾਂ




ਨਕਾਰੇ ਦੇ ਤਾਲ ਉਪਰ ਮਸਤ ਹੋ ਪੈਰਾਂ ਦੀ ਧਮਕ ਦੀ ਆਵਾਜ਼ ਕੱਢਦੇ ਹਨ। ਇਸੇ ਕਾਰਨ ਇਸ ਨੂੰ ਧਮਾਲ ਦਾ ਨਾਂ ਦਿੱਤਾ ਗਿਆ ਹੈ। ਜਿੱਥੇ ਮਰਦਾਂ ਨੇ ਕਾਲੇ ਰੰਗ ਦੇ ਚੋਲ੍ਹੇ ਪਹਿਨੇ ਹੁੰਦੇ ਹਨ, ਬਾਂਹਾਂ ਉਪਰ ਮੋਟੇ ਕੜੇ ਅਤੇ ਉਂਗਲਾਂ ਉਪਰ ਅੰਗੂਠੀਆਂ ਪਾਈਆਂ ਹੁੰਦੀਆਂ ਹਨ ਉੱਥੇ ਔਰਤਾਂ ਨੇ

ਆਪਣੇ ਵਾਲ ਖਲਾਰੇ ਹੁੰਦੇ ਹਨ। ਉਹ ਵੀ ਮਰਦਾਂ ਵਾਂਗ ਮਸਤੀ ਸਿਰ ਨੂੰ ਸੱਜੇ ਜਾਂ 'ਖੱਬੇ ਝਟਕਾ ਦਿੰਦੀਆਂ ਹਨ ਜਾਂ ਜ਼ਮੀਨ ਉੱਤੇ ਗੋਡਿਆਂ ਭਾਰ ਬੈਠ ਕੇ ਦੋਨੋਂ ਹੱਥ ਸਿਰ ਉੱਪਰ ਰੱਖ ਕੇ ਸਿਰ ਨੂੰ ਦਾਇਰੇ ਦੀ ਸ਼ਕਲ ਵਿੱਚ ਘੁਮਾਉਂਦੀਆਂ ਹਨ। ਗਰਮੀਆਂ ਦੀ ਰੁੱਤੇ ਕੁਝ ਮਸਤਾਨਿਆਂ ਨੇ ਕੇਵਲ ਲੰਗੋਟੀ ਜਾਂ ਚਾਦਰ ਪਹਿਨੀ ਹੁੰਦੀ ਹੈ। ਕੁਝ ਇੱਕ ਨੇ ਹੱਥਾਂ ਵਿੱਚ ਡੰਡਾ ਤੇ ਕਾਸਾ ਪਕੜਿਆ ਹੁੰਦਾ ਹੈ। ਕੋਈ ਅਜਿਹਾ ਵੀ ਦਿਸ ਆਉਂਦਾ ਹੈ ਜਿਸ ਨੇ ਭਾਰਤੀ ਸਾਧੂਆਂ ਵਾਂਗ ਜਟਾਂ ਵਧਾਈਆਂ ਹੁੰਦੀਆਂ ਹਨ। ਨੱਚਣ ਸਮੇਂ ਧਾਰਮਿਕ ਰਹੁ-ਰੀਤਾਂ ਦਾ ਪੂਰੀ ਤਰ੍ਹਾਂ ਖ਼ਿਆਲ ਰੱਖਿਆ ਜਾਂਦਾ ਹੈ। ਸ਼ਰਧਾਲੂ ਆਪਣੀ ਸ਼ਰਧਾ ਭੇਂਟ ਕਰਕੇ ਪੁੱਠੇ ਪੈਰੀਂ ਵਾਪਸ ਪਰਤਦੇ ਹਨ ਕਿਉਂ ਜੋ ਮਜ਼ਾਰ ਵਲ ਪਿੱਠ ਕਰਨ ਨੂੰ ਗੁਸਤਾਖ਼ੀ ਸਮਝਿਆ ਜਾਂਦਾ ਹੈ। ਧਮਾਲ ਲਈ ਹਰਮਨ ਪਿਆਰ ਨੂੰ ਵੇਖਦਿਆਂ ਕੁਝ ਫ਼ਿਲਮਾਂ ਵਿੱਚ ਵੀ ਇਸ ਦੀ ਪੇਸ਼ਕਾਰੀ ਕੀਤੀ ਗਈ ਹੈ। ਧਮਾਲ ਸਮੇਂ ਨੱਚਣ ਵਾਲੇ ਹੂ-ਹੂ ਜਾਂ ਸੂਫ਼ੀ ਰੰਗ ਵਾਲੀਆਂ ਕਾਫ਼ੀਆਂ ਗਾਉਂਦੇ ਸਨ। ਸਾਜ਼ ਵੱਜੇ ਖੜਤਾਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਜੋਕੇ ਸਮੇਂ ਖੜਤਾਲਾਂ ਦੇ ਨਾਲ-ਨਾਲ ਬੁੱਗਚੂ, ਚਿਮਟਾ ਆਦਿ ਸਾਜਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਮਸਤੀ ਵਿੱਚ ਨੱਚ ਰਹੇ ਮਰਦ ਗੱਲ੍ਹ ਵਿੱਚ ਕੁੜਤਾ ਤੇੜ/ਫ਼ਤੂਹੀ ਜਾਂ ਗੱਲੋਂ ਨੰਗੇ ਵੀ ਨੱਚ ਲੈਂਦੇ ਹਨ। ਧਾਰਮਿਕ ਉਤਸਵਾਂ, ਮੇਲਿਆਂ ਆਦਿ ਵਿਚੋਂ ਇਸ ਨਾਚ ਦੇ ਅੰਗ ਵੇਖੇ ਜਾ ਸਕਦੇ ਹਨ। ਇਸ ਨਾਚ ਵਿੱਚ ਗਾਏ ਜਾਣ ਵਾਲੇ ਗੀਤ ਇਸ ਪ੍ਰਕਾਰ ਦੇ ਹੁੰਦੇ ਹਨ:

ਪੀਰਾਂ ਪੀੜ੍ਹੀ ਦੇ ਪਟੋਲਾ ਏ ਰਾਂਗਲਾ-ਬੀਬੀ ਬਾਈ ਦਾ ਬਣਿਆ-ਏ ਬਾਂਗਲਾ-ਮੈਂ ਵਾਰੀ ਪੀਰਾ ਵੇ

## ਜੱਲੀ

ਜੱਲੀ ਵੀ ਮਸਤੀ ਵਿੱਚ ਨੱਚਿਆ ਜਾਣ ਵਾਲਾ ਲੋਕ ਨਾਚ ਹੈ। ਇਸ ਨਾਚ ਨੂੰ ਨੱਚਣ ਵਾਲੇ ਸੁੱਧ-ਬੁੱਧ ਭੁੱਲ ਜਾਂਦੇ ਹਨ। ਮੁਸਲਮਾਨ ਤਬਕੇ ਦੇ ਲੋਕ ਇਸ ਨਾਚ ਨੂੰ 'ਜੱਲੀ' ਦਾ ਨਾਂ ਦਿੰਦੇ ਹਨ। ਇਹ ਨਾਚ ਖ਼ਾਨਗਾਹਾਂ, ਪੀਰਾਂ ਦੇ ਮਕਬਰਿਆਂ ਆਦਿ ਧਾਰਮਿਕ ਸਥਾਨਾਂ ਤੇ ਨੱਚਿਆ ਜਾਂਦਾ ਹੈ। ਨਾਚ ਸਮੇਂ ਕਾਲੇ ਰੰਗ ਦਾ ਕੁੜਤਾ, ਕਾਲਾ ਚੋਲ੍ਹਾ ਜਾਂ ਕਾਲੇ ਰੰਗ ਦੀ ਵੇਸ-ਭੂਸ਼ਾ ਨੂੰ ਤਰਜੀਹ ਦਿੱਤੀ ਜਾਂਦੀ ਹੈ। ਨੱਚਣ ਵਾਲੇ ਦੇ ਹੱਥ ਡੰਡਾ ਹੁੰਦਾ ਹੈ। 'ਡੰਡੇ' ਨੂੰ ਨੱਚਣ ਵਾਲਿਆਂ ਦੀ ਭਾਸ਼ਾ ਵਿੱਚ ਇਸ ਨੂੰ 'ਮੁਤੈਰ' ਕਿਹਾ ਜਾਂਦਾ ਹੈ। ਨਾਚ ਨੱਚਣ ਵਾਲੇ ਨੂੰ ਮਲੰਗ ਵੀ ਕਿਹਾ ਜਾਂਦਾ ਹੈ। ਪੱਛਮੀ ਪੰਜਾਬ ਵਿੱਚ ਇਸ ਨੂੰ 'ਮਲੰਗਾਂ ਦਾ ਨਾਚ' ਵੀ ਕਿਹਾ ਜਾਂਦਾ ਹੈ। ਔਰਤਾਂ ਇਸ ਨਾਚ 'ਚ ਸ਼ਾਮਲ ਨਹੀਂ ਹੋ ਸਕਦੀਆਂ। ਇਹ ਇੱਕ ਤਰ੍ਹਾਂ ਦੇ ਮਲੰਗ ਕਿਸਮ ਦੇ ਲੋਕਾਂ ਦਾ ਨਾਚ ਹੈ। ਇਸ ਨਾਲ ਗਾਇਆ ਜਾਣ ਵਾਲਾ ਗੀਤ ਇਸ ਪ੍ਰਕਾਰ ਦਾ ਹੁੰਦਾ ਹੈ:

ਚਿੱਠੀ ਲੈਜਾ ਹੁਸੈਨ ਦੇ ਵੀਰ ਵੇ ਚਿੱਠੀ ਲੈਜਾ ਹੁਸੈਨ ਦੇ ਵੀਰ ਵੇ
ਚਿੱਠੀ ਬੀਬੀ ਫਾਤਮਾ ਦੇ ਜਾਏ ਨੇ ਵਿੱਚ ਕਰਬਲਾ ਦੇ ਡੇਰੇ ਲਾਏ ਨੇ
ਜੰਗ ਕਹਿਰ ਦਾ ਬੇ ਸ਼ਮੀਰ ਵੇ

## ਧਰੀਸ

ਝੁੰਮਰ ਨਾਲ ਮਿਲਦਾ ਜੁਲਦਾ ਸਾਂਦਲ ਬਾਰ ਦਾ ਇੱਕ ਹੋਰ ਲੋਕ ਨਾਚ ਧਰੀਸ ਹੈ। ਇਹ ਨਾਚ ਵਧੇਰੇ ਕਰਕੇ ਝੰਗ ਦੇ ਇਲਾਕੇ ਤਕ ਹੀ ਸੀਮਤ ਹੈ। ਸਾਗਾ ਦੇ ਵਿਚਾਰ ਅਨੁਸਾਰ ਕਿਉਂ ਜੋ ਇਸ ਨਾਚ ਨੂੰ ਨੱਚਣ ਵਾਲੇ ਬੜੇ ਧੀਰਜ ਨਾਲ ਸਹਿਜੇ ਸਹਿਜੇ ਪੈਰ ਧਰਦੇ ਹਨ, ਇਸ ਲਈ ਧੀਰਜ ਤੋਂ ਇਸ ਦਾ ਨਾਂ ਧਰੀਸ ਪੈ ਗਿਆ। ਅਹਿਮਦ ਗ਼ਜ਼ਾਲੀ ਨੇ ਆਪਣੀ ਉਰਦੂ ਵਿੱਚ ਲਿਖੀ ਪੁਸਤਕ ਸਾਂਦਲ ਬਾਰ ਵਿੱਚ ਧਰੀਸ ਨੂੰ ਸਾਂਦਲ ਬਾਰ ਦਾ ਬਹੁਤ ਹੀ ਹਰਮਨ ਪਿਆਰਾ ਨਾਚ ਦੱਸਿਆ ਹੈ ਅਤੇ ਇਸ ਨੂੰ ਨੱਚਣ ਵਾਲਿਆਂ ਦੀ ਗਿਣਤੀ 25 ਤੋਂ 50 ਤੱਕ ਦਰਜ ਕੀਤੀ ਹੈ। ਗ਼ਜ਼ਾਲੀ ਅਨੁਸਾਰ ਧਰੀਸ ਨੱਚਣ ਵਾਲਿਆਂ ਨੇ ਰੰਗਦਾਰ ਕੱਪੜੇ ਪਾਏ ਹੁੰਦੇ ਹਨ ਅਤੇ ਨਾਚ ਦੇ ਨਾਲ ਗੀਤ ਗਾਉਂਦੇ ਸਮੇਂ 'ਸ਼ੀ' 'ਸ਼ੀ' ਦੇ



ਆਵਾਜ਼ ਵੀ ਕੱਢਦੇ ਹਨ। ਸਾਜ਼ਾਂ ਵਿੱਚ ਢੋਲ ਦੇ ਨਾਲ ਤੂਤੀ ਅਤੇ ਸ਼ਰਨਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਆਮ ਤੌਰ ਤੇ ਇਸ ਨੂੰ ਮੇਲਿਆਂ ਤੇ ਸਮਾਗਮਾਂ ਵੇਲੇ ਨੱਚਿਆ ਜਾਂਦਾ ਹੈ। ਇਸ ਨਾਚ ਨਾਲ ਗਾਏ ਜਾਣ ਵਾਲੇ ਗੀਤ ਦੂਜੇ ਨਾਚਾਂ ਵਿੱਚ ਵੀ ਗਾਏ ਜਾਂਦੇ ਹਨ। ਨਮੂਨੇ ਵਜੋਂ ਦੋ ਗੀਤਾਂ ਦੀਆਂ ਪਹਿਲੀਆਂ ਤੁਕਾਂ ਇਸ ਪ੍ਰਕਾਰ ਹਨ:

(1)ਚੰਨਾ ਕਿੱਥੇ ਗੁਜ਼ਾਰੀ ਆਈ ਰਾਤ ਵੇ ਮੇਰਾ ਜੀਅ ਦਲੀਲਾਂ ਦੇ ਵਾਸ ਵੇ ,ਸ਼ੀਂ, ਸ਼ੀਂ, ਸ਼ੀਂ, ਸ਼ੀਂ

(2)ਮੈਂ ਜੋ ਤੈਨੂੰ ਆਖਿਆ ਥਲ ਵਿੱਚ ਬੰਗਲਾ ਪੁਆ ਭਲਾ ਸ਼ੀਂ, ਸ਼ੀਂ, ਸ਼ੀਂ

## ਸਪੇਰਾ ਨਾਚ

ਇਸ ਨਾਚ ਦੇ ਕੇਵਲ ਦੋ ਹੀ ਕਿਰਦਾਰ ਹਨ: ਸਪੇਰਾ ਅਤੇ ਨਾਗਨ, ਇਸ ਲਈ ਇਸ ਨੂੰ ਨਾਗਨ ਨਾਚ ਵੀ ਕਿਹਾ ਜਾਂਦਾ ਹੈ। ਇਸ ਨਾਚ ਨੂੰ ਪ੍ਰਾਚੀਨ ਕਾਲ ਤੋਂ ਪ੍ਰਚਲਿਤ ਨਾਗ ਦੇਵਤਾ ਦੀ ਪੂਜਾ ਨਾਲ ਵੀ ਜੋੜਿਆ ਜਾਂਦਾ ਹੈ।

## ਬਨਾਵਟੀ ਘੋੜਾ ਨਾਚ

ਅਸਲੀ ਘੋੜਿਆਂ ਦੀ ਥਾਂ ਜਦ ਲੱਕੜ, ਪਲਾਈ ਤੇ ਗੱਤੇ ਆਦਿ ਦੇ ਫ਼ਰਜ਼ੀ ਜਾਂ ਨਕਲੀ ਘੋੜੇ ਬਣਾ ਕੇ ਨਾਚ ਕੀਤਾ ਜਾਂਦਾ ਹੈ ਤਾਂ ਉਸ ਨੂੰ ਡਾ. ਫ਼ਕੀਰ ਹੁਸੈਨ ਸਾਗਾ ਨੇ ਬਨਾਵਟੀ ਘੋੜਾ ਨਾਚ ਦਾ ਨਾਂ ਦਿੱਤਾ ਹੈ। ਇਹ ਰਿਵਾਇਤ ਕਾਫ਼ੀ ਪੁਰਾਣੀ ਹੈ। ਸ਼ੁਰੂ ਵਿੱਚ ਅਜਿਹੇ ਬਨਾਵਟੀ ਘੋੜੇ ਟੋਕਰੀਆਂ ਤੇ ਬਾਂਸਾਂ ਤੋਂ ਬਣਾਏ ਜਾਂਦੇ ਸਨ। ਸਪੇਰਾ ਨਾਚ ਵਾਂਗ ਇਹ ਵੀ ਇੱਕ ਪੇਸ਼ਾਵਰ ਨਾਚ ਰਿਹਾ ਹੈ ਅਤੇ ਇਸ ਨਾਚ ਨੂੰ ਕਰਨ ਵਾਲੀਆਂ ਕਈ ਮੰਡਲੀਆਂ ਬਣੀਆਂ ਹੋਈਆਂ ਸਨ।



# ਸਿੱਖ ਇਤਿਹਾਸ ਦਾ ਵੱਡਾ ਦੁਖਾਂਤ: ਛੋਟਾ ਘੱਲੂਘਾਰਾ

**ਕਸ਼ਮੀਰ ਸਿੰਘ ਸੰਧੂ**
**ਕਾਦੀਆਂ**
78379-17054

18ਵੀਂ ਸਦੀ ਵਿੱਚ ਜ਼ਿਲ੍ਹਾ ਗੁਰਦਾਸਪੁਰ ਅੰਦਰ ਬਿਆਸ ਦਰਿਆ ਦੇ ਕਾਹਨੂੰਵਾਨ ਛੰਭ ਵਿੱਚ ਵਾਪਰਿਆ ਛੋਟਾ ਘੱਲੂਘਾਰਾ ਦੁਨੀਆ ਭਰ ਦੇ ਸਿੱਖ ਇਤਿਹਾਸ ਵਿੱਚ ਅਹਿਮ ਮਹੱਤਤਾ ਰੱਖਦਾ ਹੈ। ਇਸ ਛੋਟੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਸ਼ਾਨਾਮੱਤੀ



ਸਿੱਖ ਇਤਿਹਾਸ ਰਹਿੰਦੀ ਦੁਨੀਆ ਤੱਕ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਰਹੇਗਾ। ਸਿੱਖ ਕੌਮ ਸ਼ੁਰੂ ਤੋਂ ਹੀ ਜਬਰ ਤੇ ਜ਼ੁਲਮ ਖ਼ਿਲਾਫ਼ ਲੜਦੀ ਰਹੀ ਹੈ ਅਤੇ ਕਿਸੇ ਦੀ ਗ਼ੁਲਾਮੀ ਜਾਂ ਈਨ ਨਾ ਮੰਨਣਾ ਇਹਨਾਂ ਦੇ ਖ਼ੂਨ ਵਿੱਚ ਰਚਿਆ ਹੋਇਆ ਹੈ ਇਸੇ ਕਰਕੇ ਵੱਖ-ਵੱਖ ਸਮੇਂ ਦੌਰਾਨ ਸਿੱਖਾਂ ਨੂੰ ਭਿਆਨਕ ਘੱਲੂਘਾਰਿਆਂ ਦਾ ਸਾਹਮਣਾ ਕਰਨਾ ਪਿਆ।

1745 ਵਿੱਚ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਜੀ ਦੇ ਸਿਰ ਦੀ ਖੋਪੜੀ ਲਾਹ ਕੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਪਰ ਭਾਈ ਤਾਰੂ ਸਿੰਘ ਦੀ ਸ਼ਹੀਦੀ ਤੋਂ ਪਹਿਲਾਂ ਹੀ ਉਸ ਪਾਪੀ ਦਾ ਅੰਤ ਵੀ ਬਹੁਤ ਬੁਰੀ ਤਰ੍ਹਾਂ ਹੋਇਆ। ਇਤਿਹਾਸਕਾਰਾਂ ਮੁਤਾਬਿਕ

ਉਸ (ਜ਼ਕਰੀਆ ਖ਼ਾਨ) ਦਾ ਪਿਸ਼ਾਬ ਬੰਦ ਹੋ ਜਾਣ ਕਾਰਨ ਗੁਰਸਿੱਖ ਭਾਈ ਤਾਰੂ ਸਿੰਘ ਜੀ ਦੀਆਂ ਜੁੱਤੀਆਂ 22 ਦਿਨ ਉਸ ਦੇ ਸਿਰ ਵਿੱਚ ਵੱਜਦੀਆਂ ਰਹੀਆਂ ਤੇ ਬੁਰੀ ਤਰ੍ਹਾਂ ਇਸ ਪਾਪੀ ਦਾ ਅੰਤ ਹੋਇਆ। ਜਿੱਥੇ ਛੋਟੇ ਘੱਲੂਘਾਰੇ ਦੇ ਸ਼ਹੀਦਾਂ ਦੀਆਂ ਲਾ ਮਿਸਾਲ ਕੁਰਬਾਨੀਆਂ ਨਾਲ ਸਿੱਖ ਕੌਮ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਸਿੱਖੀ ਸਿਦਕ ਤੇ ਹੱਕ ਸੱਚ ਦੀ ਲੜਾਈ ਲਈ ਅਤੇ ਲੁਕਾਈ ਲਈ ਲੜਨ ਮਰਨ ਦਾ ਜਜ਼ਬਾ ਪੈਦਾ ਹੁੰਦਾ ਰਹੇਗਾ ਉੱਥੇ ਹੀ ਇਹ ਘੱਲੂਘਾਰਾ ਸਮੁੱਚੀ ਮਾਨਵਤਾ ਨੂੰ ਮੂੰਹ ਵਿੱਚ ਉਂਗਲਾਂ ਪਾਉਣ ਲਈ ਮਜਬੂਰ ਕਰਦਾ ਹੋਇਆ ਰਹਿੰਦੀ ਦੁਨੀਆ ਤੱਕ ਸਿੱਖ ਕੌਮ ਦੀਆਂ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਰਹੇਗਾ। 18ਵੀਂ ਸਦੀ ਮੁਗ਼ਲ ਰਾਜ ਦੇ ਜ਼ੁਲਮ ਦੀ ਹਨੇਰ-ਗਰਦੀ ਦੀ ਸਦੀ ਸੀ। ਭਾਵੇਂ ਕਿ ਛੋਟਾ ਘੱਲੂਘਾਰਾ ਵਾਪਰਨ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜ ਕਾਇਮ ਕਰ ਲਿਆ ਸੀ, ਪਰ ਮੁਗ਼ਲ ਸਾਮਰਾਜ ਨੇ ਸਿੱਖ ਬਗ਼ਾਵਤ ਨੂੰ ਖ਼ਤਮ ਕਰਨ ਦਾ ਬੀੜਾ ਚੁੱਕ ਹੋਇਆ ਸੀ।ਇਸੇ ਦੌਰਾਨ ਲੰਮੇ ਸੰਘਰਸ਼ ਮਗਰੋਂ ਬੰਦਾ ਸਿੰਘ ਬਹਾਦਰ ਜੀ ਨੂੰ ਗੜ੍ਹੀ ਗੁਰਦਾਸ ਨੰਗਲ (ਜ਼ਿਲ੍ਹਾ ਗੁਰਦਾਸਪੁਰ) ਤੋਂ ਹਜ਼ਾਰਾਂ ਸਿੰਘਾਂ ਸਮੇਤ ਕੈਦ ਕਰਕੇ ਈਨ ਮਨਾਉਣ ਲਈ ਕਈ ਤਰ੍ਹਾਂ ਦੇ ਤਸੀਹੇ ਦੇ

ਦਿੱਲੀ ਵਿੱਚ ਸ਼ਹੀਦ ਕਰ ਦਿੱਤਾ ਗਿਆ। ਦਿੱਲੀ ਦਰਬਾਰ ਨੇ 1721 ਈਸਵੀ ਵਿੱਚ ਜ਼ਕਰੀਆ ਖ਼ਾਨ ਨੂੰ ਪੰਜਾਬ ਦਾ ਸੂਬੇਦਾਰ ਇਸ ਸ਼ਰਤ ਤੇ ਬਣਾਇਆ ਕਿ ਉਹ ਸਿੱਖਾਂ ਦਾ ਖੁਰਾ ਖੋਜ ਮੁਕਾ ਦੇਵੇਗਾ, ਪਰ ਉਸ ਤੋਂ ਸਿੱਖ ਤਾਂ ਕੀ ਮੁੱਕਣੇ ਸਨ ਉਹ ਖ਼ੁਦ ਹੀ ਮੁੱਕ ਗਿਆ। ਜਕਰੀਆ ਖ਼ਾਨ ਦੀ 1745 ਈਸਵੀ ਵਿੱਚ ਮੌਤ ਤੋਂ ਬਾਅਦ ਉਸ ਦਾ ਪੁੱਤਰ ਯਾਹੀਆ ਖ਼ਾਨ ਪੰਜਾਬ ਦਾ ਗਵਰਨਰ ਬਣਿਆ, ਇਹ ਆਪਣੇ ਪਿਓ ਤੋਂ ਵੀ ਵੱਧ ਜ਼ਾਲਮ ਸੀ। ਯਾਹੀਆ ਖ਼ਾਨ ਨੇ ਆਪਣੀਆਂ ਫ਼ੌਜਾਂ ਨੂੰ ਹੁਕਮ ਦਿੱਤੇ ਕਿ ਸਿੱਖਾਂ ਦਾ ਕਤਲ ਕਰਕੇ ਉਨ੍ਹਾਂ ਦਾ ਖੁਰਾ ਖੋਜ ਮਿਟਾ ਦਿੱਤਾ ਜਾਵੇ ਅਤੇ ਸਿੱਖਾਂ ਦੇ ਸਿਰ ਵੱਢ ਲਿਆਉਣ ਵਾਲਿਆਂ ਨੂੰ ਇਨਾਮ ਦਿੱਤੇ ਜਾਣਗੇ।ਮੁਗ਼ਲਾਂ ਦੇ ਜ਼ਬਰ ਤੇ ਜ਼ੁਲਮ ਵਿਰੁੱਧ ਲੜਾਈ ਲੜਨ ਲਈ ਸਿੱਖ ਜੰਗਲਾਂ ਪਹਾੜਾਂ ਵਿੱਚ ਜਾ ਕੇ ਲਾਮਬੰਦ ਹੋਣ ਲੱਗ ਪਏ। ਇਸ ਦੌਰਾਨ ਮੁਗ਼ਲ ਲੋਕਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਕੀਤੀਆਂ ਜਾਣ ਲੱਗੀਆਂ ਅਤੇ ਕੁੜੀਆਂ ਦੇ ਸਿਰ ਵੱਢ ਕੇ ਉਨ੍ਹਾਂ ਨੂੰ ਸਿੱਖਾਂ ਦੇ ਸਿਰ ਦੱਸ ਕੇ ਮੁੱਲ ਵੱਟਣ ਲੱਗੇ।

ਸਿੱਖਾਂ ਉੱਤੇ ਯਾਹੀਆ ਖ਼ਾਨ ਦੇ ਵਧਦੇ ਜ਼ੁਲਮ ਨੂੰ ਵੇਖਦਿਆਂ ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਿੱਖਾਂ ਨੂੰ ਕਾਹਨੂੰਵਾਨ ਦੇ ਛੰਭ ਵਿੱਚ ਇਕੱਠੇ ਹੋਣ ਦਾ ਹੁਕਮ ਕੀਤਾ।

ਸਿੱਖਾਂ ਨੇ ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਆਪਣੇ ਘਰ ਘਾਟ ਛੱਡ ਕੇ ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਕਾਦੀਆਂ ਨੇੜਲੇ ਕਾਹਨੂੰਵਾਨ ਛੰਭ ਵਿੱਚ ਜਾ ਟਿਕਾਣਾ ਕੀਤਾ। ਇਸ ਛੰਭ ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਗੁਰਦਿਆਲ ਸਿੰਘ ਡੱਲੇਵਾਲੀਆ ,ਸ ਹਰੀ ਸਿੰਘ ਭੰਗੀ, ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਤੇ ਨੌਧ ਸਿੰਘ ਆਦਿ ਆਪਣੇ ਜਥੇ ਲੈ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘ ਇਸ ਛੰਭ ਵਿੱਚ ਇਕੱਠੇ ਹੋਏ ਤਾਂ ਇਸ ਬਾਰੇ ਪਤਾ ਲੱਗਣ ਤੇ ਯਾਹੀਆ ਖ਼ਾਨ ਤੇ ਲਖਪਤ ਰਾਏ ਨੇ ਆਪਣੀਆਂ ਫ਼ੌਜਾਂ ਲੈਣ ਕੇ ਸਿੱਖਾਂ ਨੂੰ ਘੇਰਾ ਪਾ ਲਿਆ।ਇਸ ਦੌਰਾਨ

ਸਿੱਖਾਂ ਵੱਲੋਂ ਮੁਗ਼ਲਾਂ ਨਾਲ ਕੀਤੀ ਗਹਿਗੱਚ ਜੰਗ ਵਿੱਚ ਯਾਹੀਆ ਖ਼ਾਨ ਅਤੇ ਲਖਪਤ ਰਾਏ ਦੇ ਪੁੱਤਰ ਮਾਰੇ ਗਏ। ਸਿੱਖਾਂ ਦੇ ਮੂੰਹ ਤੋੜਵੇਂ ਜਵਾਬ ਅੱਗੇ ਬੇਵੱਸ ਹੋਏ ਮੁਗ਼ਲਾਂ ਨੇ ਆਖ਼ਰ 30 ਮਈ 1746 ਈਸਵੀ ਨੂੰ ਛੰਭ ਦੇ ਜੰਗਲ ਨੂੰ ਅੱਗ ਲਗਾ ਦਿੱਤੀ, ਜਿਸ ਵਿੱਚ 15,000 ਸਿੰਘ ,ਸਿੰਘਣੀਆਂ ਅਤੇ ਬੱਚੇ ਸ਼ਹੀਦ ਹੋ ਗਏ। ਹਜ਼ਾਰਾਂ ਸਿੰਘਾਂ ਦੇ ਸਿਰ ਗੱਡਿਆਂ ਤੇ ਲੱਦ ਕੇ ਲਾਹੌਰ ਦਰਵਾਜ਼ਿਆਂ ਤੇ ਟੰਗੇ ਗਏ। ਇਸ ਘੱਲੂਘਾਰੇ ਦੌਰਾਨ ਜੋ ਸਿੱਖ ਬਚ ਗਏ ਸਨ ਉਹ ਮਾਲਵੇ, ਕੋਟਕਪੂਰੇ ਤੇ ਜੈਤੋ ਪਹੁੰਚ ਗਏ।

ਭਾਵੇਂ ਕਿ ਇਸ ਸਾਕੇ ਵਿੱਚ ਵੱਖ ਵੱਖ ਇਤਿਹਾਸਕਾਰਾਂ ਮੁਤਾਬਕ 7



ਹਜ਼ਾਰ ਤੋਂ 11 ਹਜ਼ਾਰ ਸਿੰਘ, ਸਿੰਘਣੀਆਂ ਅਤੇ ਬੱਚਿਆਂ ਦੇ ਸ਼ਹੀਦ ਹੋਣ ਦਾ ਜ਼ਿਕਰ ਆਉਂਦਾ ਹੈ, ਪਰ ਹੁਣ ਮੌਜੂਦਾ ਸਥਿਤੀ ਵਿੱਚ ਪ੍ਰਸਿੱਧ ਸਾਹਿਤਕਾਰ ਸੁਲੱਖਣ ਸਰਹੱਦੀ ਵੱਲੋਂ ਖੋਜ ਤੇ ਅਧਾਰਿਤ ਪੁਸਤਕ "ਅਗਨ ਗਾਥਾ ਦਾਸਤਾਨ ਛੋਟਾ ਘੱਲੂਘਾਰਾ" ਵਿੱਚ ਛੋਟੇ ਘੱਲੂਘਾਰੇ ਦੀਆਂ ਇਤਿਹਾਸਿਕ ਘਟਨਾਵਾਂ ਬਾਰੇ ਉਸ ਸਮੇਂ ਦੀ ਭੂਗੋਲਿਕ ਸਥਿਤੀ ਤੇ ਘਟਨਾਵਾਂ ਬਾਰੇ ਵਿਸਥਾਰ ਪੂਰਵਕ ਜ਼ਿਕਰ ਕਰਦਿਆਂ 15 ਹਜ਼ਾਰ ਸ਼ਹੀਦੀਆਂ ਦਾ ਜ਼ਿਕਰ ਕੀਤਾ ਗਿਆ ਹੈ। ਜਦਕਿ ਉਸ ਸਮੇਂ ਛੰਭ ਵਿੱਚ ਨਾ ਕੋਈ ਫਲ ਤੇ ਨਾ ਫ਼ਸਲ ਪੈਦਾ ਹੁੰਦੀ ਸੀ,ਇਹ ਇਲਾਕਾ ਜੰਗਲ ਬੀਆਬਾਨ ਸੀ ਜਿੱਥੇ ਛੋਟਾ ਘੱਲੂਘਾਰਾ ਵਾਪਰਿਆ ,ਪਰ ਸਿੰਘਾਂ ਦੇ ਹੌਂਸਲੇ ਬੁਲੰਦ ਸਨ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਇਸ ਸਥਾਨ 'ਤੇ ਅੱਜ ਇਤਿਹਾਸਕ ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਸੁਸ਼ੋਭਿਤ ਹੈ ਅਤੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਤੋਂ ਇਲਾਵਾ ਵੱਖ-ਵੱਖ ਬਿਲਡਿੰਗਾਂ ਦੀ ਉਸਾਰੀ ਲਈ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਕਾਰਜ ਆਰੰਭੇ ਹੋਏ ਹਨ, ਜਿਨ੍ਹਾਂ ਨੂੰ ਪੂਰੇ ਕਰਨ ਲਈ ਸੰਗਤਾਂ ਦੇ ਸਹਿਯੋਗ ਤੋਂ ਬਿਨਾਂ ਅਧੂਰਾ ਹੈ। ਇਸ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕ/ਸੇਵਾਦਾਰ ਮਾਸਟਰ ਜੌਹਰ ਸਿੰਘ ਜੀ ਵੱਲੋਂ ਆਪਣੀ ਦੂਰ ਅੰਦੇਸ਼ੀ ਸੋਚ ਸਦਕਾ

ਕੀਤੇ ਜਾ ਰਹੇ ਕਾਰਜਾਂ ਤਹਿਤ ਸੁਚਾਰੂ ਪ੍ਰਬੰਧਾਂ ਹੇਠ ਚੱਲ ਰਹੀ ਨਿਸ਼ਾਨੇ- ਏ -ਖ਼ਾਲਸਾ ਅਕੈਡਮੀ ਛੋਟਾ ਘੱਲੂਘਾਰਾ, ਜੋ ਇਲਾਕੇ ਲਈ ਵਿੱਦਿਆ ਦਾ ਚਾਨਣ ਮੁਨਾਰਾ ਸਾਬਤ ਹੋਈ ਹੈ। ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਯਾਦ ਵਿੱਚ ਬਣਾਇਆ ਗਿਆ 'ਵੱਡਾ ਦੀਵਾਨ ਹਾਲ' ਦੇਖਣ ਯੋਗ ਹੈ। ਨਵਾਬ ਕਪੂਰ ਸਿੰਘ ਨੇ ਜਿਸ ਬੇਰੀ ਹੇਠਾਂ ਬੈਠ ਕੇ ਸਿੰਘਾਂ ਨੂੰ ਜੰਗ ਦੀ ਤਿਆਰੀ ਲਈ ਵਿਉਂਤਬੰਦੀ ਕੀਤੀ ਸੀ ਉੱਥੇ ਉਹਨਾਂ ਦੀ ਯਾਦ ਵਿੱਚ ਪੁਰਾਤਨ ਦਿੱਖ ਵਾਲੀ ਬਹੁਤ ਹੀ ਆਲੀਸ਼ਾਨ ਵਿਰਾਸਤੀ ਯਾਦਗਾਰ ਬਣਾਈ ਜਾ ਰਹੀ ਹੈ ਜੋ ਜਲਦ ਹੀ ਮੁਕੰਮਲ ਹੋ ਜਾਵੇਗੀ।

ਇੱਥੇ ਗੁਰਦੁਆਰਾ ਬੇਰ ਸਾਹਿਬ ਦੀ ਸੇਵਾ ਜੰਗੀ ਪੱਧਰ ਤੇ ਚੱਲ ਰਹੀ ਹੈ। ਚੈਰੀਟੇਬਲ ਹਸਪਤਾਲ ਬਹੁਤ ਵੱਡੇ ਪੱਧਰ ਦਾ ਬਣਾਇਆ ਜਾ ਰਿਹਾ ਹੈ, ਜਿਸ ਦੀ ਬਿਲਡਿੰਗ ਦੋ ਮੰਜ਼ਲੀ ਬਣ ਚੁੱਕੀ ਹੈ। ਜਿਸ ਵਿੱਚ ਲੈਬਾਰਟਰੀ, ਐੱਮ ਆਰ ਆਈ ਮਸ਼ੀਨ, ਡਿਜੀਟਲ ਐਕਸਰੇ ਮਸ਼ੀਨ , ਡਾਇਲੈਸਿਸ ਵਰਗੀਆਂ ਮਸ਼ੀਨਾਂ ਲਗਾਉਣ ਦਾ ਨਿਸ਼ਾਨਾ ਹੈ। ਇਹ ਚੈਰੀਟੇਬਲ ਹਸਪਤਾਲ ਕੁਝ ਮਹੀਨਿਆਂ ਵਿੱਚ ਹੀ ਚਾਲੂ ਹੋਣ ਜਾ ਰਿਹਾ ਹੈ। ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਦੇ ਮੁੱਖ ਪ੍ਰਬੰਧਕ ਸੇਵਾਦਾਰ ਮਾਸਟਰ ਜੌਹਰ ਸਿੰਘ ਨੇ ਦੱਸਿਆ ਕਿ ਵਿੱਦਿਆ ਅਤੇ ਸਿਹਤ ਸਹੂਲਤਾਂ ਦੇ ਦੋ ਮਹਾਨ ਕਾਰਜਾਂ ਤੋਂ ਇਲਾਵਾ ਹੋਰ ਵੀ ਗੁਰਦੁਆਰਾ ਸਾਹਿਬ ਵਿਖੇ ਵੱਖ ਵੱਖ ਬਿਲਡਿੰਗਾਂ ਦੀ ਉਸਾਰੀ ਨਾਲ ਸੰਬੰਧਿਤ ਕਾਰਜ ਸੰਗਤਾਂ ਦੇ ਸਹਿਯੋਗ ਨਾਲ ਆਰੰਭੇ ਹੋਏ ਹਨ। ਗੁਰਦੁਆਰਾ ਘੱਲੂਘਾਰਾ ਸਾਹਿਬ ਵਿਖੇ ਦੇਸਾਂ ਵਿਦੇਸ਼ਾਂ ਤੋਂ ਸੰਗਤਾਂ ਵੱਡੀ ਗਿਣਤੀ ਵਿੱਚ ਨਤਮਸਤਕ ਹੁੰਦੀਆਂ ਹਨ ਜਿਨ੍ਹਾਂ ਦੇ ਠਹਿਰਨ ਲਈ ਇੱਥੇ ਵਿਸ਼ੇਸ਼ ਪ੍ਰਬੰਧ ਹਨ।

---



ਨਿੱਕੀ ਕਹਾਣੀ

## ਵੱਡੀ ਕਮਾਈ

**ਰਛਪਾਲ ਸਿੰਘ ਰੈਸਲ ਨਾਭਾ**
94178-97576

ਅੱਜ ਕੰਮ 'ਤੇ ਤੁਰਦਿਆਂ ਮਾਂ ਦੇ ਪੈਰੀਂ ਹੱਥ ਲਗਾਉਣ ਲੱਗਿਆ ਤਾਂ, ਮੰਜੇ 'ਤੇ ਬੈਠੀ ਮਾਂ ਨੇ ਪੁੱਛਿਆ, ਐਡੀ ਦੂਰ ਜਾਦੈਂ, ਐਨੇ ਘੱਟ ਪੈਸਿਆਂ 'ਚ ਕੁਝ ਬਚ ਵੀ ਜਾਂਦਾ ਤੈਨੂੰ...?" ਮੈਂ ਹੱਸ ਕੇ ਕਹਿ ਛੱਡਿਆ ਸਬਰ ਹੀ ਬਚਦੈ। ਮਾਂ ਮੋਢੇ 'ਤੇ ਹੱਥ ਰੱਖਦੀ ਕਹਿਣ ਲੱਗੀ ਇਹ ਵੀ ਵੱਡੀ ਕਮਾਈ ਐ ਪੁੱਤ।

(ਮਿੰਨੀ ਕਹਾਣੀ)

**ਸੁਖਵਿੰਦਰ ਮਾਨ**
9780233288

# ਕਾਟੋ ਅਤੇ ਕਾਂ

ਬਹੁਤ ਸਮੇਂ ਪਹਿਲਾਂ, ਇੱਕ ਰੁੱਖ ਉੱਤੇ ਇੱਕ ਕਾਟੋ ਰਹਿੰਦੀ ਸੀ ਪਰ ਇਸ ਰੁੱਖ ਨੂੰ ਕੋਈ ਫਲ਼ ਨਹੀਂ ਲੱਗਦਾ ਸੀ। ਕਾਟੋ ਆਸ-ਪਾਸ ਦੇ ਰੁੱਖਾਂ ਦੇ ਕੰਦਮੂਲ ਖਾ ਲੈਂਦੀ ਸੀ। ਉਹ ਇੱਕ ਸੂਝਵਾਨ ਸੁਭਾਅ ਦੀ ਮਾਲਕ ਸੀ। ਰੁੱਖਾਂ ਨੂੰ ਫਲ਼ ਸਾਲ ਵਿੱਚ ਦੋ ਵਾਰ ਹੀ ਲੱਗਦਾ ਸੀ। ਉਸ ਵੇਲੇ ਉਹ ਫਲ਼ਾਂ ਦੇ ਬੀਜ ਰੁੱਖਾਂ ਦੀਆਂ ਜੜ੍ਹਾਂ ਵਿੱਚ ਲੁਕੋ ਕੇ ਰੱਖ ਲੈਂਦੀ ਸੀ। ਠੰਢ ਅਤੇ ਮੀਂਹ ਦੇ ਦਿਨਾਂ ਵਿੱਚ ਉਹ ਇਹ ਜਮਾਂ ਕੀਤਾ ਭੰਡਾਰ ਕੱਢ ਕੇ ਆਪਣਾ ਗੁਜ਼ਾਰਾ ਕਰ ਲੈਂਦੀ ਸੀ।



ਉਸੇ ਰੁੱਖ ਦੇ ਉੱਤੇ ਇੱਕ ਕਾਂ ਵੀ ਰਹਿੰਦਾ ਸੀ। ਕਾਂ ਮਸਤ ਸੁਭਾਅ ਦਾ ਸੁਆਮੀ ਸੀ। ਉਹ ਰੋਜ਼ ਉਡਾਰੀ ਭਰਦਾ, ਰੱਜ-ਪੁੱਜ ਢਿੱਡ ’ਤੇ ਹੱਥ ਫੇਰ ਕੇ ਅਰਾਮ ਕਰਦਾ।

ਕਦੇ ਕਦੇ ਉਹ ਕਾਟੋ ਦਾ ਮਜ਼ਾਕ ਵੀ ਉਡਾ ਦਿੰਦਾ,” ਇਹ ਜਿਹੜਾ ਜੋੜ- ਜੋੜ ਕੇ ਬੀਜ ਰੱਖਦੀ ਏ, ਮਰਨ ਵੇਲੇ ਨਾਲ ਨਹੀਂ ਜਾਣੇ।”

“ਪਰ ਔਖੀ ਘੜੀ ਇਹੋ ਕੰਮ ਆਉਣੇ।”

“ਖਾਓ ਪੀਓ ਐਸ਼ ਕਰੋ, ਕੱਲ੍ਹ ਦੀ ਚਿੰਤਾ ਨਾ ਕਰੋ।” ਕਾਂ ਹੱਸ ਦਿਆਂ ਕਹਿੰਦਾ।

ਸਮਾਂ ਨਿਕਲਦਾ ਗਿਆ।

ਇੱਕ ਦਿਨ ਕਾਲੇ ਬੱਦਲ ਚੜ੍ਹ ਆਏ। ਤੇਜ਼ ਹਨੇਰੀ ਚੱਲਣ ਲੱਗੀ। ਦਿਨੇ ਹੀ ਰਾਤ ਹੋ ਗਈ । ਹਨੇਰੀ ਨਾਲ ਰੁੱਖ ਵੀ ਦੋਹਰੇ ਤੀਹਰੇ ਹੁੰਦੇ ਜਾਣ।

ਕਾਂ ਇੱਕ ਮੋਟੇ ਤਣੇ ਦੀ ਓਟ ਵਿੱਚ ਛੁਪਿਆ ਹੋਇਆ ਸੀ।

ਕਾਟੋ ਵੀ ਨਾਲ ਦੇ ਤਣੇ ਵਿੱਚ ਛੁਪੀ ਹੋਈ ਸੀ।

ਸਵੇਰੇ ਤੋਂ ਰਾਤ ਤੱਕ ਮੀਂਹ ਬਰਸਦਾ ਰਿਹਾ। ਕਾਟੋ ਨੇ ਆਪਣੇ ਭੰਡਾਰ ਵਿੱਚੋਂ ਬੀਜ ਖਾਧੇ। ਕਾਂ ਨੇ ਸ਼ਰਮ ਦੇ ਮਾਰੇ ਮਦਦ ਨਹੀਂ ਮੰਗੀ।

ਕਾਟੋ ਨੇ ਕਿਹਾ, “ ਮੀਂਹ ਝੜੀ ਵਿੱਚ ਬਦਲਣ ਵਾਲਾ ਲੱਗਦਾ, ਮੇਰੇ ਜੋੜੇ ਹੋਏ ਅਨਾਜ ਵਿੱਚੋਂ ਕੁਝ ਖਾ ਲਵੋ।”

“ਨਹੀਂ ਮੈਂ ਠੀਕ ਹਾਂ, ਸਵੇਰੇ ਮੈਂ ਖਾਣਾ ਲੱਭ ਕੇ ਖਾ ਲਵਾਂਗਾ।” ਕਾਂ ਮੰਨਣ ਵਾਲਾ ਨਹੀਂ ਸੀ।

ਇੰਦਰ ਦੇਵਤਾ ਵੀ ਜ਼ਿਆਦਾ ਹੀ ਦਿਆਲ ਹੋਏ ਸਨ। ਦੂਜੇ ਦਿਨ ਹੋਰ ਵੀ ਤੇਜ਼ੀ ਨਾਲ ਵਰ੍ਹੇ। ਕਾਂ ਖਾਣਾ ਲੱਭਣ ਲਈ ਉਡਾਰੀ ਨਾ ਭਰ ਸਕਿਆ। ਸ਼ਾਮ ਤੱਕ ਉਸ ਦੇ ਢਿੱਡ ਵਿੱਚ ਬੁਰੀ ਤਰ੍ਹਾਂ ਚੂਹੇ ਟੱਪਣ ਲੱਗ ਪਏ ਸਨ।

ਕਾਟੋ ਉਸ ਦੀ ਹਾਲਤ ਭਾਂਪ ਗਈ ਸੀ।

ਉਹ ਚੁੱਪਚਾਪ ਪਲੇਟ ਵਿੱਚ ਬਦਾਮ ਦੀਆਂ ਗਿਰੀਆਂ ਲੈ ਆਈ।

“ਬਿਨਾਂ ਬੋਲੇ ਖਾ ਲਵੋ। ਇੱਕ ਰੁੱਖ ’ਤੇ, ਰਹਿਣ ਦਾ ਕੀ ਫ਼ਾਇਦਾ ਜੇ ਮੁਸੀਬਤ ਵੇਲੇ ਕੰਮ ਨਾ ਆਏ।” ਚੰਗੇ ਨਾਗਰਿਕ ਅਤੇ ਗੁਆਂਢੀ ਵਾਲਾ ਫ਼ਰਜ਼ ਨਿਭਾਉਂਦੇ ਨਿਮਰਤਾ ਸਹਿਤ ਉਸ ਨੇ ਕਿਹਾ।

“ਪਰ ਮੈਂ ਬਾਅਦ ਵਿੱਚ ਪਾਈ ਪਾਈ ਵਾਪਸ ਕਰੂੰਗਾ।” ਕਾਂ ਮੁਫ਼ਤ ਦੀ ਦੇਖ ਭੁੱਖ ਨਹੀਂ ਖਿਲਾਰਨਾ ਚਾਹੁੰਦਾ ਸੀ।

“ਠੀਕ ਹੈ ਭਰਾਵਾਂ ਜਿਵੇਂ ਤੇਰੀ ਮਰਜ਼ੀ।” ਕਾਟੋ ਵੀ ਸਹਿਮਤ ਹੋ ਗਈ।

ਇੱਕ ਹਫ਼ਤਾ ਝੜੀ ਲੱਗੀ ਰਹੀ ।

ਕਾਂ ਅਤੇ ਕਾਟੋ, ਕਾਟੋ ਦੇ ਜੋੜੇ ਹੋਏ ਅੰਨ ਭੰਡਾਰ ਵਿੱਚੋਂ ਖਾਂਦੇ ਰਹੇ।

ਅੱਠਵੇਂ ਦਿਨ ਅਸਮਾਨ ਸਾਫ਼ ਹੋ ਗਿਆ।

ਕਾਂ ਨੇ ਕਾਟੋ ਨੂੰ ਹੱਥ ਜੋੜ ਕੇ ਕਿਹਾ,”ਸ਼ੁਕਰੀਆ ਭੈਣੇ, ਮੁਸੀਬਤ ਵੇਲੇ ਸਾਥ ਦੇਣ ਲਈ। ਮੈਂ ਵੀ ਹੁਣ ਕੁਝ ਅੰਨ ਜੋੜਨ ਬਾਰੇ ਕੋਸ਼ਸ਼ ਕਰਾਂਗਾ।”

ਕਾਂ ਉਡਾਰੀ ਮਾਰ ਖਾਣਾ ਲੱਭਣ ਚਲਾ ਗਿਆ।

ਕਾਟੋ ਭੰਡਾਰ ਨੂੰ ਭਰਨ ਲਈ ਬੀਜ ਲੱਭਣ ਲੱਗ ਪਈ।

ਕਹਾਣੀ

(ਕਹਾਣੀ)

# ਅੰਦਰਲੀ ਖ਼ਾਹਿਸ਼

**ਚਰਨਜੀਤ ਸਿੰਘ ਪੰਨੂ**
**ਕੈਲੇਫੋਰਨੀਆ**

ਕੁੱਝ ਦਿਨਾਂ ਤੋਂ ਮਾਤਾ ਦੀਆਂ ਅੱਖਾਂ 'ਚ ਦਰਦ ਰਹਿਣ ਲੱਗੀ। ਉਹ ਅੱਖਾਂ ਨੂੰ ਠੰਢੇ ਪਾਣੀ ਦੇ ਛੱਟੇ ਮਾਰਦੀ ਆਪੇ ਠੀਕ ਹੋਣ ਦੀ ਉਮੀਦ 'ਚ ਬੈਠੀ ਰਹੀ। ਇਕ ਦਿਨ ਦੋਵੇਂ ਬੱਚੇ ਇਕ ਦੂਸਰੇ ਪਿੱਛੇ ਦੌੜਦੇ ਛੂੰਹਦੇ ਉਸ ਨੂੰ ਆਣ ਚੰਬੜੇ ਉਸ ਦੀ ਅੱਖ ਹੋਰ ਚੰਭਲਾ ਗਏ। ਉਹ ਖਿੜੇ ਮੱਥੇ ਫੁੱਲਾਂ ਵਰਗੀਆਂ ਸਭ ਸੱਟਾਂ ਸਹਿੰਦੀ ਜਰਦੀ ਰਹੀ।

ਕਿਸ ਨੂੰ ਕਹੇ! ਕਿੱਥੇ ਜਾਏ! ਕਿਸ ਕੋਲ ਵਾਧੂ ਟਾਈਮ ਹੈ ਉਸ ਵਾਸਤੇ!

ਆਖ਼ਰ ਜਦ ਸਿਰੋਂ ਪਾਣੀ ਲੰਘਣ ਲੱਗਾ ਤਾਂ, 'ਕੁੜੇ ਬਹੂ! ਡਾਕਦਾਰ ਨੂੰ ਹੀ ਪੁੱਛ ਵੇਖੀਏ, ਅੱਖਾਂ ਤਾਂ ਜਿਵੇਂ ਅੰਨ੍ਹੀਆਂ ਹੋਣ ਲੱਗੀਆਂ ਨੇ। ਡਾਕਖ਼ਾਨਾ ਤਾਂ ਨੇੜੇ ਹੀ ਹੋਊ!' ਮਾਤਾ ਨੇ ਬੁਝਾਰਤ ਜਿਹੀ ਪਾ ਦਿੱਤੀ।



'ਏਥੇ ਏਦਾਂ ਡਾਕਟਰ ਨਹੀਂ ਮਿਲਦੇ ਮਾਂ ਜੀ। ਕਈ ਦਿਨ ਪਹਿਲਾਂ ਟਾਈਮ ਲੈਣਾ ਪੈਂਦਾ ਹੈ... ਆਪਣਾ ਆਪ ਸੰਭਾਲ ਕੇ ਰੱਖੋ, ਡਾਈਟ 'ਤੇ ਕੰਟਰੋਲ ਕਰੋ। ਹਰ ਵੇਲੇ ਮੂੰਹ ਮਾਰਦੇ ਰਹਿਣ ਨਾਲ ਵੀ ਕਈ ਬਿਮਾਰੀਆਂ ਲੱਗ ਜਾਂਦੀਆਂ ਨੇ'। ਬਰੇਸੀ ਨੇ ਆਪਣੀ ਭੜਾਸ ਕੱਢ ਕੇ ਗੱਲ ਹੋਰ ਪਾਸੇ ਤੋਰ ਦਿੱਤੀ।

'ਪੁੱਤ! ਅੱਖਾਂ ਦੀ ਬਿਮਾਰੀ ਦਾ ਪੇਟ ਨਾਲ ਕੋਈ ਵਾਹ ਵਾਸਤਾ ਨਹੀਂ। ਇਹ ਝਿੰਮਣੀਆਂ ਤੇ ਛੱਪਰ ਸੁਹਣੀਆਂ ਸੁੰਦਰ ਅੱਖਾਂ ਦੀ ਰਾਖੀ ਲਈ ਕੁਦਰਤ ਦੀ ਕਰਾਮਾਤ ਹੈ। ਇਹ ਝਿੰਮਣੀਆਂ ਜਦ ਆਪਣੇ ਰਸਤੇ ਸਿੱਧੀਆਂ ਪੈਣ ਤਾਂ ਸੁੰਦਰਤਾ ਨੂੰ ਹੋਰ ਨਿਖਾਰ ਦਿੰਦੀਆਂ ਨੇ ਤੇ ਜਦ ਸ਼ੂਕਰ ਵਹਿੜਕੀਆਂ ਵਾਂਗ ਆਪਹੁਦਰੀਆਂ ਹੋ ਕੇ ਪਾਸੇ ਮੂੰਹ ਮੋੜ ਜਾਂਦੀਆਂ ਨੇ ਤਾਂ ਤਿੱਖੀਆਂ ਛੁਰੀਆਂ ਵਾਂਗ ਕਾਟ ਕਰਦੀਆਂ ਅੰਦਰੋਂ ਦੀਦੇ ਗਾਲ਼ ਦਿੰਦੀਆਂ ਨੇ।' ਮਾਤਾ ਨੇ ਦੁਪੱਟੇ ਨਾਲ ਅੱਖਾਂ ਪੂੰਝਦੇ ਆਪਣਾ ਦੁਖੜਾ ਫੋਲਿਆ।

'ਏਦਾਂ ਨਾ ਕਰੋ ਬੀਜੀ! ਮਲਣ ਨਾਲ ਵੀ ਅੰਦਰ ਜ਼ਖ਼ਮ ਹੋ ਜਾਂਦੇ ਨੇ।' ਨੂੰਹ ਨੇ ਸਿਆਣਿਆਂ ਵਾਲਾ ਮਸ਼ਵਰਾ ਦਿੱਤਾ।

'ਮੇਰਾ ਕਿਹੜਾ ਜੀ ਕਰਦਾ ਪੁੱਤ! ਮੇਰੇ ਤਾਂ ਭਾਅ ਦੀ ਬਣੀ ਪਈ ਹੈ। ਰੜਕ ਤੇ ਖਾਜ ਨਾਲ ਏਨਾ ਬੁਰਾ ਹਾਲ ਹੈ ਕਿ ਜੀ ਕਰਦਾ ਚਾਕੂ ਨਾਲ ਛਿੱਲ ਦੇਵਾਂ।'

ਤ੍ਰਿਪ-ਤ੍ਰਿਪ ਪਾਣੀ ਦੀ ਡਲ੍ਹਕ ਵੇਖ ਕੇ ਬਰੇਸੀ ਦੇ ਮਨ ਮਿਹਰ ਪੈ ਗਈ। ਉਹ ਕਾਰ 'ਚ ਬਿਠਾ ਕੇ ਐਮਰਜੈਂਸੀ ਵਿਚ ਲੈ ਗਈ। ਐਮਰਜੈਂਸੀ ਕਲੀਨਿਕ ਵਿਚ ਏਨਾ ਭੀੜ ਭੜੱਕਾ! ਪਤਾ ਨਹੀਂ ਸਾਰਾ ਦਿਨ ਏਥੇ ਵਾਰੀ ਕਿਵੇਂ ਕਦੋਂ ਆਉਣੀ। ਉਹ ਦਿਲ ਜਾਂ ਹੋਰ ਖ਼ਤਰਨਾਕ ਬਿਮਾਰੀਆਂ ਵਾਲੇ ਮਰੀਜ਼ਾਂ ਨੂੰ ਪਹਿਲ ਦਿੰਦੇ ਹਨ। ਬਿਮਾਰੀ ਦਾ ਬੀਮਾ ਨਾ ਹੋਣ ਕਰ ਕੇ ਕੋਈ ਹੋਰ ਡਾਕਟਰ ਝਾਲੂ ਨਹੀਂ ਸੀ। ਏਨੀ ਜ਼ਿਆਦਾ ਭੀੜ! ਕਦ ਨੰਬਰ ਆਏਗਾ। ਬਰੇਸੀ ਘਬਰਾ ਗਈ ਪਰ ਮਾਤਾ ਦੀਆਂ ਗਲ਼ ਰਹੀਆਂ ਲਾਲ ਹੋਈਆਂ ਅੱਖਾਂ ਉਸ ਦੀ ਬਰਦਾਸ਼ਤ ਤੋਂ ਬਾਹਰ ਹੋ ਰਹੀਆਂ ਸਨ। ਅੱਖਾਂ ਦੀ ਛੂਤ ਵਾਲੇ ਹੋਰ ਵੀ ਕਈ ਬਿਮਾਰ ਬੈਠੇ ਸਨ। ਜੇ ਇਹ ਛੂਤ ਜਲਦੀ ਠੀਕ ਨਾ ਹੋਈ ਤਾਂ ਇਹਨਾਂ ਦੀ ਲਾਗ ਘਰ ਦੇ ਹੋਰ ਬੱਚਿਆਂ ਅਤੇ ਸਾਰੇ ਟੱਬਰ ਨੂੰ ਅਸਰ ਕਰੇਗੀ ਤੇ ਵਾਇਰਸ ਫੈਲਾਏਗੀ। ਬਰੇਸੀ ਨੂੰ ਆਪਣਾ ਪਾਲ਼ਾ ਸੁੱਝ ਗਿਆ। ਰਾਤ ਛੇ ਵਜੇ ਤੋਂ ਬੈਠੇ ਸਵੇਰੇ ਚਾਰ ਵਜੇ ਵਾਰੀ ਆਈ। ਸ਼ੁਕਰ ਕੀਤਾ।

'ਅੱਖਾਂ ਵਿਚ ਵਾਲਾਂ ਨੇ ਇਨਫੈਕਸ਼ਨ ਕਰ ਦਿੱਤੀ ਹੈ। ਮਾਹਿਰ ਦੇਖ ਕੇ ਦੱਸੇਗਾ। ਹੋ ਸਕਦਾ ਹੈ ਚੀਰ ਫਾੜ ਕਰਨੀ ਪਵੇ।' ਮੁੱਢਲੇ ਡਾਕਟਰ ਨੇ ਪੱਲਾ ਝਾੜ ਦਿੱਤਾ।

'ਨੀਂ ਇਹਨੂੰ ਬੰਨ੍ਹੇ ਨੂੰ ਕਹਿ ਮੇਰੀਆਂ ਝਿੰਮਣੀਆਂ ਦੇ ਵਾਲ ਜਿਹੜੇ ਅੰਦਰ ਵੱਲ ਮੁੜੇ ਵਿੰਗੇ ਹੋਏ ਡੇਲੇ ਨੂੰ ਪੱਛ ਰਹੇ ਨੇ, ਉਹ ਮੋਚਨੇ ਨਾਲ ਖਿੱਚ ਦੇਵੇ।' ਡਾਕਟਰ ਨੇ ਕੁਛ ਨਾ ਸੁਣੀ ਜਾਂ ਉਹ ਸਮਝ ਨਹੀਂ ਸਕਿਆ। ਬਿਨਾਂ ਕੁਛ ਹੱਥ ਪੱਲੇ ਪਏ ਘਰ ਵਾਪਸ ਮੁੜ ਆਈਆਂ। ਮਰਜ਼ ਠੀਕ ਨਾ ਹੋਈ।

'ਇਹ ਇਹਨਾਂ ਦੇ ਵੱਸ ਦਾ ਰੋਗ ਨਹੀਂ। ਇਹ ਤਾਂ ਪੜਵਾਲ ਹੋਊ... ਤੂੰ ਵੇਖ ਮੇਰਾ ਪੁੱਤ! ਨੀਝ ਲਾ ਕੇ।' ਮਾਤਾ ਨੇ ਆਪਣੇ ਪਹਿਲੇ ਤਜਰਬੇ ਨਾਲ ਆਪਣੀ ਬਿਮਾਰੀ ਦੀ ਸੂਹ ਲਾ ਲਈ।

'ਪਹਿਲਾਂ ਵੀ ਮੈਨੂੰ ਇਕ ਵੇਰਾਂ ਏਦਾਂ ਹੋਇਆ ਸੀ। ਉਹ ਭਜਨੀ ਹੁਸ਼ਿਆਰਪੁਰ ਵਾਲੀ! ਉਸ ਦਾ ਹੱਥ ਬੜਾ ਸਾਫ਼ ਸੀ, ਇਸ ਔਹਰ ਦੀ ਬੜੀ ਸਚਿਆਰੀ ਸੀ ਉਹ। ਉਸ ਨੇ ਛੂ-ਮੰਤਰ ਵਾਂਗ ਮੇਰੇ ਡੇਲੇ 'ਚ ਵੱਜਦੇ ਮੁੜੇ ਵਾਲ ਬਾਹਰ ਖਿੱਚ ਮਾਰੇ ਸਨ। ਦੂਰ ਨੇੜੇ ਤੱਕ ਉਸ ਦੀ ਇਹ ਮੁਹਾਰਤ ਮਸ਼ਹੂਰ ਹੋ ਗਈ ਸੀ। ਉਸ ਦੇ ਘਰ ਅਜੇਹੇ ਮਰੀਜ਼ਾਂ ਦਾ ਤਾਂਤਾ ਲੱਗਾ ਰਹਿੰਦਾ ਸੀ। ਰੱਬ ਦੀ ਦਿੱਤੀ ਬਖ਼ਸ਼ਸ਼ ਸੀ ਉਸ ਨੂੰ। ਹਸਪਤਾਲਾਂ ਦੇ ਖ਼ਰਾਬ ਕੀਤੇ ਕੇਸ ਉਹ ਸਹਿਜ ਸੁਭਾ ਠੀਕ ਕਰ ਕੇ ਅਗਲੇ ਦੇ ਠੰਢ ਪਾ ਦਿੰਦੀ। ਅੰਦਰ ਨੂੰ ਮੁੜੇ ਹੋਏ ਵਾਲ ਉਹ ਮੋਚਨੇ ਨਾਲ ਇਉਂ ਖਿੱਚ ਲੈਂਦੀ ਜਿਵੇਂ ਖੀਰ 'ਚੋਂ ਮੱਛਰ।' ਮਾਤਾ ਭਜਨੀ ਨੂੰ ਯਾਦ ਕਰਦੀ ਪਿਛਲੇ ਪੋਤੜੇ ਫੋਲਣ ਲੱਗੀ।

'ਪਰ ਬੀਜੀ! ਭਜਨੀ ਮਾਤਾ ਵਰਗੀਆਂ ਸਚਿਆਰੀਆਂ ਇੱਥੇ ਨਹੀਂ ਮਿਲਦੀਆਂ। ਇੱਥੇ ਉਹ ਦੇਸੀ ਓਹੜ ਪੋਹੜ ਨਹੀਂ ਚੱਲਦੇ। ਮੈਂ ਆਪ ਨਹੀਂ ਇਹੋ ਜਿਹਾ ਕੰਮ ਕਰ ਸਕਦੀ। ਕਿਤੇ ਹੱਥ ਖਿਸਕ ਗਿਆ ਤਾਂ ਹੋਰ ਵਧਾਣ ਵਧ ਜਾਊ... ਇੱਥੇ ਤਾਂ ਲੋਕੀਂ ਸੂਅ ਵੀ ਬੜੀ ਛੇਤੀ ਕਰ ਦਿੰਦੇ ਨੇ ਤੇ ਫੇਰ ਪਤਾ ਨਹੀਂ ਕਿੰਨੀ ਵੀਹੀਂ ਸੌ ਹੋਊ?' ਬਰੇਸੀ ਨੇ ਆਪਣੀ ਚਿੰਤਾ ਭਰੀ ਮਜਬੂਰੀ ਪ੍ਰਗਟਾ ਦਿੱਤੀ।

'ਸਾਡੀ ਗਵਾਂਢਣ ਮਾਈ ਕਰਮੀ ਕਈ ਦਿਨ ਵੱਡੇ ਹਸਪਤਾਲ ਰਹਿ ਕੇ ਅੱਖਾਂ ਦਾ ਓਪਰੇਸ਼ਨ ਕਰਵਾ ਕੇ ਆਈ ਸੀ। ਪਤਾ ਨਹੀਂ ਉਨ੍ਹਾਂ ਕੀ ਕੀਤਾ... ਕੁੱਕਰੇ ਛਿੱਲੇ ਜਾਂ ਮੋਤੀਆ ਕੱਟਿਆ ਪਰ ਉਸ ਦੀ ਹਾਲਤ ਹੋਰ ਨਿੱਘਰਦੀ ਗਈ। ਮੈਂ ਦੱਸ ਪਾਈ ਉਹ ਉੱਥੇ ਲੈ ਗਏ ਭਜਨੀ ਕੋਲ।'

'ਖੂਹ 'ਚ ਪੈਣ ਇਹੋ ਜਿਹੇ ਡਾਕਟਰ! ਬੀਬੀ ਦੇ ਤਾਂ ਵਾਲ ਅੰਦਰ ਨੂੰ ਮੁੜੇ ਹੋਏ ਜ਼ਖ਼ਮ ਕਰੀ ਜਾ ਰਹੇ ਨੇ। ਉਨ੍ਹਾਂ ਬੰਨ੍ਹਿਆਂ ਨੇ ਕੀ ਕਰਨਾ!' ਭਜਨੀ ਨੇ ਮੋਚਣਾ ਫੜਿਆ ਤੇ ਅੱਖ 'ਚ ਮੁੜੇ ਲਟਕਦੇ ਵਾਲ ਖਿੱਚ ਕੇ ਮਰੀਜ਼ ਦੇ ਹੱਥ 'ਤੇ ਧਰ ਦਿੱਤੇ। ਉਸ ਨੂੰ ਇਕ ਦਮ ਠੰਢ ਪੈ ਗਈ ਤੇ ਅਸੀਸਾਂ ਦੇਂਦੀ ਪੰਜ ਰੁਪਏ ਕੱਢ ਕੇ ਫੜਾਵੇ। ਉਹਨੇ ਕਿਹਾ ਜਾਹ ਬੀਬੀ ਕਿਸੇ ਮੰਦਰ ਗੁਰਦੁਆਰੇ ਚੜ੍ਹਾ ਦੇਵੀਂ।'

ਘਰ ਵਿਚ ਘੁਸਰ ਮੁਸਰ ਘੁੰਮਦੀ ਗੱਲ ਪੀਤੇ ਪੁੱਤਰ ਦੇ ਕੰਨੀਂ ਜਾ ਪਈ। ਝੁੰਗਲਮਾਟਾ ਮਾਰੀ ਮਾਤਾ ਦਾ ਹਾਲ ਪੁੱਛਦਾ ਉਹ ਪ੍ਰੇਮ ਨਾਲ ਉਸ ਨੂੰ ਕਲਾਵਾ ਭਰ ਬੈਠਾ।

'ਪਰੇ ਹੋ ਜਾ ਪੁੱਤ! ਮੈਨੂੰ ਪੜਵਾਲਾਂ ਦੀ ਲਾਗ ਹੈ, ਤੂੰ ਵੀ ਭਿੱਟਿਆ ਜਾਏਂਗਾ।' ਮਾਤਾ ਦੀ ਕਾਟ ਨੇ ਜਿਵੇਂ ਉਸ ਨੂੰ ਫਿਟਕਾਰ ਪਾ ਦਿੱਤੀ।

'ਕੀ ਹੋਇਆ ਮੇਰੀ ਪਿਆਰੀ ਅੰਮੀ ਨੂੰ?' ਉਸ ਨੇ ਮਾਤਾ ਦਾ ਝੁੰਗਲਮਾਟਾ ਉੱਪਰ ਚੁੱਕਿਆ। ਮਾਤਾ ਦੀ ਚੋਟ ਰੰਗ ਲਿਆਈ।

'ਇਹ ਅੱਖਾਂ 'ਚ ਪੜਵਾਲ ਕਹਿੰਦੇ ਨੇ। ਉੱਧਰ ਹੁਸ਼ਿਆਰਪੁਰ ਭਜਨੀ ਠੀਕ ਕਰ ਦਿੰਦੀ ਸੀ ਪਰ ਹੁਣ ਕਿੱਥੋਂ ਲੱਭੀਏ ਭਜਨੀ ਨੂੰ?' ਬਰੇਸੀ ਨੇ ਹੋਰ ਸੱਟ ਜਿਹੀ ਮਾਰਦੇ ਆਪਣਾ ਗੁੱਝਾ ਹਾਸਾ ਰੋਕਣ ਦੀ ਕੋਸ਼ਸ਼ ਕੀਤੀ।

'ਕਿਹੜੀ ਭਜਨੀ ਮਾਤਾ? ਤੂੰ ਮੈਨੂੰ ਦੱਸ। ਜੇ ਕੋਈ ਤੈਨੂੰ ਠੀਕ ਕਰ ਸਕਦਾ ਹੈ ਤਾਂ ਆਪਣੀ ਮਾਤਾ ਵਾਸਤੇ ਮੈਂ ਜਿੱਥੋਂ ਕਹੇਂ ਪੈਦਾ ਕਰ ਦੇਊਂ ਭਾਵੇਂ ਮੈਨੂੰ ਜਹਾਜ਼ ਦੀ ਟਿਕਟ ਲੈ ਕੇ ਹੁਸ਼ਿਆਰਪੁਰ ਨਾ ਜਾਣਾ ਪਵੇ।' ਸਰੂਰ 'ਚ ਮਸਤ ਪੀਤੇ ਦੀ ਫਲਾਉਣੀ ਨੇ ਮਾਤਾ ਦਾ ਅੱਧਾ ਦੁੱਖ ਘੱਟ ਕਰ ਦਿੱਤਾ।

'ਤੇਰੀ ਮਾਸੀ!... ਭਜਨੀ... ਉਹ ਚਿੰਤੋ ਮਾਸੀ।' ਮਾਤਾ ਨੇ ਆਸ਼ਾ ਭਰੀਆਂ ਅੱਖਾਂ ਝਮਕੀਆਂ।

'ਮੈਨੂੰ ਯਾਦ ਆਇਆ... ਉਹ ਅਰਜੂ ਦੀ ਮਾਂ? ਉਹ ਵੀ ਤਾਂ ਏਥੇ ਹੀ ਹੈ, ਤੈਨੂੰ ਕੱਲ੍ਹ ਹੀ ਮਿਲਾ ਦਿਆਂਗੇ... ਭਾਵੇਂ ਹੁਣੇ ਚਲੀ ਚੱਲ। ਨੋ ਪ੍ਰਾਬਲਮ! ਇਹ ਵੀ ਕੀ ਗੱਲ ਹੋਈ? ਪੁੱਟਿਆ ਪਹਾੜ ਨਿਕਲੀ ਚੂਹੀ। ਲੈ ਹੁਣੇ ਲੈ...।'

ਦੂਜੇ ਪੈੱਗ ਦੀ ਗਲਾਸੀ ਖ਼ਾਲੀ ਕਰਦਾ ਮੋਮੋ-ਠਗਣੀਆਂ ਯੱਭਲ਼ੀਆਂ ਮਾਰਦਾ ਉਹ ਫ਼ੋਨ ਵੱਲ ਹੋ ਗਿਆ। ਡਾਇਰੀ 'ਚੋਂ ਅਰਜੂ ਦਾ ਫ਼ੋਨ ਲੱਭ ਕੇ ਮਿਲਾਇਆ। ਪਤਾ ਲੱਗਾ ਕਿ ਭਜਨੀ ਅੱਜ ਕੱਲ੍ਹ ਬਿਰਧ ਆਸ਼ਰਮ ਵਿਚ ਦਾਖਲ ਬਿਮਾਰ ਹੈ।

ਇਹ ਸੁਣ ਕੇ ਮਾਤਾ ਦੇ ਦੁੱਖ ਉਡਾਰੀ ਮਾਰ ਉੱਡਣ ਲੱਗੇ। ਉਹ ਮਿਲਣ ਲਈ ਜਿਦ ਕਰਨ ਲੱਗੀ ਖ਼ਾਸ ਕਰ ਕੇ ਜਦ ਉਸ ਨੂੰ ਭਜਨੀ ਦੀ ਬਿਮਾਰੀ ਦੀ ਸੁੱਘ ਲੱਗੀ ਤਾਂ ਸਵੇਰੇ ਸੋਫ਼ੀ ਪੀਤੇ ਦੇ ਤਰਲੇ ਕੱਢ ਕੇ ਉਸ ਨੂੰ ਕੰਮ ਤੋਂ ਇਤਫ਼ਾਕੀਆ ਛੁੱਟੀ ਕਰਵਾ ਲਈ।

'ਅਮਰੀਕਾ ਵਿਚ ਵਡਾਰੂਆਂ ਲੋੜਵੰਦ ਬਜ਼ੁਰਗਾਂ ਵਾਸਤੇ ਬਹੁਤ ਵਧੀਆਂ ਸਿਹਤ ਸੰਭਾਲ ਸਹੂਲਤਾਂ ਹਨ। ਵੇਖ ਕੇ ਮਾਤਾ ਬਹੁਤ ਖ਼ੁਸ਼ ਹੋਵੇਗੀ ਤੇ ਤਾਰੀਫ਼ ਕਰੇਗੀ।' ਇਹੀ ਪ੍ਰਭਾਵ ਪਾਉਣ ਲਈ ਪੀਤੇ ਨੇ ਪਹਿਲੇ ਹੀ ਸੋਚ ਰੱਖਿਆ ਸੀ ਪਰ ਅੱਜ ਪੜਵਾਲਾਂ ਦਾ ਬਹਾਨਾ ਵੀ ਇਸ 'ਤੇ ਭਾਰੂ ਹੋ ਗਿਆ ਸੀ।

'ਇਹ ਤਾਂ ਪੁੱਤ! ਬੜੀ ਸਡੌਲ ਮੁਟਿਆਰ ਜਦ ਗਲੀ 'ਚੋਂ ਲੰਘਦੀ ਧਰਤੀ ਧਮਕ ਜਾਂਦੀ ਸੀ। ਹੱਥਾਂ ਦੀ ਏਨੀ ਸਚਿਆਰੀ ਸੀ ਕਿ ਸੂਈ ਕੱਸੀਦਾ ਬਾਗ਼ ਫੁਲਕਾਰੀ ਆਪ ਵੀ ਕੱਢਦੀ ਤੇ ਪਿੰਡ ਦੀਆਂ ਕਈ ਹੋਰ ਕਈ ਕੁੜੀਆਂ ਨੂੰ ਵੀ ਸਿਖਾ ਕੇ ਬੰਨੇ ਲਾ ਦਿੰਦੀ ਸੀ। ਚੌਂਕੇ ਚੁੱਲ੍ਹੇ ਦੀ ਲਿੱਪਾ-ਪੋਚੀ ਲਈ ਮਾਕੇਵਾਲ ਦਾ ਪੋਚਾ ਮੰਗਵਾ ਕੇ ਮੋਰ ਘੁੱਗੀਆਂ ਵੇਲ ਬੂਟੇ ਪਾ ਕੇ ਸਜਾ ਦਿੰਦੀ ਤੇ ਬੜੇ ਵੱਡੇ ਦਸਤਕਾਰਾਂ ਨੂੰ ਮਾਤ ਪਾ ਦਿੰਦੀ ਸੀ।'

ਭਜਨੀ ਨਾਨਕਿਆਂ ਵੱਲੋਂ ਸਾਡੀ ਦੂਰੋਂ ਨੇੜਿਉਂ ਸਕੀਰੀ 'ਚੋਂ ਸੀ। ਪੰਜ ਪੁੱਤਰਾਂ ਦੀ ਮਾਂ... ਜਿਹਨੂੰ ਲੋਕ ਕਹਿੰਦੇ, ਮਾਂ ਨੇ ਪੰਜ ਸ਼ੇਰ ਜੰਮੇ ਨੇ ਜੜ੍ਹ ਲਾਉਣ ਲਈ ਤੇ ਕੁਣਬਾ ਤੋਰਨ ਲਈ, ਉਹ ਆਪਣੇ-ਆਪਣੇ ਬੰਗਲਿਆਂ ਵਿਚ ਆਪਣੇ ਹੀ ਭਾਰ ਥੱਲੇ ਲਿਤਾੜੇ ਗਏ ਨੇ। ਹੁਣ ਇੱਕ ਦੂਸਰੇ ਦੇ ਖ਼ੂਨ ਦੇ ਤਿਹਾਏ ਮੂੰਹ ਮੱਥੇ ਲੱਗਣੋ ਵੀ ਗਏ। ਛੇ ਕੁ ਮਹੀਨੇ ਪਹਿਲਾਂ ਉਸ ਦਾ ਜੀਵਨ ਸਾਥੀ ਜਿਊਂਦਾ ਸੀ ਤਾਂ ਪੰਜਾਂ ਪੁੱਤਾਂ ਨੇ ਇਕ-ਇਕ ਮਹੀਨਾ ਬਾਂਧ ਬੰਨ੍ਹੀਂ ਰੱਖੀ ਸੀ। ਪਹਿਲੀ ਤਰੀਕ ਤੋਂ ਤੀਹ ਤਰੀਕ ਤਰਤੀਬ ਵਾਰ ਨੰਬਰ ਆ ਜਾਂਦਾ ਤੇ ਅਗਲੀ ਤਰੀਕ ਨੂੰ ਜੇ ਕਿਸੇ ਦੇ ਮਨ ਮਿਹਰ ਪੈ ਜਾਂਦੀ ਤਾਂ ਅਗਲੇ ਦੇ ਬੂਹੇ ਛੱਡ ਆਉਂਦੇ ਨਹੀਂ ਤਾਂ ਦੋਵੇਂ ਇਕ ਦੂਸਰੇ ਦੀ ਡੰਗੋਰੀ ਫੜ ਕੇ ਆਪੇ ਅਗਲੇ ਘਰ ਦੇ ਰਸਤੇ ਪੈ ਜਾਂਦੇ। ਇਕੱਤੀ ਵਾਲਾ ਮਹੀਨਾ ਉਹ ਮੁਫ਼ਤ ਦੀ ਸਰਕਾਰੀ ਬੱਸ 'ਚ ਬੈਠ ਕੇ ਗੁਰਦੁਆਰੇ ਪਹੁੰਚ ਜਾਂਦੇ। ਸੋਸ਼ਲ ਸਿਕਿਉਰਿਟੀ ਦੇ ਮਿਲੇ ਡਾਲਰਾਂ ਵਿਚੋਂ ਆਪਣੇ ਕੋੜਮੇ ਦੀ ਸਲਾਮਤੀ ਦੀ ਤੇ ਆਪਣੀ ਜੂਨ ਖ਼ਲਾਸੀ ਵਾਸਤੇ ਦੁਆ ਕਰਦੇ ਨੱਕ ਰਗੜਦੇ। ਇਸ ਚੱਕਰ ਵੀਊ ਵਿਚ ਪੰਜ ਮਹੀਨੇ ਦਾ ਇੱਕ ਦੌਰ ਨਿਕਲ ਜਾਂਦਾ।

'ਇਹ ਆਪਣੇ ਜੀਵਨ ਸਾਥੀ ਨੂੰ ਸ਼ਮਸ਼ਾਨ ਘਾਟ ਛੱਡਣ ਸਮੇਂ ਗ਼ਸ਼ੀ ਖਾ ਕੇ ਡਿੱਗ ਪਈ ਤੇ ਚੂਲਾ ਤੁੜਾ ਬੈਠੀ ਸੀ। ਬੇਟੀ ਨੇ ਚੁੱਕ ਕੇ ਡਾਕਟਰ ਕੋਲ ਪਹੁੰਚਾਇਆ। ਡਾਕਟਰ ਨੇ ਭਾਰੀ ਖਰਚਾ ਸੁਣਾ ਦਿੱਤਾ। ਸਾਰੇ ਵਾਰਿਸ ਇੱਕ ਦੂਸਰੇ ਤੋਂ ਅੱਖ ਚੁਰਾਉਂਦੇ, ਇੱਕ ਦੂਜੇ ਦੀਆਂ ਉਂਗਲਾਂ... ਊਜਾਂ ਤੋਂ ਡਰਦੇ ਕੰਨੀਂ ਕਤਰਾ ਗਏ। ਬੇਟੀ ਆਪਣੇ ਘਰ ਲੈ ਗਈ। ਥੋੜ੍ਹੇ ਸਮੇਂ ਬਾਅਦ ਬੇਟੀ ਛੋਟੇ ਘਰ ਦੀ ਮਜਬੂਰੀ ਜਾਂ ਮਾਤਾ ਨੂੰ ਸੰਭਾਲਣ ਵਾਲੀ ਕੇਅਰ-ਟੇਕਰ ਦਾ ਖਰਚਾ ਤੇ ਝਾਲ!... ਮਾਤਾ ਸਿੱਧੀ ਬਿਰਧ-ਘਰ ਪਹੁੰਚ ਗਈ ਜਾਂ ਪਹੁੰਚਾ ਦਿੱਤਾ ਗਿਆ। ਹੁਣ ਵੀ ਹਰ ਮਹੀਨੇ ਮੁਲਾਕਾਤ ਵਾਸਤੇ ਇਕ ਦੀ ਵਾਰੀ ਹੁੰਦੀ ਹੈ। ਇਸ ਤਰਾਂ ਪੰਜ ਮਹੀਨੇ ਉਡੀਕਦੇ ਲੰਘ ਜਾਂਦੇ ਨੇ। ਲੜਕੀ ਦੀ ਵਾਰੀ ਛੇਵੇਂ ਮਹੀਨੇ ਦੀ ਹੈ ਪਰ ਉਹ ਵਿਚ ਵਿਚਾਲੇ ਭਰਾਵਾਂ ਭਰਜਾਈਆਂ ਨਾਲ ਵੀ ਦਾਅ ਲਗਾ ਕੇ ਮਾਤਾ ਦਾ ਦੁੱਖ ਵੰਡਾ ਜਾਂਦੀ ਹੈ ਤੇ ਆਪਣਾ ਦੁੱਖ ਫੋਲ ਜਾਂਦੀ ਹੈ।' ਪੀਤੇ ਨੇ ਲੋਕਾਂ ਕੋਲੋਂ ਸੁਣੀ ਸੁਣਾਈ ਭਜਨੀ ਦੀ ਕਹਾਣੀ ਮਾਤਾ ਨੂੰ ਸੁਣਾ ਦਿੱਤੀ।

'ਤੇ ਚੰਨ ਮੱਖਣਾ! ਸਾਡੇ ਪਿੰਡਾਂ ਵਿਚ ਤਾਂ ਪੁਰਾਣੇ ਪਸ਼ੂਆਂ ਨੂੰ ਵੀ ਬੜੀ ਸ਼ਾਨ ਸ਼ੌਕਤ ਨਾਲ ਸਤਿਕਾਰ ਦਿੰਦੇ ਨਜਿੱਠਦੇ ਹਨ। ਏਦਾਂ ਘਰੋਂ ਕੱਢ ਕੇ ਬੁੱਚੜਖ਼ਾਨੇ ਤਾਂ ਨਹੀਂ ਵਾੜ ਦਿੰਦੇ।' ਮਾਤਾ ਕੁੱਝ ਯਾਦ ਕਰ ਕੇ ਹਿਰਖ

ਜਿਹੀ ਨਾਲ ਅੱਖਾਂ ਭਰ ਆਈ।

'ਤੂੰ ਛੋਟਾ ਸੀ। ਸਾਡਾ ਇੱਕ ਮੀਣਾ ਬਲਦ ਫਾਲ਼ਾ ਵੱਜਣ ਕਰ ਕੇ ਮੁਤਾੜਿਆ ਗਿਆ, ਕੰਮ ਕਰਨ ਦੇ ਯੋਗ ਨਹੀਂ ਰਿਹਾ ਸੀ। ਉਸ ਨੂੰ ਅਸੀਂ ਹੀ ਨਹੀਂ ਬਲਕੇ ਸਾਰਾ ਪਿੰਡ ਵਡੇਰਿਆਂ ਵਾਂਗ ਪੂਜਦਾ ਰਿਹਾ ਸੀ ਤੇ ਉਸ ਦੇ ਮਰਨ 'ਤੇ ਵੀ ਪਿੰਡ ਦੀਆਂ ਸਭ ਨੂੰਹਾਂ ਧੀਆਂ ਨੇ ਮੱਥਾ ਟੇਕ ਕੇ ਆਪਣੀ ਸ਼ਰਧਾਂਜਲੀ ਭੇਟ ਕੀਤੀ ਸੀ। ਇਹ ਵਿਚਾਰੀ ਰੱਬ ਦੇ ਨਾਮ ਵਾਲੀ ਗਊ ਵਰਗੀ ਜ਼ਨਾਨੀ ਕਦੇ ਕਿਸੇ ਦੇ ਸਿਰੇ ਨਹੀਂ ਆਈ। ਉਹਦੇ ਨਿਆਣਿਆਂ ਵੱਲੋਂ ਇਹੋ ਜਿਹਾ ਦੁਰ-ਵਿਵਹਾਰ! ਕੀ ਪਾਪ ਕੀਤੇ ਉਸ ਨੇ? ਮੇਰੀ ਸਮਝ ਤੋਂ ਬਾਹਰ ਹੈ।' ਮਾਤਾ ਹੋਰ ਚਿੰਤਾ ਵਿਚ ਉਲਝ ਗਈ।

'ਅਮਰੀਕਾ ਵਿਚ ਪੱਥਰਾਂ ਨਾਲ ਪੱਥਰ ਹੋ ਜਾਂਦੇ ਨੇ ਲੋਕ! ਰਿਸ਼ਤੇ ਤਿੜਕ ਜਾਂਦੇ ਨੇ ਤੇ ਡਾਲਰਾਂ ਘੰਟਿਆਂ ਦੀ ਬਲੀ ਚੜ੍ਹ ਜਾਂਦੇ ਨੇ।' ਪੀਤੇ ਨੇ ਉਸ ਦੀ ਹਾਮੀ ਭਰਨ ਦੀ ਕੋਸ਼ਸ਼ ਕੀਤੀ।

'ਪਿਛਲੇ ਦੇਸ਼ ਵਿਚ ਕਈ ਧਰਮੀ ਲੋਕ ਗਊ ਮਾਤਾ ਦੀ ਬੜੀ ਸੇਵਾ ਕਰਦੇ ਨੇ। ਗਊ ਮਾਤਾ ਵੀ ਆਪਣੇ ਕੁਨਬੇ ਦਾ ਬਹੁਤ ਵਫ਼ਾਦਾਰੀ ਨਾਲ ਪਿੱਛਾ ਕਰਦੀ ਸਾਥ ਨਿਭਾਉਂਦੀ ਹੈ। ਸ਼ਹਿਰਾਂ ਦੀਆਂ ਕਈ ਤੋਕੜ ਗਊਆਂ ਜਿਨ੍ਹਾਂ ਨੂੰ ਗਊਸ਼ਾਲਾ 'ਚ ਢੋਈ ਨਹੀਂ ਮਿਲਦੀ, ਸਾਰਾ ਦਿਨ ਸੜਕਾਂ ਤੇ ਚੌਰਾਹਿਆਂ ਦਾ ਘਾਹ ਫੂਸ, ਸੁੱਟੇ ਫ਼ਾਲਤੂ ਫਲ ਫਰੂਟ ਖਾਂਦੀਆਂ ਗੁਜ਼ਾਰਾ ਕਰ ਲੈਂਦੀਆਂ ਹਨ। ਸ਼ਾਮ ਨੂੰ ਹਵਾਨਾ ਭਰ ਕੇ ਘਰ ਸਾਹਮਣੇ ਆ ਖੜ੍ਹੀਆਂ ਹੁੰਦੀਆਂ ਨੇ। ਸੁਆਣੀਆਂ ਦੁੱਧ ਦੀ ਬਾਲਟੀ ਭਰ ਕੇ ਕੰਡ 'ਤੇ ਥਾਪੀ ਮਾਰਦੀਆਂ ਮੁੜ ਉਨ੍ਹਾਂ ਨੂੰ ਉਸੇ ਰਸਤੇ ਤੋਰ ਦਿੰਦੀਆਂ ਹਨ।' ਮਾਤਾ ਬਿਨ ਦੇਖਿਆਂ ਭਜਨੀ ਦੇ ਅਣਕਹੇ ਜਜ਼ਬਾਤਾਂ ਦੀ ਤਰਜਮਾਨੀ ਕਰਦੀ ਰਹੀ।

ਦੂਰ ਤੱਕ ਫੈਲੇ ਬਿਰਧ ਆਸ਼ਰਮ ਵਿਚ ਪਤਝੜ ਦੇ ਪੱਤਿਆਂ ਵਾਂਗ ਖਿੱਲਰੇ ਬਿਰਧ ਸਰੀਰ ਵੇਖ ਕੇ ਉਹ ਸੁੰਨ ਜਿਹੀ ਹੋ ਗਈ। ਮੰਜਿਆਂ 'ਤੇ ਟੇਢੇ ਹੋਏ, ਪਹੀਏ ਵਾਲੀਆਂ ਕੁਰਸੀਆਂ ਉੱਤੇ ਰਿੜ੍ਹਦੇ, ਖੂੰਡੀਆਂ ਫੜੀ ਫੁੱਲਾਂ ਦੀ ਕਿਆਰੀ ਵਿਚ ਘਾਹ ਤੇ, ਕਈ ਰੰਗਾਂ ਨਸਲਾਂ ਦੇ ਕਾਲੇ ਗੋਰੇ ਚਿੱਟੇ ਧਾਰੀਦਾਰ ਲਿਬਾਸ ਵਿਚ ਨਿਰਜਿੰਦ ਲਾਸ਼ਾਂ, ਬਾਵਿਆਂ ਵਾਂਗ ਸਜੇ ਬੁੱਤ ਬਣੇ ਪਏ ਸਨ। ਨਰਸ ਕਿਸੇ ਨੂੰ ਨੁਹਾ ਰਹੀ ਸੀ, ਸਿਰ ਵਾਹ ਰਹੀ ਸੀ, ਮਾਲਸ਼ ਕਰ ਰਹੀ ਸੀ, ਮੋਢੇ ਦਾ ਸਹਾਰਾ ਦੇ ਕੇ ਛੋਟੇ ਬੱਚੇ ਵਾਂਗ ਤੁਰਨਾ ਸਿਖਾ ਰਹੀ ਸੀ। ਕੁੱਝ ਅਖ਼ਬਾਰ ਰਸਾਲੇ ਅੱਖਾਂ ਨੂੰ ਲਗਾਈ ਪੜ੍ਹਨ 'ਚ ਮਸਰੂਫ਼ ਸਨ। ਕੁਛ ਗੁਲੂਕੋਸ ਲੱਗੀਆਂ ਬੋਤਲਾਂ ਜਾਂ ਪਿਸ਼ਾਬ ਵਾਲੀਆਂ ਨਾਲੀਆਂ ਹੱਥ 'ਚ ਫੜੀ ਇੱਧਰ ਉੱਧਰ ਟਹਿਲ ਕਦਮੀਂ ਕਰ ਰਹੇ ਸਨ। ਦਵਾਈਆਂ ਦੀ ਗੰਧ ਮਾਤਾ ਦੇ ਸਿਰ ਦਿਮਾਗ਼ ਨੂੰ ਚੜ੍ਹਨ ਲੱਗੀ।

'ਇਹਨੂੰ ਮੁਹਰਲਾ ਸੱਚਾ ਘਰ ਕਹਿੰਦੇ ਨੇ ਇੱਥੇ ਮਰੀਕਾ ਵਿਚ?' ਭੋਲੇ ਭਾ ਮਾਤਾ ਦੇ ਬੁੱਲ੍ਹ ਹਿੱਲੇ।

'ਨਹੀਂ ਬੀ ਜੀ... ਇਹ ਆਰਾਮ ਘਰ ਹੈ ਪੁਰਾਣੇ ਬੇਸਹਾਰਾ ਬਜ਼ੁਰਗਾਂ ਵਾਸਤੇ। ਜਿਨ੍ਹਾਂ ਨੂੰ ਕੋਈ ਸੰਭਾਲਣ ਵਾਲਾ ਵਾਲੀ ਵਾਰਿਸ ਨਹੀਂ, ਉਨ੍ਹਾਂ ਨੂੰ ਸਰਕਾਰ ਸਾਂਭਦੀ ਹੈ।'

ਇੱਕ ਵੱਡੇ ਕਮਰੇ ਦੀ ਖਿੜਕੀ ਵਿਚੋਂ ਮੁਲਾਕਾਤੀਆਂ ਦੀ ਇੰਤਜ਼ਾਰ ਵਿਚ ਅੱਖਾਂ ਵਿਛਾਈ ਕੈਦੀਆਂ ਵਾਂਗ ਚਿੰਤ ਕੌਰ ਉਰਫ਼ ਭਜਨੀ ਨੇ ਝੀਲ ਵਰਗੀਆਂ ਖੁੱਲ੍ਹੀਆਂ ਅੱਖਾਂ ਅੱਡਦੇ ਦੂਰੋਂ ਹੀ ਤਾੜ ਲਿਆ। ਕੰਨਾਂ 'ਚ ਲੱਗਾ ਗੁਰਬਾਣੀ ਸੁਣਨ ਵਾਲਾ ਯੰਤਰ ਉਸ ਨੇ ਲਾਹ ਕੇ ਪਾਸੇ ਰੱਖ ਦਿੱਤਾ।

'ਮੇਰਾ ਲਾਡੀ ਆਇਆ... ਮੇਰਾ ਪੁੱਤ ਆਇਆ।' ਦਰਵਾਜ਼ੇ ਅੰਦਰ ਲੰਘਦੇ ਹੀ ਮਾਤਾ ਨੇ ਅੱਖਾਂ ਅੱਡੀਆਂ। ਉਸ ਦੀਆਂ ਜਿਵੇਂ ਚੰਘਿਆੜਾਂ ਹੀ ਨਿਕਲ ਗਈਆਂ।

'ਲਾਡੀ ਨਹੀਂ ਮੈਂ ਪੀਤਾ ਹਾਂ ਮਾਸੀ।' ਪੀਤੇ ਦੇ ਦੱਸਣ ਤੇ ਉਸ ਨੇ ਮਾਤਾ ਨੂੰ ਪਛਾਣ ਲਿਆ।

ਉਹ ਦੋਵੇਂ ਗਲੇ ਲੱਗ ਕੇ ਕਿੰਨੀ ਦੇਰ ਰੋਂਦੀਆਂ ਰਹੀਆਂ। ਨੁੱਕਰ 'ਚ ਪਏ ਕਿਸੇ ਮਰੀਜ਼ ਦਾ ਘੋਰੜੂ ਵੱਜਦਾ ਸੁਣ ਕੇ ਮਾਤਾ ਬਹੁਤ ਡੂੰਘੀ ਨਿਰਾਸ਼ਤਾ ਵਿਚ ਡੁੱਬ ਗਈ। ਚਿੰਤ ਕੌਰ ਆਪਣੇ ਮਹਿਮਾਨ ਦੇ ਚਿਹਰੇ 'ਤੇ ਨਜ਼ਰਾਂ ਗੱਡੀ ਬਹੁਤ ਦੇਰ ਨਿਹਾਰਦੀ ਰਹੀ... ਕਹਿਣ ਲੱਗੀ।

'ਆ ਜਾਹ ਇੱਥੇ ਬੜੀ ਮੌਜ ਹੈ, ਰਲ ਕੇ ਦੋਵੇਂ ਭੈਣਾਂ ਦਿਨ ਕੱਟੀ ਕਰ ਲਵਾਂਗੀਆਂ। ਵੇਖ ਲਾ! ਸ਼ੇਰ ਪੁੱਤਾਂ ਨੇ ਸਵਰਗ ਵਿਚ ਪਹੁੰਚਾ ਦਿੱਤਾ ਹੈ... ਤੇਰਾ ਵੀ ਨੰਬਰ ਆ ਜਾਊ ਛੇਤੀ ਜਦ ਗੂੰਹ ਮੂਤ ਪੂੰਝਾਉਣ ਵਾਲੇ ਨਿਆਣੇ ਛਤਰੀ ਥੱਲਿਓਂ ਨਿਕਲ ਗਏ।' ਉਸ ਨੇ ਜਿਵੇਂ ਸਰਾਪ ਦੇ ਦਿੱਤਾ ਹੋਵੇ! ਮਾਤਾ ਨੇ ਮੂੰਹ ਮਰੋੜ ਕੇ ਨਾ ਮਨਜ਼ੂਰ ਕਰ ਦਿੱਤਾ।

'ਤੇਰੇ ਸਵਰਗ ਦੀ ਮੌਜ ਤਾਂ ਮੈਨੂੰ ਮਜਬੂਰੀ ਦਾ ਨਾਮ ਗਾਂਧੀ ਵਾਂਗ ਅੱਖੜਦੀ ਹੈ।' ਅੱਖਾਂ ਦੀ ਰਿੱਬ ਸਾਫ਼ ਕਰਦੇ ਮਾਤਾ ਨੇ ਚਿੰਤੀ ਤੇ ਉਸ ਦੀਆਂ ਗਵਾਂਢਣਾਂ ਨੂੰ ਹੱਸਾ ਦਿੱਤਾ।

'ਗਰੈਮਾਂ! ਗੈਟ ਵੈੱਲ ਸੂਨ.... ਮੈਥਨੀ ਗਿੱਲ।'

'ਆਹ ਵੇਖ ਮੇਰੀ ਪੋਤੀ ਰੱਖ ਗਈ। ਮਦਰ ਡੇ ਨੂੰ ਆਪਣੇ ਦੋਸਤਾਂ ਨਾਲ ਆਈ ਸੀ।' ਮਰੀਜ਼ ਨੇ ਮੋਢੇ ਉੱਚੇ ਕਰ ਕੇ ਕਾਰਡ ਨੂੰ ਹੱਥ ਪਾਇਆ।

'ਹਾ... ਆ... ਅ.. ਨੀ ਅੜੀਏ ਤੇਰੇ ਤਾਂ ਵਾਲ ਮੁੜੇ ਪਏ ਨੇ। ਮੇਰੇ ਨੇੜੇ ਹੋ! ਮੈਂ ਵੇਖਾਂ ਚੰਗੀ ਤਰ੍ਹਾਂ।' ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ ਗਾਉਣ ਵਾਲੇ ਦਾ ਮੂੰਹ। ਮੰਜੇ 'ਤੇ ਪਏ ਭਲਵਾਨ ਕੋਲ ਭਲਵਾਨੀ ਦੀ ਗੱਲ ਚੱਲ ਪਏ ਤਾਂ ਉਹ ਉਸਤਾਦ ਪਹਿਲਵਾਨ ਬਣ ਜਾਂਦਾ ਹੈ। ਭਜਨੀ ਆਪਣਾ ਕਸ਼ਟ ਭੁੱਲ ਕੇ ਉਸ ਦੀਆਂ ਅੱਖਾਂ 'ਚ ਫੂਕਾਂ ਮਾਰਨ ਲੱਗੀ। ਵੱਡੇ ਸਰਜਨ ਵਾਂਗ ਉਸ ਦਾ ਬਾਰ ਬਾਰ ਮੁਆਇਨਾ ਕਰਦੀ ਵੇਖ ਕੇ ਗਵਾਂਢੀ ਬਿਸਤਰਿਆਂ ਵਾਲੇ ਹਮਸਫ਼ਰ ਤੇ ਨਰਸਾਂ ਵੇਖ ਕੇ ਹੱਸਣ ਲੱਗੀਆਂ।

'ਧੈਂਗੜੀਏ ਇਹ ਹਾਲ ਤੇਰਾ! ਪਹਿਲਾਂ ਆ ਜਾਂਦੀ... ਮੋਚਣਾ ਲੈ ਆਉਂਦੀ। ਮੈਂ ਹੁਣੇ ਖਿੱਚ ਦਿੰਦੀ ਪਰ ਮੋਚਣਾ ਕਿੱਥੋਂ ਮਿਲੂ ਏਥੇ? ਉਹ ਸੋਚਣ ਲੱਗੀ।

ਪੀਤੂ ਨੇ ਨਰਸ ਦੇ ਖ਼ਾਨੇ ਵਿਚੋਂ ਚਿਮਟੀ ਜਿਹੀ ਫੜ ਲਈ ਤੇ ਇਸ਼ਾਰਾ ਕਰ ਕੇ ਬਾਹਰ ਵੱਲ ਤੁਰ ਪਿਆ। ਉਹ ਡੌਂਡੀਆਂ ਫੜੀ ਮਾਤਾ ਦਾ ਹੱਥ ਫੜ ਕੇ ਬਾਹਰਲੀਆਂ ਕੁਰਸੀਆਂ 'ਤੇ ਆ ਬੈਠੀਆਂ। ਭਜਨੀ ਨੇ ਵਿੰਗੇ ਹੋਏ ਟੇਢੇ ਵਾਲ ਚਿਮਟੀ ਨਾਲ ਖਿੱਚ ਕੇ ਪੀਤੂ ਦੇ ਹੱਥ 'ਤੇ ਧਰ ਦਿੱਤੇ। ਮਾਤਾ ਕੁੱਝ ਤਾਰੀਫ਼ ਸ਼ੁਕਰੀਆ ਕਹਿਣ ਲਈ ਤਿਆਰੀ ਹੀ ਕਰ ਰਹੀ ਸੀ।

'ਲੈ ਲੈ... ਪਰ ਮੈਨੂੰ ਅਸੀਸ ਨਾ ਕੋਈ ਦੇਵੀਂ, ਮੇਰੇ ਜਲਦੀ ਮਰਨ ਦੀ ਅਰਦਾਸ ਕਰ।' ਉਹ ਹੜ੍ਹ ਵਾਂਗ ਵਗ ਪਈ।

'ਆਹ ਵੇਖ! ਗਊਸ਼ਾਲਾ ਦੇ ਅਹਾਤੇ ਵਾਂਗ ਬਾਂ ਬਾਂ ਕਰਦੇ ਉਬਾਸੀਆਂ ਲੈਂਦੇ, ਉਂਘਦੇ, ਆਇਆਂ ਗਇਆਂ ਦੀ ਵੌੜ ਲੈਂਦੇ, ਪੁਰਾਣੇ ਸਰੀਰ ਬਣਾਏ ਸਵਾਰੇ ਆਪਣੀ ਔਲਾਦ ਦੀਆਂ ਰੀਝਾਂ ਚਾਵਾਂ ਨੂੰ ਤਰਸਦੇ ਵਕਤ ਨੂੰ ਧੱਕਾ ਦੇ ਰਹੇ ਨੇ ਸਾਰੇ ਮੇਰੇ ਵਰਗੇ। ਇਹਨਾਂ ਨੂੰ ਸਭ ਸਹੂਲਤਾਂ ਪ੍ਰਾਪਤ ਹਨ। ਨਰਸਾਂ ਨਹਾਉਂਦੀਆਂ ਹਨ, ਸਿਰ ਵਾਹੁੰਦੀਆਂ ਹਨ, ਸਫ਼ਾਈ ਕਰਦੀਆਂ ਹਨ, ਪਰ ਨੂੰਹਾਂ ਪੁੱਤਾਂ ਪੋਤਿਆਂ ਦੀਆਂ ਉਂਗਲਾਂ ਦਾ ਸਪਰਸ਼ ਜੋ ਇਸ

ਪਤਝੜ ਦੀ ਉਮਰੇ ਸਕੂਨ ਦਿੰਦਾ ਹੈ ਕਿਸੇ ਕੀਮਤ 'ਤੇ ਨਹੀਂ ਮਿਲਦਾ। ਪੋਤੇ ਦੋਹਤੇ ਜੋ ਢਿੱਡ 'ਤੇ ਚੜ੍ਹ ਕੇ ਕਿਲਕਾਰੀਆਂ ਮਾਰਦੇ ਨੱਚਦੇ ਟੱਪਦੇ, ਵਾਲਾਂ 'ਚ ਹੱਥ ਫੇਰਦੇ ਸਵਰਗੀ ਸੁਪਨੇ ਵਾਂਗ ਅੱਖਾਂ ਸਾਹਮਣੇ ਲੰਘ ਜਾਂਦੇ ਨੇ। ਤੋਤਲੀਆਂ ਤੋਤਲੀਆਂ ਗੱਲਾਂ ਕਰਦੇ ਬਾਤਾਂ ਸੁਣਨ ਦੀ ਜਿਦ ਕਰਦੇ ਹੁਣ ਸਕੂਲ ਕਾਲਜ ਚਲੇ ਗਏ। ਨਵੇਂ ਨਵੇਂ ਦੋਸਤ ਬਣਾ ਕੇ ਉਡਾਰੀ ਮਾਰ ਗਏ। ਵੱਟੀ ਨਹੀਂ ਵਾਹੁੰਦੇ। ਬੁੱਢਿਆਂ ਨੂੰ ਕੋਈ ਨਹੀਂ ਪੁੱਛਦਾ। ਏਨੇ ਰੁਝੇਵਿਆਂ ਵਿਚ ਉਨ੍ਹਾਂ ਕੋਲ ਸਮਾਂ ਹੀ ਨਹੀਂ, ਕੀ ਕਰਨ ਵਿਚਾਰੇ!'

ਮਾਤਾ-ਪਿਤਾ ਨੂੰ ਛੱਡ ਕੇ ਆਪਣੇ ਹੋਰ ਕੰਮ ਭੁਗਤਾਉਣ ਚਲਾ ਗਿਆ। ਚਾਰ ਘੰਟਿਆਂ ਵਿਚ ਦੋਹਾਂ ਧਰਮ ਭੈਣਾਂ ਨੇ ਅਗਲੀਆਂ ਪਿਛਲੀਆਂ ਸਾਰੀਆਂ ਦੁੱਖ ਦੀਆਂ ਸੁੱਖ ਦੀਆਂ ਹੱਡ ਬੀਤੀਆਂ ਤੇ ਜੱਗ ਬੀਤੀਆਂ ਫੋਲ ਮਾਰੀਆਂ। ਉਸ ਦੇ ਵਾਪਸ ਮੁੜਨ ਤੱਕ ਹੌਲ਼ੀਆਂ ਫੁੱਲ ਖਿੜਦੀਆਂ ਟਹਿਕ ਰਹੀਆਂ ਸਨ।



'ਦੁੱਖ ਵੰਡਾਉਣ ਨਾਲ ਘਟਦਾ ਹੈ ਤੇ ਖ਼ੁਸ਼ੀ ਵੰਡਾਉਣ ਨਾਲ ਵਧਦੀ ਹੈ... ਆ ਜਾਇਆ ਕਰ ਕਦੇ... ਤੇਰਾ ਭਲਾ ਹੋਵੇ। ਮੇਰੀ ਰਹਿੰਦੀ ਉਮਰ ਤੈਨੂੰ ਲੱਗ ਜਾਏ। ਆਪਣੇ ਪੁੱਤ ਪੋਤਿਆਂ ਦੇ ਹੱਥਾਂ 'ਚ ਹੱਸਦੀ ਖੇਲ੍ਹਦੀ ਅੱਖਾਂ ਮੀਟ ਜਾਏਂ।' ਭਜਨੀ ਨੇ ਮਹਿਮਾਨ ਨੂੰ ਅਸੀਸ ਦਿੰਦੀਆਂ ਦਾਅਵਤ ਦਿੱਤੀ।

'ਦਾਤਰੀ ਨੂੰ ਇਕ ਪਾਸੇ ਦੰਦੇ ਹੁੰਦੇ ਨੇ ਪਰ ਦੁਨੀਆ ਨੂੰ ਦੋਹੀਂ ਪਾਸੀਂ। ਉਨ੍ਹਾਂ ਨੂੰ ਵੀ ਦੁਨੀਆ ਥੁੱਕਦੀ ਹੋਊ... ਤੂੰ ਬੁਰਾ ਨਾ ਮੰਨੇ ਤਾਂ ਮੇਰੇ ਘਰ ਚਲੀ ਚੱਲ। ਮੇਰੀ ਤਾਂ ਠੀਕ ਹੀ ਲੱਗਦੀ ਹੈ ਅਜੇ।' ਮਾਤਾ ਝੂਠੀ ਸੱਚੀ ਸੁਲਾਹ ਮਾਰਦੀ ਅੰਦਰੋਂ ਥਿੜਕ ਉੱਠੀ।

'ਇਹ ਭੁਲੇਖਾ ਵੀ ਨਿਕਲ ਜਾਊ ਤੇਰਾ। ਘਰ ਤਾਂ ਇੱਥੇ ਨੂੰਹਾਂ ਦੇ ਹੀ ਹੁੰਦੇ ਨੇ ਸੱਸਾਂ ਦੇ ਤਾਂ ਪੰਜਾਬ ਵਿਚ ਹੀ ਰਹਿ ਜਾਂਦੇ ਨੇ... ਤੇ ਜਾਂ ਫਿਰ ਇੱਥੇ... ਇਸ ਘਰ। ਨਾਲੇ ਘਰ ਰਹਿ ਕੇ ਵੀ ਜਦ ਤੁਹਾਡੇ ਵਾਸਤੇ ਕਿਸੇ ਕੋਲ ਟਾਈਮ ਹੀ ਨਹੀਂ ਜਾਂ ਹਰ ਵੇਲੇ ਸੜੂੰ-ਭੁਜੂੰ ਹੁੰਦੀ ਰਹਿਣੀ ਹੈ ਤਾਂ ਈਦੋਂ ਕੰਮੋਂ ਤਾਂ ਇਹ ਬਿਗਾਨੇ ਸੇਵਾਦਾਰ ਲੱਖ ਦਰਜੇ ਚੰਗੇ ਨੇ। ਚਲੋ ਚੰਗਾ! ਸੁਖੀ ਰਹਿਣ ਆਪਣੇ ਹੀ ਪੇਟੋਂ ਜੰਮੇ ਨੇ।' ਭਜਨੀ ਦੇ ਅੰਦਰੋਂ ਗਰਮ ਲਾਵੇ ਵਰਗਾ ਸਾਰੀ ਕਾਇਨਾਤ ਨੂੰ ਝੁਲਸਣ ਯੋਗ ਹਉਕਾ ਨਿਕਲਿਆ।

'ਸਾਰੀਆਂ ਉਂਗਲਾਂ ਬਰਾਬਰ ਨਹੀਂ ਹੁੰਦੀਆਂ! ਭੈਣੇ ਰੱਬ ਨਾ ਕਿਸੇ 'ਤੇ ਕਹਿਰਵਾਨ ਹੋਵੇ... ਉਹਨੂੰ ਸਭ ਦਾ ਫ਼ਿਕਰ ਹੈ।' ਮਾਤਾ ਨੇ ਤਸੱਲੀ ਦੇਣ ਦੀ ਗੱਲ ਕੀਤੀ।

'ਬਹੁਤੇ ਘਰਾਂ ਦੇ ਪ੍ਰਾਹੁਣੇ ਭੁੱਖੇ ਰਹਿ ਜਾਂਦੇ ਨੇ ਪਰ ਤੂੰ ਤੌਖਲਾ ਨਾ ਕਰੀਂ, ਤੇਰੇ ਕਿਹੜੇ ਪੰਜ ਨੇ।... ਲੈ ਨੀਂ ਭੈਣੇ! ਆ ਗਿਆ ਤੇਰਾ ਸਰਵਣ ਪੁੱਤਰ!' ਬਾਹਰੋਂ ਪੀਤਾ ਮੁੜਦਾ ਵੇਖ ਕੇ ਚਿੰਤੋ ਨੇ ਨਕਲੀ ਜਿਹਾ ਮੁਸਕਰਾਉਣ ਦੀ ਕੋਸ਼ਸ਼ ਕੀਤੀ।

ਭੈਣਾਂ ਦਾ ਆਖ਼ਰੀ ਸੰਵਾਦ ਪੀਤੇ ਨੇ ਬੜੀ ਗੰਭੀਰਤਾ ਨਾਲ ਸੁਣਿਆ। ਉਹ ਵੀ ਉਸਤਤ ਤੇ ਵਡਿਆਈਆਂ ਦੇ ਪਰਾਗੇ ਝੋਲੀ ਪੁਆ ਕੇ ਆਪਣੇ ਆਪ ਨੂੰ ਬੜਾ ਸਨਮਾਨਿਤ ਹੋਇਆ ਮਹਿਸੂਸ ਕਰਦਾ ਫੁੱਲ ਵਾਂਗ ਖਿੜ ਰਿਹਾ ਸੀ। ਉਸ ਨੇ ਮਨ ਵਿਚ ਪੱਕੀ ਧਾਰ ਲਈ ਕਿ ਉਹ ਆਪਣੀ ਮਾਂ ਨੂੰ ਕਦੇ ਵੀ ਬਿਗਾਨਿਆਂ ਦੇ ਹੱਥੀਂ ਰੁਲਨ ਲਈ ਜਾਂ ਸਾਂਭਣ ਲਈ ਇੱਥੇ ਆਉਣ ਦੀ ਨੌਬਤ ਪੈਦਾ ਨਹੀਂ ਹੋਣ ਦੇਵੇਗਾ।

ਨਮਾਜ਼ ਬਖ਼ਸ਼ਾਉਣ ਗਏ ਰੋਜ਼ੇ ਗਲ ਪੁਆ ਕੇ ਮਾਂ ਪੁੱਤ ਵਾਪਸ ਮੁੜ ਪਏ। ਕਾਰ ਵਿਚ ਬੈਠਦੀ ਹਉਕਾ ਭਰਦੀ ਮਾਤਾ ਘੋਰ ਉਦਾਸੀ ਦੇ ਸਮੁੰਦਰ ਵਿਚ ਡੁੱਬ ਗਈ ਜਿਵੇਂ ਚਿੰਤ ਕੌਰ ਨੇ ਆਪਣੀ ਸਾਰੀ ਚਿੰਤਾ ਮਾਤਾ ਦੀ ਝੋਲੀ ਪਾ ਦਿੱਤੀ ਹੋਵੇ। ਉਹ ਉਸ ਨਾਲ ਹੋਈ ਬੀਤੀ ਸੁਣੀ ਕਹਾਣੀ ਦੀ ਆਪਣੀ ਹੱਡਬੀਤੀ ਨਾਲ ਤੁਲਨਾ ਕਰਨ ਲੱਗੀ।

'ਜੜ੍ਹਾਂ ਨਾਲੋਂ ਤੋੜ ਕੇ... ਪੁੱਟ ਕੇ ਬੂਟਾ ਜਿੰਨੇ ਮਰਜ਼ੀ ਸੁੰਦਰ ਗਮਲੇ ਵਿਚ ਲਗਾ ਲਓ, ਉਸ ਨੂੰ ਪਾਣੀ ਪਾਓ, ਚੰਗੀ ਖਾਦ ਪਾਓ, ਉਸ ਨੇ ਤਾਂ ਸੁੱਕਣਾ ਹੀ ਹੈ। ਆਖ਼ਰ ਹਰਨਾਂ ਹੈ। ਨਦੀ ਕੰਢੇ ਰੁੱਖੜਾ ਕਿਚਰ ਬੰਨ੍ਹੇ ਧੀਰ, ਕੱਚੇ ਭਾਂਡੇ ਰੱਖੀਏ ਕਿੱਚਰ ਤਾਈਂ ਨੀਰ। ਸਰੀਰ ਤਾਂ ਕੱਚਾ ਭਾਂਡਾ ਹੈ, ਅੱਜ ਵੀ ਗਿਆ ਤੇ ਕੱਲ੍ਹ ਵੀ ਗਿਆ।' ਉਹ ਹਿਚਕੀਆਂ ਲੈਣ ਲੱਗੀ।

'ਪੁੱਤ ਪੀਤੇ ਤੈਨੂੰ ਪਤਾ! ਇਸ ਦਾ ਸਹੁਰਾ ਤਕੜਾ ਜਗੀਰਦਾਰ ਸੀ ਤੇ ਇਸ ਦੇ ਘਰਵਾਲਾ ਬਰੂਵਾਲਾ ਪਿੰਡ ਦਾ ਇਕੱਲਾ ਆਧੀ ਸੀ। ਇੱਕ ਵੇਲੇ ਦੋ ਟਰੈਕਟਰ ਤੇ ਚਾਰ ਬੰਬੀਆਂ ਧਰਤੀ ਦੀ ਹਿੱਕ ਚੁੰਘਦੀਆਂ ਸਨ। ਪੰਜ ਦਸ ਬੰਦੇ ਜ਼ਨਾਨੀਆਂ ਨੌਕਰ ਚਾਕਰ ਹਰ ਵੇਲੇ ਉਨ੍ਹਾਂ ਦੇ ਖੇਤਾਂ ਵਿਚ ਕੰਮ ਕਰਦੇ ਸਨ ਤੇ ਹੱਥ ਅੱਡ ਕੇ ਰੋਟੀ ਫੜਦੇ ਸਨ। ਹਰ ਰੋਜ਼ ਉਸ ਦੇ ਚੁੱਲ੍ਹੇ ਦੋ ਚਾਰ ਮਹਿਮਾਨ ਚੜ੍ਹੇ ਰਹਿੰਦੇ ਸਨ। ਉਸ ਨੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਹੇਠਲਾ ਪਾਣੀ ਕੁਦਰਤੀ ਆਫ਼ਤ! ਖੇਤਾਂ 'ਚ ਕੱਲਰ ਪੈ ਕੇ ਧਰਤੀ ਨੂੰ ਉਜਾੜ ਬਣਾ ਕੇ ਮੰਦਹਾਲੀ 'ਚ ਸੁੱਟ ਗਿਆ। ਉੱਥੇ ਇਹ ਬਾਰ ਬਾਰ ਕਹਿੰਦੀ ਹੁੰਦੀ ਸੀ ਕਿ ਮੇਰੀ ਮੜ੍ਹੀ ਇਸੇ ਪਿੰਡ ਦੀ ਜੂਹ ਵਿਚ ਹੀ ਬਣੇਗੀ ਪਰ ਹੁਣ ਰੋਜ਼ੀ ਰੋਟੀ ਦੀ ਤਲਾਸ਼ ਵਿਚ ਸਾਰਾ ਕੁਣਬਾ ਵਿਦੇਸ਼ ਚਲਾ ਗਿਆ। ਪਿੰਡ ਨਾਲੋਂ ਇਸ ਦੀ ਸਾਂਝ ਟੁੱਟ ਗਈ। ਬੜੀ ਅਸਾਧ ਬਿਮਾਰੀ ਹੈ ਇਸ ਨੂੰ... ਕੈਂਸਰ ਦੀ ਪੀੜਤ ਹੈ ਇਹ। ਪਿਛਲੇ ਚਾਰ ਸਾਲ ਤੋਂ ਡਾਕਟਰ ਹੈਰਾਨ ਹਨ ਕਿ ਇਹ ਕਿਵੇਂ ਸਿਰੜ ਨਾਲ ਮੌਤ ਨੂੰ ਮਖ਼ੌਲ ਕਰੀ ਜਾ ਰਹੀ ਹੈ। ਦੀਦੇ ਤੇ ਦੰਦ ਨਵੇਂ ਨਰੋਏ ਅਜੇ ਕੈਮ ਹਨ। ਅੰਦਰੋਂ ਸਾਰੀ ਖਾਧੀ ਖੋਖਲੀ ਹੋ ਚੁੱਕੀ ਹੈ ਇਸ ਦੀ ਦੇਹ। ਇਸ ਦੀ ਕੈਂਸਰ ਬਿਮਾਰੀ ਦੌਰਾਨ ਇਸ ਦੇ ਚਾਰ ਰਿਸ਼ਤੇਦਾਰ ਇਸ ਨੂੰ ਮਿਲਣ ਦੇ ਬਹਾਨੇ ਇੱਧਰ ਲੰਘ ਚੁੱਕੇ ਹਨ ਤੇ ਪਨਾਹਗੀਰਾਂ ਦੀ ਕਤਾਰ ਵਿਚ ਲੱਗ ਗਏ ਹਨ। ਉਹ ਵੀ ਕਦੇ ਰੱਬ-ਤਰਸੀ ਮੂੰਹ-ਦਿਖਾਈ ਕਰ ਜਾਂਦੇ ਹਨ।'

ਭਜਨੋ ਦੀ ਕਹਾਣੀ ਦੁਹਰਾਉਂਦੀ ਚਿੱਥਦੀ ਦੰਦ ਕਰੀਚਦੀ ਮਾਤਾ ਪੁੱਤ ਨੂੰ ਸਮਝਾਉਤੀਆਂ ਦੇਣ ਲੱਗੀ। ਘਰ ਪਹੁੰਚਣ ਤੱਕ ਆਪਣੇ ਸਨ-ਫਰਾਂਸਿਸਕੋ ਹਵਾਈ ਅੱਡੇ ਤੇ ਉੱਤਰਨ ਤੋਂ ਲੈ ਕੇ ਹੁਣ ਤੱਕ ਦੀ ਸਾਰੀ

ਫਿਰਕੀ ਉਸ ਸਾਹਮਣੇ ਘੁੰਮ ਗਈ। ਉਹ ਆਪਣੀ ਗਠੜੀ ਖੋਲ੍ਹ ਬੈਠੀ। ਭਜਨੀ ਦੀ ਕਹਾਣੀ ਨਾਲ ਆਪਣਾ ਮੁਕਾਬਲਾ ਕਰਦੀ ਆਪਣੇ ਭਵਿੱਖ ਦੀਆਂ ਬੁਢੇਪੇ ਭਰੀਆਂ ਠੋਕਰਾਂ ਬਾਰੇ ਕਿਆਸ ਅਰਾਈਆਂ ਉਸ ਦੇ ਮਨ 'ਚ ਘੁੰਮਦੀਆਂ ਖੱਲਰ ਮਚਾਉਣ ਲੱਗੀਆਂ।

ਜਿਸ ਦਿਨ ਉਸ ਨੇ ਅਮਰੀਕਾ ਦੀ ਧਰਤੀ 'ਤੇ ਪੈਰ ਰੱਖਿਆ, ਉਹ ਇਤਨੀ ਖ਼ੁਸ਼ ਹੋਈ ਜਿਤਨੀ ਉਹ ਪਹਿਲਾਂ ਕਦੇ ਨਹੀਂ ਹੋਈ। ਲੁਸ਼ ਲੁਸ਼ ਕਰਦੀ ਗੋਰਿਆਂ ਨੂੰ ਮਾਤ ਪਾਉਂਦੀ ਸੁੰਦਰੀ ਸਵਰਗਾਂ ਦੀ ਮੁਸਕਾਨ ਕੇਰਦੀ ਹਵਾਈ ਅੱਡੇ ਤੋਂ ਬਾਹਰ ਗੇਟ ਤੇ ਸੁਰਮਈ ਜ਼ੀਨ ਪੈਂਟ ਤੇ ਜੈਂਪਰ ਪਾਈ ਖੜੀ ਸੀ। ਉਹ ਲਾਲ ਸੁਰਖ਼ ਹੋਠਾਂ ਵਿਚੋਂ ਮੁਸਕਾਨ ਬਖੇਰਦੀ ਸੁੰਦਰ ਸੁਨੱਖੀ ਮੁਟਿਆਰ ਬਾਂਹਾਂ ਫੈਲਾਉਂਦੀ ਉਸ ਵੱਲ ਵਧੀ। ਉਸ ਨੇ ਝੁਕ ਕੇ ਪੈਰੀਂ ਹੱਥ ਲਗਾਇਆ ਤੇ ਬੜੇ ਨਿੱਘੇ ਸਲੀਕੇ ਨਾਲ ਮਾਤਾ ਨੂੰ ਲਿਪਟ ਗਈ। ਚੌਵੀ ਘੰਟਿਆਂ ਦੇ ਜਹਾਜ਼ ਦੇ ਸਫ਼ਰ ਦੀ ਭੰਨੀ ਅੱਕੀ ਥੱਕੀ ਹੋਈ ਉਹ ਬੌਂਦਲੀ ਪਈ ਸੀ। ਮਿੰਟ ਦੀ ਮਿੰਟ ਉਹ ਸ਼ਸ਼ੋਪੰਜ ਵਿਚ ਪੈ ਗਈ ਪਰ ਜਲਦੀ ਹੀ ਉਸ ਦੀਆਂ ਆਂਦਰਾਂ ਦੇ ਨਿੱਘ ਤੋਂ ਉਹ ਸਮਝ ਗਈ ਕਿ ਇਹ ਉਸ ਦੀ ਨੂੰਹ ਬਰੇਸੀ ਹੀ ਸੀ। ਮਾਤਾ ਨੇ ਇੱਕ ਵੇਰਾਂ ਫਿਰ ਘੁੱਟ ਕੇ ਗਲ ਨਾਲ ਲਾ ਲਿਆ। ਪ੍ਰੀਤੂ ਨੂੰ ਨਾ ਦੇਖ ਕੇ ਮਾਂ ਦਾ ਕਾਲਜਾ ਡੁੱਬਣ ਲੱਗਾ ਪਰ ਉਹ ਛੇਤੀ ਹੀ ਸੰਭਲ ਗਈ।

'ਪੀਤਾ ਕੰਮ ਤੇ ਹੈ ਬੀ ਜੀ! ਉਹ ਸ਼ਾਮ ਨੂੰ ਆਏਗਾ।' ਨੂੰਹ ਨੇ ਮਾਤਾ ਦੀਆਂ ਤਲਾਸ਼ ਕਰਦੀਆਂ ਨਜ਼ਰਾਂ ਦਾ ਹੁੰਗਾਰਾ ਦਿੱਤਾ।

'ਫਿੱਟ ਨੀ ਨਿੰਜ-ਹੋਣੀਏ ਤੇਰਾ ਵੀ ਪੀਤਾ ਹੀ ਹੈ ਉਹ? ਮੈਂ ਤਾਂ ਅੱਜ ਤੱਕ ਉਹਦੇ ਪਿਉ ਦਾ ਨਾਮ ਕਦੇ ਬੁੱਲ੍ਹਾ ਤੇ ਨਹੀਂ ਲਿਆਂਦਾ।' ਬੜੇ ਮੋਹ ਨਾਲ ਮਨ ਹੀ ਮਨ ਵਿਚ ਉਸ ਪਿਆਰਾਂ ਭਰੀ ਤਲਖ਼ੀ ਜਿਹੀ ਮਹਿਸੂਸ ਕੀਤੀ।

'ਪਰ ਛੋਟੇ ਨਿਆਣੇ ਵੀ ਨਹੀਂ ਲਿਆਈ। ਖ਼ਾਲੀ ਹੱਥੀਂ ਆ ਗੀ ਬਾਂਹਾਂ ਲਟਕਾਈ ਹੋਈ।' ਹਕੀਕੀ ਸੋਚ ਨਾਲ ਮਾਤਾ ਨੂੰ ਓਪਰਾ ਜਿਹਾ ਝਟਕਾ ਲੱਗਾ।

ਚਾਰ ਚੁਫੇਰਾ ਅਸਮਾਨੀਂ ਹੱਥ ਲਾਉਂਦੀਆਂ ਉੱਚੀਆਂ ਉੱਚੀਆਂ ਸੁੰਦਰ ਇਮਾਰਤਾਂ, ਖੁੱਲ੍ਹੀਆਂ ਖੁੱਲ੍ਹੀਆਂ ਸੜਕਾਂ, ਤੇ ਕਾਰ ਚਲਾਉਂਦੀ ਬਰੇਸੀ ਵੇਖ ਕੇ ਸੱਤੇ ਅਸਮਾਨ ਮਾਤਾ ਦੀ ਝੋਲੀ ਆਣ ਡਿੱਗਾ। ਉਹ ਆਪਣੀ ਕਿਸਮਤ ਤੇ ਅਸ਼ ਅਸ਼ ਕਰ ਉੱਠੀ। ਮਹਿਲ ਵਰਗੀ ਵੱਡੀ ਸਾਰੀ ਕੋਠੀ ਦੇ ਸਾਹਮਣੇ ਆ ਕੇ ਕਾਰ ਰੁਕ ਗਈ। ਬਰੇਸੀ ਅੰਦਰ ਗਈ। ਵਾਪਸੀ ਤੇ ਉਸ ਦੇ ਹੱਥੀਂ ਤੇਲ ਦੀ ਸ਼ੀਸ਼ੀ ਸੀ। ਦਹਿਲੀਜ਼ ਤੇ ਦੋਨੋਂ ਪਾਸੇ ਨੈਪਕਿਨ ਪੇਪਰ ਰੱਖ ਕੇ ਤੇਲ ਚੋ ਕੇ ਮਾਤਾ ਦੇ ਪੈਰੀਂ ਹੱਥ ਲਾ ਕੇ ਮਾਤਾ ਦੇ ਨਾਲ ਘੁੱਟ ਕੇ ਚਿੰਬੜ ਗਈ।

'ਜੀ ਆਇਆਂ ਨੂੰ... ਵੈਲ ਕਮ, ਵੈਲ ਕਮ।' ਦੇਹਲੀ ਦੇ ਅੰਦਰ ਪੈਰ ਧਰਦੇ ਹੀ ਅੰਦਰ ਲਟਕਦੇ ਪਿੰਜਰੇ 'ਚ ਛੋਟੀ ਜਿਹੀ ਤੋਤੀ ਮਿੱਠੋ ਨੇ ਮਾਤਾ ਦਾ ਸਵਾਗਤ ਕੀਤਾ। ਵਿਦੇਸ਼ੀ ਨੂੰਹਾਂ ਬਾਰੇ ਲੋਕਾਂ ਦਾ ਦੱਸਿਆ ਮਾਤਾ ਦਾ ਤੌਖਲਾ ਉਸ ਨੂੰ ਝੂਠਾ ਝੂਠਾ ਜਾਪਿਆ। ਬੜੇ ਵੱਡੇ ਸਾਰੇ ਪੋਲੇ ਪੋਲੇ ਰੇਸ਼ਮੀ ਗੱਦਿਆਂ ਵਾਲੇ ਸੋਫ਼ੇ ਵਿਚ ਧੈੜ ਕਰਦੀ ਬੈਠਦੀ ਉਹ ਵਿੱਚੇ ਹੀ ਖੁੱਭ ਗਈ। ਪਿਛਲੇ ਟੱਬਰ ਟੀਹਰ ਦਾ ਖ਼ੈਰ ਸੁੱਖ ਪੁੱਛਦੇ ਨੂੰਹ ਨੇ ਟੀ. ਵੀ. ਲਗਾ ਦਿੱਤਾ। ਦਰਬਾਰ ਸਾਹਿਬ ਤੋਂ ਮੁੱਖ ਵਾਕ ਆ ਰਿਹਾ ਸੀ:- 'ਸੰਤਾਂ ਕੇ ਕਾਰਜ ਆਪ ਖਲੋਇਆ ਹਰ ਕੰਮ ਕਰਾਵਣ ਆਇਆ ਰਾਮ।'

ਰੱਬੀ ਰਹਿਮਤਾਂ ਵੰਡਦੀ ਤੇ ਸ਼ਗਨਾਂ ਭਰਿਆ ਸੰਦੇਸ਼ ਦਿੰਦੀ ਧੁਰ ਕੀ ਬਾਣੀ ਨੇ ਮਾਤਾ ਦਾ ਸ਼ੁੱਭ ਆਗਮਨ ਕੀਤਾ। ਮਾਤਾ ਨੇ ਸਿਰ ਢੱਕ ਕੇ ਖੜ੍ਹੇ ਹੋ ਕੇ ਦੋਵੇਂ ਹੱਥ ਜੋੜ ਕੇ ਸਰਵਣ ਕੀਤਾ ਤੇ ਗੋਡੇ ਟੇਕ ਕੇ ਮੱਥਾ ਟੇਕਿਆ।

'ਧੰਨ ਮਾਲਕਾ ਤੇਰੀਆਂ ਕੁਦਰਤਾਂ! ਠੀਕ ਹੀ ਕਹਿੰਦੇ ਨੇ, ਉਹ ਹਰ ਘਰ... ਹਰ ਥਾਂ ਵੱਸਦਾ ਹੈ। ਦੇਖ ਲੈ! ਕਿੰਨੇ ਦਰਿਆ ਸਮੁੰਦਰ ਪਾਰ ਕਰ ਕੇ ਮੈਂ ਜਹਾਜ਼ ਚੜ੍ਹ ਕੇ ਪੰਝੀ ਘੰਟਿਆਂ ਵਿਚ ਆਈ ਹਾਂ ਤੇ ਇਹ ਵਿਚਾਰਾ! ਇੱਥੇ ਵੀ ਆਣ ਪਹੁੰਚਾ ਮੇਰੇ ਅੱਗੇ ਪਿੱਛੇ ਮੇਰੇ ਨਾਲ।' ਮਾਤਾ ਨੇ ਇਹ ਬੜਾ ਸ਼ੁੱਭ ਸ਼ਗਨ ਸਮਝਿਆ ਤੇ ਹੱਥ ਜੋੜ ਕੇ ਝੋਲੀ ਅੱਡੀ ਜਿਵੇਂ ਵਾਕ ਝੋਲੀ ਵਿਚ ਪਵਾਉਂਦੀ ਹੋਵੇ।

'ਮੈਂ ਦੋ ਮਿੰਟ 'ਚ ਆਈ! ਬੱਚਿਆਂ ਨੂੰ ਲੈ ਆਵਾਂ।' ਮਾਤਾ ਨੂੰ ਜੂਸ ਦਾ ਗਿਲਾਸ ਫੜਾਉਂਦੀ ਬਰੇਸੀ ਚਾਬੀਆਂ ਛਣਕਾਉਂਦੀ ਬਾਹਰ ਨਿਕਲ ਗਈ।

ਪੰਜਾਬੀ ਪ੍ਰੋਗਰਾਮ, ਪੰਜਾਬੀ ਗਾਣੇ ਵੇਖ ਕੇ ਮਾਤਾ ਮੁੜ ਪੰਜਾਬ ਪਹੁੰਚ ਗਈ। ਕਿਨ੍ਹਾਂ ਹਾਲਤਾਂ ਵਿਚ ਇੱਕੋ ਇੱਕ ਮੁੰਡਾ ਅੱਖਾਂ ਦਾ ਤਾਰਾ ਅੱਖਾਂ ਤੋਂ ਦੂਰ ਕਰਨਾ ਪਿਆ। ਪੰਜਾਬ ਦੀਆਂ ਮੁੰਡੇ-ਖਾਣੀਆਂ ਗਰਮ ਹਵਾਵਾਂ ਤੋਂ ਬਚਾਉਣ ਲਈ ਸੋਨਾ ਉਗਾਉਣ ਵਾਲਾ ਇੱਕ ਕਿੱਲਾ ਵੇਚ ਦਿੱਤਾ। ਇਹ ਰਕਮ ਝੋਲੇ 'ਚ ਪਾ ਕੇ ਉਸ ਦਾ ਹੱਥ ਦਲਾਲ ਦੇ ਹੱਥ ਫੜਾ ਕੇ ਉਨ੍ਹਾਂ ਸੁਖ ਦਾ ਸਾਹ ਲਿਆ। ਸਰਬੱਤ ਦਾ ਭਲਾ ਮੰਗਣ ਵਾਲੀ ਮਾਤਾ ਪਹਿਲਾਂ ਜਿੱਥੇ ਸਰਬੱਤ ਦੇ ਭਲੇ ਨਾਲ ਨਗਰ ਖੇੜੇ ਦੀ ਸੁੱਖ ਠੰਢ ਮੰਗਦੀ ਉੱਥੇ ਹੁਣ ਨਾਲ ਨਗਰ ਖੇੜਾ ਤੇ ਦੇਸ਼ੀਂ ਪਰਦੇਸੀ ਆਕਾਸ਼ੀਂ ਪਾਤਾਲੀਂ ਸੁੱਖ ਠੰਢ ਦੀ ਕਾਮਨਾ ਕਰਦੀ ਦੋਵੇਂ ਸਮੇਂ ਅਰਦਾਸਾਂ ਕਰਦੀ ਰਹਿੰਦੀ। ਯਾਦਾਂ ਦੇ ਪਿਛਵਾੜੇ ਝਾਤੀ ਮਾਰਦੀ ਉਹ ਬੀਤੇ ਦੀ ਬੁੱਕਲ ਵਿਚ ਜਾ ਵੜੀ।

ਥੋੜ੍ਹੀ ਦੇਰ ਵਿਚ ਫੁੱਲਾਂ ਵਾਂਗ ਖਿੜੇ ਸੋਨੂੰ ਤੇ ਕਿੱਟੀ ਆ ਕੇ ਮਾਂ ਨਾਲ ਚੰਬੜ ਗਏ। ਪੀਤੂ ਦੇ ਆਉਣ ਨਾਲ ਸਾਰਾ ਘਰ ਖਿੜੀ ਕਪਾਹ ਦੀਆਂ ਫੁੱਟੀਆਂ ਵਾਂਗ ਖਿੜ ਉੱਠਿਆ। ਮਾਂ ਦਾ ਕਾਲਜਾ ਠੰਢਾ ਠਾਰ ਹੋ ਗਿਆ।

ਇੱਕ ਹਫ਼ਤੇ ਵਿਚ ਹੀ ਕੰਮ ਤੋਂ ਛੁੱਟੀ ਕਰ ਕੇ ਉਨ੍ਹਾਂ ਨੇ ਚਾਵਾਂ ਨਾਲ ਮਾਤਾ ਨੂੰ ਵੱਡੇ ਵੱਡੇ ਸਟੋਰ, ਦੁਕਾਨਾਂ, ਪਾਰਕ, ਝੀਲਾਂ, ਸਮੁੰਦਰ ਕੰਢੇ, ਉੱਚੇ ਉੱਚੇ ਪੰਘੂੜੇ ਦਿਖਾ ਕੇ ਅਮਰੀਕਾ ਦੇ ਬਾਹਰੀ ਦਰਸ਼ਨ ਕਰਵਾ ਦਿੱਤੇ।

ਮਾਂ ਨੂੰ ਕਲਾਵੇ ਵਿਚ ਲੈ ਕੇ ਪੀਤੇ ਨੇ ਸਾਰੇ ਕਮਰਿਆਂ ਵਿਚ ਘੁੰਮਦੇ ਬਾਂਹਾਂ ਫੈਲਾ-ਫੈਲਾ ਕੇ ਆਟਾ ਗੁੰਨ੍ਹਣ ਵਾਲੀ ਮਸ਼ੀਨ, ਭਾਂਡੇ ਧੋਣ ਵਾਲੀ, ਸਾਗ ਸਬਜ਼ੀ ਚੀਰਨ ਕੱਟਣ ਵਾਲੀ ਮਸ਼ੀਨ, ਸਲਾਈਸ ਬੇਕਿੰਗ ਵਾਲੀ, ਸਾਗ ਨੂੰ ਘੋਟਾ ਲਾਉਣ ਵਾਲੀ, ਕੱਪੜੇ ਧੋਣ ਸੁਕਾਉਣ ਵਾਲੀ ਮਸ਼ੀਨ, ਮਾਲਸ਼ ਵਾਲੀ... ਕਸਰਤ ਵਾਲੀ ਮਸ਼ੀਨ, ਬਿਜਲੀ, ਪਾਣੀ, ਗੈਸ, ਏ. ਸੀ. ਆਦਿ ਦੀ ਜਾਣਕਾਰੀ ਦੇ ਕੇ ਮਾਂ ਨੂੰ ਕਿਸੇ ਅਣਕਿਆਸੀ ਦੁਨੀਆ ਵਿਚ ਪਹੁੰਚਾ ਦਿੱਤਾ।

ਬਰੇਸੀ ਤੇ ਪੀਤਾ ਹਰ ਰੋਜ਼ ਸਾਝਰੇ ਚਾਹ ਵਾਲੇ ਗਲਾਸ ਹੱਥ 'ਚ ਫੜੀ, ਮੂੰਹ 'ਚ ਰੋਟੀ, ਬਰੈੱਡ ਪਰਾਉਂਠੇ ਦੇ ਪੀਸ ਚਬਾਉਂਦੇ ਸੁੱਤੇ ਬੱਚਿਆਂ ਨੂੰ ਮਾਂ ਹਵਾਲੇ ਛੱਡ ਕੇ ਟਾਹ-ਟਾਹ ਕਰਦੇ ਆਪਣੀਆਂ ਆਪਣੀਆਂ ਕਾਰਾਂ 'ਚ ਦੌੜ ਜਾਂਦੇ।

ਸਵੇਰੇ ਚਾਹ ਨਾਸ਼ਤਾ ਤਿਆਰ ਕਰ ਕੇ ਮਾਤਾ ਨੂੰਹ ਤੇ ਪੁੱਤ ਨੂੰ ਕਾਰ ਤੱਕ ਛੱਡਦੀ ਹੱਸਦੀ ਹੱਸਦੀ ਸ਼ੁੱਭ ਕਾਮਨਾ ਕਹਿੰਦੀ ਉਨ੍ਹਾਂ ਨੂੰ ਵਿਦਾ ਕਰਦੀ। ਸਾਰਾ ਦਿਨ ਸਾਰੇ ਜਹਾਨ ਦੀਆਂ ਸੜਕਾਂ ਦੀ ਤੇ ਹਰ ਇੱਕ ਦੀ ਖ਼ੈਰ ਸੁੱਖ ਮੰਗਦੀ ਟੀ. ਵੀ. 'ਤੇ ਆਉਂਦੇ ਬਾਬਿਆਂ ਸੰਤਾਂ ਮਹੰਤਾਂ ਤੋਂ ਸਾਰੀ ਖ਼ਲਕਤ ਦਾ ਭਲਾ ਮੰਗਦੀ ਹੱਥ ਜੋੜਦੀ ਨਮਸਕਾਰ ਕਰਦੀ ਰਹਿੰਦੀ। ਉਨ੍ਹਾਂ ਦੇ

ਵਾਪਸ ਮੁੜਨ ਤੇ ਉਨ੍ਹਾਂ ਦੇ ਚਿਹਰੇ ਪੜ੍ਹਦੀ ਸਾਰੇ ਦਿਨ ਦਾ ਲੇਖਾ ਜੋਖਾ ਕਰ ਲੈਂਦੀ।

ਦਾਦੀ ਮਾਂ ਬੱਚਿਆਂ ਨੂੰ ਬੜੇ ਪ੍ਰੇਮ ਨਾਲ ਜਗਾਉਂਦੀ। ਧੁੱਪੇ ਬਿਠਾ ਕੇ ਦੋਹਾਂ ਨੂੰ ਮਾਲਸ਼ ਕਰਦੀ, ਬਾਥ ਰੂਮ ਵਿਚ ਨਹਾਉਂਦੀ, ਤੜਾਗੀਆਂ ਨਿਹਾਰਦੀ, ਲੋਰੀਆਂ ਦਿੰਦੀ, ਗੀਤ ਸੁਣਾਉਂਦੀ, ਬਾਤਾਂ ਪਾਉਂਦੀ ਤੇ ਉਨ੍ਹਾਂ ਨੂੰ ਕੱਪੜੇ ਪਾ ਕੇ ਤਿਆਰ ਕਰ ਦਿੰਦੀ।

'ਜਾਓ ਮੇਰੇ ਲਾਲ! ਤੁਸੀਂ ਵੀ ਜਾਓ ਹੁਣ ਸਕੂਲੇ, ਪੜ੍ਹ ਲਿਖ ਕੇ ਆਪਣੇ ਪਿਉ ਦਾਦੇ ਦਾ ਨਾਮ ਰੌਸ਼ਨ ਕਰਿਓ। ਪਿੱਛੇ ਆਪਣਾ ਵਿਰਸਾ ਨਾ ਭੁੱਲਿਓ। ਗੋਰਿਆਂ ਦੀ ਸੁਹਬਤ ਤੋਂ ਤੁਹਾਨੂੰ ਰੱਬ ਬਚਾਈ ਰੱਖੇ।' ਛੋਟੇ ਜਿਹੇ ਬਸਤੇ ਉਨ੍ਹਾਂ ਦੇ ਮੋਢੇ ਪਾਕੇ ਬਾਹਰ ਨੂੰ ਇਸ਼ਾਰਾ ਕਰਦੀ।

ਗੋਡੇ ਮੁੱਢ ਬਿਠਾ ਕੇ ਉਨ੍ਹਾਂ ਦੇ ਮੂੰਹੀਂ ਚੋਗਾ ਪਾਉਂਦੀ ਛੋਟੀਆਂ ਛੋਟੀਆਂ ਗੱਲਾਂ ਕਰਦੀ ਰਹਿੰਦੀ। ਥੋੜ੍ਹੇ ਦਿਨਾਂ ਵਿਚ ਕਿੱਟੀ ਦੀ ਦੁੱਧ ਵਾਲੀ ਬੋਤਲ ਤੇ ਡਾਈਪਰ ਵੀ ਛੁਡਾ ਕੇ ਆਪਣੀ ਨੂੰਹ ਦਾ ਮਨ ਜਿੱਤ ਲਿਆ। ਬੱਚਿਆਂ ਦੇ ਖਾਣ ਤੋਂ ਕਤਰਾਉਣ ਦੀ ਸ਼ਿਕਾਇਤ ਜੋ ਡਾਕਟਰਾਂ ਦੀ ਦਵਾਈ ਵੀ ਠੀਕ ਨਹੀਂ ਸੀ ਕਰ ਸਕੀ, ਵੀ ਜਲਦੀ ਹੀ ਖ਼ਤਮ ਹੋ ਗਈ। ਦੋਵੇਂ ਬੱਚੇ ਜਿਦੋ ਜ਼ਿਦੀ ਇੱਕ ਦੂਸਰੇ ਤੋਂ ਮੂਹਰੇ ਹੋ ਕੇ ਬੁਰਕੀ ਮੂੰਹ ਵਿਚ ਪੁਆ ਲੈਂਦੇ। ਸੋਨੂੰ ਦੀਆਂ ਨਜ਼ਾਕਤਾਂ, ਨੈਣ ਨਕਸ਼ ਤੇ ਖਾਣ ਪੀਣ ਦਾ ਢੰਗ ਤਰੀਕਾ ਬਿਲਕੁਲ ਆਪਣੇ ਪਿਉ ਵਰਗਾ ਹੀ ਸੀ। ਉਹ ਚਾਂਭਲੇ ਚਾਂਭਲੇ ਦਾਦੀ ਮਾਂ ਦੇ ਪਿਆਰ ਨਾਲ ਸ਼ਰਾਰਤਾਂ ਕਰਨ ਲੱਗਦੇ। ਖਾਂਦਾ ਖਾਂਦਾ ਸੋਨੂੰ ਮੂੰਹ ਅੱਡਦਾ, ਮਾਂ ਮਿੱਠੀ ਜਿਹੀ ਝਿੜਕ ਮਾਰਦੀ ਤੇ ਫਿਰ ਕਿੱਟੀ ਵੀ ਮੂੰਹ ਅੱਡ ਕੇ ਬੁਰਕੀ ਬਾਹਰ ਕੱਢ ਦਿੰਦੀ। ਮਾਤਾ ਹੱਥ ਨਾਲ ਬੁਰਕੀ ਬੋਚਦੀ ਤੇ ਸੁੱਟਣ ਦੀ ਥਾਂ ਆਪਣੇ ਮੂੰਹ ਵਿਚ ਪਾ ਲੈਂਦੀ। ਖਾਦ ਪਦਾਰਥਾਂ ਦੇ ਥੱਲੇ ਡਿੱਗੇ ਭੋਰੇ ਟੁਕੜੇ ਚੁਣ ਕੇ ਉਨ੍ਹਾਂ ਨੂੰ ਮਿੱਠੀ ਜਿਹੀ ਘੁਰਕੀ ਮਾਰਦੀ ਆਪਣੇ ਮੂੰਹ 'ਚ ਜਜ਼ਬ ਕਰ ਲੈਂਦੀ। ਨਿਆਣੇ ਦਾਦੀ ਮਾਂ ਦੇ ਨਿੱਘ ਨਾਲ ਦੂਣੀ ਚੌਣੀ ਖਾ ਕੇ ਵੀ ਨਾ ਰੱਜਦੇ। ਕੇਲਾ, ਸੇਬ, ਸੰਤਰਾ ਤੇ ਹੋਰ ਫਲ ਅੱਧੇ ਅੱਧੇ ਖਾ ਕੇ ਸੁੱਟ ਮਾਰਦੇ। ਹੋਰ ਦੀ ਹੋਰ ਮੰਗੀ ਜਾਂਦੇ। ਮਾਤਾ ਇਹਨਾਂ ਦੇ ਛਿੱਲੜ ਤੇ ਬਚਿਆ-ਖੁਚਿਆ ਖਾ ਕੇ ਹੀ ਅੱਧੀ ਪਚੱਧੀ ਰੱਜ ਜਾਂਦੀ। ਬੱਚਿਆਂ ਦਾ ਗੂੰਹ ਮੂਤ ਪੂੰਝਣਾ, ਸਾਫ਼ ਕਰਨਾ ਤੇ ਉਨ੍ਹਾਂ ਦੀ ਜੂਠ ਪਚਾਕੇ ਮਾਰ ਮਾਰ ਸਵਾਦ ਲੈਣਾ ਉਸ ਨੂੰ ਦੁਨੀਆ ਦੀ ਕਿਸੇ ਵੀ ਵੱਡੀ ਤੋਂ ਵੱਡੀ ਨਿਆਮਤ ਨਾਲੋਂ ਮਿੱਠੀ ਤੇ ਗੁਣਕਾਰੀ ਮਹਿਸੂਸ ਹੁੰਦੀ। ਉਹ ਇਹ ਫ਼ਰਜ਼ ਨਿਭਾ ਕੇ ਖ਼ੁਸ਼ ਹੁੰਦੀ ਕੱਪੜਿਆਂ ਤੋਂ ਬਾਹਰ ਡਿੱਗ ਡਿੱਗ ਜਾਂਦੀ।

'ਬੀ ਜੀ! ਗ਼ੁੱਸਾ ਨਾ ਕਰਿਓ। ਬੱਚਿਆਂ ਦੇ ਸਾਹਮਣੇ ਥੱਲਿਓਂ ਚੁੱਕ ਕੇ ਭੋਰੇ ਕਿਣਕੇ ਖਾਂਦੇ ਵੇਖ ਕੇ ਇਹ ਵੀ ਤੁਹਾਡੀ ਰੀਸ ਕਰਨਗੇ।'

ਬਰੇਸੀ ਚਾਤਰੋ ਨੇ ਧੰਨਵਾਦ ਸ਼ਾਬਾਸ਼ ਕਹਿਣ ਦੀ ਥਾਂ ਉਸ ਨੂੰ ਨਵੀਂ ਪੱਟੀ ਪੜ੍ਹਾ ਦਿੱਤੀ। ਉਹ ਸਾਰਾ ਦਿਨ ਚੌਂਕੇ ਚੁੱਲ੍ਹੇ ਦੀ ਸੇਵਾ ਸੰਭਾਲ ਕਰਦੀ, ਪਿੰਜਰੇ ਪਈ ਤੋਤੀ ਨਾਲ ਗੱਲਾਂ ਕਰਦੀ, ਉੱਪਰੋਂ ਲੰਘਦੇ ਕਬੂਤਰਾਂ ਵਾਂਗ ਉਡਾਰੀਆਂ ਭਰਦੇ ਜਹਾਜ਼ਾਂ ਦੀ ਗਿਣਤੀ ਕਰਦੀ ਰਹਿੰਦੀ ਤੇ ਵਿਹਲੀ ਹੋ ਕੇ ਗੁਟਕਾ ਫੜ ਬੈਠਦੀ। ਟੀ. ਵੀ. ਸਾਰਾ ਦਿਨ ਉਸ ਦੇ ਮਨ ਭਾਉਂਦੇ ਰੰਗ ਬਿਰੰਗੇ ਪੰਜਾਬੀ ਪ੍ਰੋਗਰਾਮਾਂ ਨਾਲ ਉਸ ਨੂੰ ਬਹਿਲਾਉਂਦਾ ਰਹਿੰਦਾ। ਘਰ ਦੀ ਸਫ਼ਾਈ ਵੱਲ ਉਹ ਖ਼ਾਸ ਧਿਆਨ ਦਿੰਦੀ। ਪਿਛਲੇ ਪਿੰਡ ਉਹ ਪੁਰਾਣੀਆਂ ਰੱਦੀ ਵਾਲੀਆਂ ਕਿਤਾਬਾਂ, ਕਾਪੀਆਂ, ਅਖ਼ਬਾਰਾਂ, ਛਾਣ ਬੂਰਾ ਸੂੜ੍ਹਾ ਤੇ ਇਹਨਾਂ ਦੇ ਖ਼ਾਲੀ ਪਊਏ, ਅੱਧੀਏ ਬੋਤਲਾਂ ਇਕੱਠੀਆਂ ਕਰ ਕੇ ਸਾਂਭ ਸਾਂਭ ਰੱਖਦੀ ਫੇਰੀ ਵਾਲੇ ਕਬਾੜੀਏ ਨੂੰ ਉਡੀਕਦੀ ਰਹਿੰਦੀ। ਜਦੋਂ ਆ ਕੇ ਹੋਕਾ ਲਾਉਂਦਾ ਉਹ ਸਾਰੇ ਕੰਮ ਛੱਡ ਕੇ ਦੌੜੀ ਦੌੜੀ ਉਸ ਨਾਲ ਸੌਦੇ ਬਾਜ਼ੀ ਕਰਦੀ ਕੁੱਝ ਪੈਸੇ ਨਕਦ ਜਾਂ ਇਸ ਦੇ ਵੱਟੇ ਸੱਟੇ ਚਾਹ-ਪੋਣੀ, ਕੱਪ ਪਲੇਟਾਂ ਬਿੰਦੀਆਂ ਜਾਂ ਮਰੂੰਡਾ ਲੈ ਕੇ ਜਿਦ ਕਰਦੇ ਰੋਂਦੇ ਪੀਤੇ ਨੂੰ ਵਰਚਾ ਲੈਂਦੀ ਸੀ। ਪਿਛਲੀ ਗਿੱਝੀ ਹੋਈ ਉਹ ਉਨ੍ਹਾਂ ਦੀ ਤਾੜ ਰੱਖਦੀ ਪਰ ਉਹ ਕਦੇ ਨਾ ਦਿਸੇ।

ਬਰੇਸੀ ਨੇ ਸਾਰੇ ਕਮਰਿਆਂ ਵਿਚੋਂ ਕੂੜਾ-ਦਾਨ ਖ਼ਾਲੀ ਕਰ ਕੇ ਤੇ ਨਾਲ ਮਾਤਾ ਦੇ ਇਕੱਠੇ ਕੀਤੇ ਕਬਾੜ ਚੁੱਕ ਕੇ ਢੋਲ ਵਿਚ ਸੁੱਟ ਮਾਰੇ। ਸਿਟੀ ਕਮੇਟੀ ਦੀ ਮੋਟਰ ਗੱਡੀ ਢੋਲ ਖ਼ਾਲੀ ਕਰ ਕੇ ਰਾਹ ਪਈ ਵੇਖ ਕੇ ਮਾਤਾ ਦਾ ਮਨ ਘਾਊਂ ਮਾਊਂ ਕਰਨ ਲੱਗਾ।

'ਭੁੱਖੇ ਦੀ ਧੀ ਰੱਜੀ ਤੇ ਖੇਹ ਉਡਾਉਣ ਲੱਗੀ। ਇਹਨਾਂ ਟੁਕੜਿਆਂ ਦੀ ਖ਼ਾਤਰ ਅਸੀਂ ਕਿਵੇਂ ਟੋਟੇ ਟੋਟੇ ਹੋ ਕੇ ਦੇਸੀ ਪਰਦੇਸੀਂ ਟੱਕਰਾਂ ਮਾਰਦੇ ਫਿਰਦੇ ਹਾਂ ਤੇ ਇਹ ਵੇਖ ਲਾ ਕਿੱਦਾਂ ਆਫਰੀ ਫਿਰਦੀ ਆ। ਭੁੱਖੀ ਮਰੇ ਉੱਖਲੀ ਝੁਬੱਕੇ ਲਵੇ ਛੱਜ। ਮੇਰੇ ਤਾਂ ਹੱਥਾਂ 'ਚੋਂ ਅਜੇ ਗੋਹੇ ਦਾ ਰੰਗ ਵੀ ਨਹੀਂ ਲੱਥਾ ਤੇ ਇਹ ਕੀਮਤੀ ਚੀਜ਼ਾਂ ਐਵੇਂ ਸੁੱਟ ਮਾਰਦੇ ਨੇ। ਦਸ-ਦਸ ਡਾਲਰ ਟਿੱਪ ਦੇ ਛੱਡਦੇ ਨੇ।'

ਟੀ. ਵੀ. ਤੇ ਮਾਤਾ ਅਰਦਾਸ ਸਮੇਂ ਸਿਰ 'ਤੇ ਦੁਪੱਟਾ ਲੈ ਕੇ ਹੱਥ ਜੋੜਦੀ ਉੱਠ ਖਲੋਂਦੀ ਤੇ ਬੱਚਿਆਂ ਨੂੰ ਵੀ ਇਸੇ ਹਾਲਤ ਵਿਚ ਹੱਥ ਜੋੜਨ ਲਈ ਸਿੱਖਿਆ ਦਿੰਦੀ। ਬੱਚੇ ਮਾਤਾ ਤੋਂ ਜਲਦੀ ਹੀ ਅਕਲਕਾਂਦ ਆ ਗਏ। ਉਸ ਦੀਆਂ ਕਠੋਰ ਸਖ਼ਤ ਹਦਾਇਤਾਂ ਦਾ ਮੂੰਹ ਚਿੜਾਉਣ ਲੱਗੇ। ਅਰਦਾਸ ਦਾ ਸਮਾਂ ਆਉਣ 'ਤੇ ਇਸ ਸਜ਼ਾ ਤੋਂ ਡਰਦੇ ਪਾਸੇ ਖਿਸਕ ਜਾਂਦੇ। ਮਾਤਾ ਦਾ ਗੁਰਬਾਣੀ ਚੈਨਲ ਕੱਟ ਕੇ ਕਾਰਟੂਨ ਲਗਾ ਲੈਂਦੇ। ਜਦ ਕਦੇ ਉਹ ਗ਼ੁੱਸੇ ਵਿਚ ਝਿੜਕਦੀ ਤਾਂ ਉਹ ਵੀ ਅੱਗੋਂ ਉਸ ਦੀ ਨਕਲ ਸਾਂਗ ਲਗਾ ਕੇ ਚੇੜ੍ਹ ਨਾਲ ਹੱਸਦੇ। ਗੇਂਦ ਖੇਲ੍ਹਦੇ ਖੇਲ੍ਹਦੇ ਜਦ ਗੇਂਦ ਮਾਤਾ ਦੇ ਵੱਜੀ ਤਾਂ ਉਸ ਦਾ ਸਬਰ ਟੁੱਟ ਗਿਆ। ਉਸ ਦੇ ਝਿੜਕਣ ਤੇ ਬੱਚੇ ਹੋਰ ਚਿੜ ਕੇ ਉਸ ਦੇ ਗੇਂਦਾਂ ਮਾਰ-ਮਾਰ ਦੇਰ ਦੌੜ ਜਾਂਦੇ ਉਸ ਨੂੰ ਚਿੜਾਉਣ ਲੱਗੇ। ਉਸ ਦੀ ਐਨਕ ਫੜ ਕੇ ਲੁਕਾ ਲੈਂਦੇ। ਗ਼ੁਸਲਖ਼ਾਨੇ 'ਚੋਂ ਉਸ ਦੇ ਦੰਦਾਂ ਦਾ ਪੀਹੜ ਚੁੱਕ ਕੇ ਓਹਲੇ ਕਰ ਦਿੰਦੇ ਜਾਂ ਕੂੜੇ-ਕਰਕਟ ਦੇ ਢੋਲ ਵਿਚ ਸੁੱਟ ਮਾਰਦੇ। ਉਸ ਨੂੰ ਈਡੂ ਈਡੂ ਕਰਦੇ ਭਕਾਈ ਕਰਾਉਣ ਲੱਗਦੇ। ਉਹ ਮਨ ਹੀ ਮਨ ਵਿਚ ਖਿਝਦੀ ਕੁੜ੍ਹਨ ਲੱਗਦੀ।

ਇਕ ਦਿਨ ਆਪਣੇ ਬੇਟੇ ਨੂੰ ਮਿਥੇ ਸਮੇਂ ਤੋਂ ਬਹੁਤ ਦੇਰ ਪਹਿਲਾਂ ਦਰਵਾਜ਼ੇ 'ਤੇ ਵੇਖ ਕੇ ਹੈਰਾਨ ਰਹਿ ਗਈ। ਉਹ ਡਿੱਗਦਾ ਢਹਿੰਦਾ ਦਾਰੂ ਦਾ ਰੱਜਿਆ ਹੋਇਆ ਅੰਦਰ ਵੜ ਕੇ ਬਰੇਸੀ ਨੂੰ ਢੂੰਡਦਾ ਗਾਲ ਮੰਦਾ ਬੋਲਣ ਲੱਗਾ। ਮਾਤਾ ਸੁਣ ਕੇ ਬਹੁਤ ਘਬਰਾ ਗਈ। ਜਿਸ ਗੱਲ ਤੋਂ ਉਹ ਡਰਦੀ ਸੀ ਪੀਤੇ ਦਾ ਉਹੀ ਰੂਪ ਅੱਜ ਉਸ ਦੇ ਸਾਹਮਣੇ ਪ੍ਰਤੱਖ ਦਿਸ ਰਿਹਾ ਸੀ। ਇਸ ਛਿੱਟ ਦੀ ਦਾਰੂ ਦੀ ਲੱਤ ਨੇ ਉਸ ਨੂੰ ਬੱਜ ਲਗਾ ਦਿੱਤੀ ਸੀ।

'ਕਿੱਥੇ ਹਰਾਮਖ਼ੋਰ! ਸਾਲੀ ਮੇਰੀ ਬੋਤਲ ਪਤਾ ਨਹੀਂ ਕਿੱਥੇ ਸੁੱਟ ਗਈ।'

ਮਾਤਾ ਨੇ ਪਿਆਰ ਪੁਚਕਾਰ ਕੇ ਪੀਤੇ ਨੂੰ ਚੁੱਪ ਕਰਾਇਆ ਪਰ ਕਾਰਨ ਪੁੱਛਣ ਦੀ ਉਸ ਦੀ ਹਿੰਮਤ ਨਾ ਪਈ। ਉੱਠ ਕੇ ਗੁਰਬਾਣੀ ਚੈਨਲ ਲਾ ਦਿੱਤਾ ਤੇ ਵਾਗੁਰੂ ਵਾਗੁਰੂ ਕਰਨ ਲੱਗੀ।

ਓਹਲੇ ਓਹਲੇ ਬਰੇਸੀ ਤੇ ਪੀਤੇ ਦੀ ਕੁੜ-ਕੁੜ ਸ਼ੁਰੂ ਹੋ ਗਈ ਸੀ। ਝਈਆਂ ਲੈ ਲੈ ਇਕ ਦੂਜੇ ਨੂੰ ਪੈਂਦੇ ਮਾਤਾ ਵੱਲ ਇਸ਼ਾਰੇ ਕਰਦੇ ਮਾਤਾ ਨੇ ਵੇਖ ਲਏ। ਖੋਰੇ ਕਹਿੰਦੇ ਹੋਣ ਚੁੱਪ ਕਰ! ਬੀਬੀ ਵੇਖ ਸੁਣ ਰਹੀ ਹੈ। ਮਾਤਾ ਅੰਦਰੋਂ ਡਰਨ ਲੱਗੀ ਸੀ ਕਿ ਕਿਤੇ ਇਹਨਾਂ ਦਾ ਝਗੜਾ ਮੇਰੇ ਨਾਮ ਨਾ ਲੱਗ ਜਾਏ।

'ਰੱਬਾ! ਸ਼ਾਂਤੀ ਦਾ ਦਾਨ ਦੇਹ ਇਹਨਾਂ ਨੂੰ... ਸੁਮੱਤ ਬਖ਼ਸ਼।'

ਉੱਠ ਕੇ ਚਾਹ ਬਣਾਉਣ ਲੱਗੀ ਪਰ ਫਿਰ ਵਾਪਸ ਮੁੜ ਆਈ। ਇਹਨੇ ਅੰਨ੍ਹੇ ਹੋਏ ਨੇ ਚਾਹ ਕੀ ਪੀਣੀ? ਉਹ ਹਉਕੇ ਭਰਦੀ ਉਸ ਦਾ ਮੋਢਾ ਫੜ ਬੈਠੀ। ਕੁੱਝ ਕਹਿਣਾ ਸਮਝਾਉਣ ਚਾਹੁੰਦੀ ਸੀ ਪਰ ਕਹਿਣ ਵਾਲੇ ਬੋਲ ਉਸ ਦੀ ਸੰਘੀ ਅੰਦਰ ਹੀ ਨਪੀੜੇ ਗਏ। ਪੀਤਾ ਫਿਰ ਲਾਲੋ ਲਾਲ ਹੋਇਆ ਬਰੇਸੀ ਦੇ ਨਾਮ 'ਤੇ ਬਕੜਵਾਹ ਕਰਨ ਲੱਗਾ। ਬਾਹਰ ਨਿਕਲ ਕੇ ਕਾਰ ਦੀ ਡਿੱਗੀ 'ਚੋਂ ਬੋਤਲ ਕੱਢ ਲਿਆਇਆ ਟੀ. ਵੀ. ਸਾਹਮਣੇ ਬੈਠ ਗਿਆ। ਗਲਾਸੀ ਭਰ ਕੇ ਟੀ. ਵੀ. ਵਾਲੇ ਵਾਧਰੇ 'ਤੇ ਟਿਕਾ ਦਿੱਤੀ। ਪੈਰ ਟੀ. ਵੀ. ਦੀ ਸਕਰੀਨ ਨਾਲ ਅਟਕਾ ਲਏ ਵੇਖ ਕੇ ਮਾਤਾ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ।

'ਵੇ ਪੁੱਤਰ! ਏਨਾ ਪਾਪ ਨਾ ਚੜ੍ਹਾ। ਇਹ ਤਾਂ ਬੜੀ ਕਰੋਪੀ ਹੁੰਦੀ ਆ। ਲੋਕ ਇਹਨੂੰ ਮੱਥਾ ਟੇਕਦੇ, ਸਿਰ ਨਿਵਾਉਂਦੇ ਨੇ ਤੇ ਤੂੰ ਉਹਨੂੰ ਪੈਰ ਛੂਹਾ ਰਿਹੈਂ! ਜੀਹਦੇ ਵਿਚੋਂ ਬਾਬਾ ਦਰਸ਼ਨ ਦਿੰਦਾ ਹੈ।'



'ਉਹੋ! ਸੌਰੀ।' ਪੀਤੇ ਨੇ ਮੁਆਫ਼ੀ ਮੰਗ ਕੇ ਮਾਤਾ ਦੀ ਸ਼ਰਧਾ ਦਾ ਸਤਿਕਾਰ ਕਰਦੇ ਪੈਰ ਥੱਲੇ ਉਤਾਰ ਲਏ।

ਇਕ ਦਿਨ ਆਪਣਾ ਦੰਦਾਂ ਵਾਲਾ ਬੁਰਸ਼ ਕੂੜੇ ਵਾਲੇ ਢੋਲ ਵਿਚ ਵੇਖ ਕੇ ਮਾਤਾ ਸੁੰਡੀ ਵਾਂਗ ਤੜਫ਼ ਉੱਠੀ। ਨੂੰਹ ਨੇ ਸਮਝਾਉਣ ਦੀ ਕੋਸ਼ਸ਼ ਕੀਤੀ।

'ਮਾਤਾ ਜੀ! ਇਹ ਬੁਰਸ਼ ਪੁਰਾਣਾ ਹੋ ਗਿਆ ਸੀ, ਮੈਂ ਤੁਹਾਨੂੰ ਨਵਾਂ ਦੇ ਦਿੱਤਾ ਹੈ... ਤੁਹਾਡੇ ਮੂੰਹ 'ਚੋਂ ਬਦਬੂ ਆਉਣ ਲੱਗੀ ਸੀ।'

'ਤੇ ਪੁੱਤ। ਪੁਰਾਣੇ ਏਦਾਂ ਕੂੜੇ ਕਰਕਟ ਵਿਚ ਸੁੱਟ ਪਾਈਦੇ ਨੇ? ਮੇਰਾ ਤਾਂ ਅਜੇ ਚੰਗਾ ਭਲਾ ਕੰਮ ਤੁਰਿਆ ਜਾਂਦਾ ਸੀ... ਕੀੜੇ ਪਏ ਹੋਏ ਨੇ ਮੇਰੇ ਮੂੰਹ 'ਚ?'

ਅਖੀਰਲੇ ਬੋਲ ਦਾੜ੍ਹਾਂ ਥੱਲੇ ਨੱਪ ਕੇ ਆਪਣੇ ਆਪ ਨੂੰ ਅੰਦਰੋਂ ਅੰਦਰ ਭੱਦੀਆਂ ਗੰਦੀਆਂ ਗਾਲ੍ਹਾਂ ਕੱਢਦੀ ਆਪਣਾ ਗੁੱਸਾ ਠੰਢਾ ਕੀਤਾ। ਇਸ ਅਪਮਾਨ ਤੇ ਤ੍ਰਿਸਕਾਰ ਨੇ ਬੁਢਾਪੇ ਦੀਆਂ ਤਰਕਾਲ੍ਹਾਂ ਦੀ ਅਗਾਊਂ ਖ਼ਤਰੇ ਦੀ ਘੰਟੀ ਵਜਾ ਦਿੱਤੀ। ਅਜਿਹੀ ਮੰਦਹਾਲੀ ਆਪਣੇ ਹੱਡਾਂ 'ਤੇ ਹੰਢਾਉਂਦੀ ਜਲਦੀ ਹੀ ਉਹ ਮੂੰਹ ਮੋੜਨ ਲੱਗੀ। ਅਮਰੀਕਾ ਦੀ ਸੁਹਬਤ ਹੌਲੀ ਹੌਲੀ ਰੰਗ ਦਿਖਾਉਣ ਲੱਗੀ। ਪਿਛਲੇ ਨੌਕਰ ਚਾਕਰ ਤੇ ਕੰਮੀ ਕਮੀਣ ਉਸ ਦੇ ਚੇਤੇ ਆਉਣ ਲੱਗੇ। ਉਸ ਨੂੰ ਤੋਰਦੇ ਸਮੇਂ ਸਾਰੇ ਅੱਖਾਂ ਭਰ ਕੇ ਰੋਏ ਸਨ ਤੇ ਉਹਨੇ ਉਨ੍ਹਾਂ ਨੂੰ ਦਸ ਵੀਹ ਸੌ ਪੰਜਾਹ ਦੇ ਨੋਟ ਫੜਾਉਂਦਿਆਂ ਚੁੱਪ ਕਰਾਉਂਦਿਆਂ ਹਾਸਾ ਬਿਖੇਰ ਦਿੱਤਾ ਸੀ।

'ਤੁਸੀਂ ਨਾ ਰੋਵੋ! ਰੋਣਾ ਤਾਂ ਮੈਨੂੰ ਚਾਹੀਦਾ, ਜੋ ਜਾ ਕੇ ਮੈਨੂੰ ਵੀ ਤੁਹਾਡੇ ਵਾਲਾ ਕੰਮ ਕਰਨਾ ਪੈਣਾ ਹੈ।' ਲੋਕਾਂ ਦੀਆਂ ਸੁਣੀਆਂ ਸੁਣਾਈਆਂ ਸੁਣਾ ਕੇ ਗੱਲ ਹਾਸੇ ਪਾ ਦਿੱਤੀ ਸੀ।

ਬਾਹਰੋਂ ਅੰਦਰ ਵੜਦੀ ਬਰੇਸੀ ਨੇ ਮਾਤਾ ਦਾ ਮੂੰਹ ਹਿੱਲਦਾ ਵੇਖ ਕੇ ਆਪਣਾ ਮੂੰਹ ਵੱਟ ਲਿਆ। ਮਾਤਾ ਨੇ ਰੋਜ਼ ਵਾਂਗ ਉੱਠ ਕੇ ਗੈਸ ਚਲਾਇਆ ਤੇ ਉਸ ਵਾਸਤੇ ਚਾਹ ਧਰ ਦਿੱਤੀ। ਬਰੇਸੀ ਦੇ ਚੇਂਜ ਕਰ ਕੇ ਮੁੜਨ ਤੱਕ ਮਾਤਾ ਦਰੀ 'ਤੇ ਡਿੱਗੇ ਨਿਆਣਿਆਂ ਦੀ ਛੱਡੀ ਜੂਠ ਮੀਠ ਭੋਰੇ ਤੇ ਕਿਣਕੇ ਚੁਣ ਚੁਣ ਦਰੀ ਸਾਫ਼ ਕਰ ਰਹੀ ਸੀ।

'ਮੈਂ ਚਾਹ ਨਹੀਂ ਪੀਣੀ।' ਬਰੇਸੀ ਦਾ ਖ਼ੁਸ਼ਕ ਰੁੱਖਾ ਜੁਆਬ ਸੁਣ ਕੇ ਮਾਤਾ ਦੇ ਹੱਥ ਦਾ ਕੱਪ ਥਿੜਕ ਗਿਆ।

ਸਾਫ਼ ਕੀਤੇ ਹੋਏ ਭਾਂਡੇ ਫੜ ਕੇ ਦੋਬਾਰਾ ਧੋਣ ਲੱਗੀ ਜਿਵੇਂ ਕਹਿ ਰਹੀ ਹੋਵੇ ਇਹ ਚੰਗੀ ਤਰ੍ਹਾਂ ਨਹੀਂ ਧੋਤੇ।

'ਕੋਹ ਨਾ ਤੁਰੀ ਤੇ ਬਾਬਾ ਤਿਹਾਈ!' ਨੂੰਹ ਦੇ ਬਦਲੇ ਹੋਏ ਵਰਤਾਰੇ ਵੇਖ ਕੇ ਮਾਤਾ ਨੂੰ ਚਿੰਤਾ ਜਿਹੀ ਹੋ ਗਈ।

'ਕੀ ਗੱਲ ਬੇਟਾ! ਅੱਜ ਕੁਛ ਅਵਾਜ਼ਾਰ ਜਿਹੀ ਲੱਗਦੀ ਏਂ।'

'ਨਾ ਬੀ ਜੀ! ਜੀ ਸਭ ਠੀਕ ਹੈ।' ਉਸ ਨੇ ਨਕਲੀ ਜਿਹੀ ਹਾਸੀ ਹੱਸਦੇ ਮਾਂ ਨੂੰ ਚੁੱਪ ਕਰਾ ਦਿੱਤਾ ਤੇ ਨਿਆਣੇ ਖਿੱਚ ਕੇ ਪਰੇ ਲੈ ਗਈ।

'ਮੈਂ ਕਿਹਾ ਤੁਹਾਡੀ ਮਦਦ ਕਰ ਦਿਆਂ... ਤੁਹਾਨੂੰ ਕੰਮ ਕੁੱਝ ਜ਼ਿਆਦਾ ਕਰਨਾ ਪੈਂਦਾ ਹੈ ਨਾ।'

ਮਾਂ ਦੇ ਕਲੇਜੇ ਇਕ ਵਹਿਮ ਜਿਹਾ ਦੜ ਗਿਆ। ਉਹ ਚੁੱਪ ਚੁਪੀਤੀ ਗੁੰਮ ਜਿਹੀ ਹੋ ਗਈ। ਪ੍ਰੈੱਸ ਕਰਦੀ ਤੋਂ ਉਸ ਦੀ ਸਲਵਾਰ ਦਾ ਸੜਿਆ ਪੌਂਚਾ ਜਦ ਉਹ ਦੇਖੇਗੀ ਤਾਂ ਪਤਾ ਨਹੀਂ ਕੀ ਤੂਫ਼ਾਨ ਮਚਾਏਗੀ। ਜ਼ਰੂਰ ਕਹੇਗੀ ਬੁਢੜੀ ਨੇ ਮੇਰਾ ਕੀਮਤੀ ਸੂਟ ਰੱਦੀ ਕਰ ਦਿੱਤਾ ਹੈ!

ਵਾਪਸੀ ਘਰ ਦੇ ਦਰਵਾਜ਼ੇ ਮੂਹਰੇ ਪਹੁੰਚਣ ਤੱਕ ਮਾਤਾ ਦਾ ਮਨ ਡੁੱਬਣ ਲੱਗਾ। ਨੂੰਹ ਤੇ ਬੱਚਿਆਂ ਦੇ ਰੋਜ਼ ਬਦਲਦੇ ਵਤੀਰੇ ਤੇ ਭੰਨ ਤੋੜ ਉਸ ਦੀਆਂ ਅੱਖਾਂ ਵਿਚ ਸਿੰਮ ਕੇ ਕਈ ਇਬਾਰਤਾਂ ਲਿਖ ਗਏ।

'ਕਿੱਥੇ ਡੁੱਬ ਗਈ ਮਾਤਾ! ਕਿਨ੍ਹਾਂ ਵਹਿਣਾਂ ਵਿਚ? ਤੂੰ ਭੋਰਾ ਫ਼ਿਕਰ ਨਾ ਕਰ। ਤੈਨੂੰ ਉੱਥੇ ਨਹੀਂ ਭੇਜਦਾ। ਤੇਰੀ ਮੂੰਹੋਂ ਕੱਢੀ ਹਰ ਖ਼ਾਹਿਸ਼ ਪੂਰੀ ਕਰੇਗਾ ਤੇਰਾ ਇਹ ਪਤੰਦਰ... ਤੂੰ ਹੁਕਮ ਕਰ ਕੇ ਵੇਖ।' ਕਾਰ ਵਿਚੋਂ ਮੋਢਾ ਹਲੂਣਦੇ ਪੀਤੇ ਨੇ ਮਾਤਾ ਨੂੰ ਬਾਂਹਾਂ ਵਿਚ ਘੁੱਟ ਕੇ ਹੇਠਾਂ ਉਤਾਰ ਲਿਆ।

'ਇੱਥੇ ਨੂੰਹਾਂ ਦੇ ਘਰ ਹੁੰਦੇ ਨੇ, ਸੱਸਾਂ ਦੇ ਨਹੀਂ... ਸੱਸਾਂ ਦੇ ਤਾਂ...।' ਉਸ ਦੇ ਪੈਰ ਅਟਕ ਗਏ।

'ਪੁੱਤ ਜੇ ਆਖ਼ਰ ਉੱਥੇ ਹੀ ਜਾਣਾ ਪੈਣਾ ਹੈ ਤਾਂ ਉਹ ਭਜਨੀ ਦੇ ਨਾਲ ਵਾਲਾ ਬੈੱਡ ਤਾਂ ਖ਼ਾਲੀ ਹੋਣ ਵਾਲਾ ਹੈ। ਘੋਰੜੂ ਵੱਜ ਰਿਹਾ ਸੀ। ਹੁਣੇ ਮੇਰੇ ਲਈ ਰਾਖਵਾਂ ਰਖਵਾ ਲੈ। ਵਾਹਵਾ ਸੁਹਣਾ ਹਵਾਦਾਰ ਹੈ ਤਾਕੀ ਦੇ ਕੋਲ।' ਝਕਦੀ-ਝਕਦੀ ਮਾਤਾ ਨੇ ਤਰਲਾ ਜਿਹਾ ਕਰ ਕੇ ਕੇ ਪੁੱਤਰ ਦੀਆਂ ਨਜ਼ਰਾਂ 'ਚੋਂ ਨਜ਼ਰਾਂ ਚੁਰਾ ਕੇ ਅੰਦਰਲੀ ਖ਼ਾਹਿਸ਼ ਪ੍ਰਗਟ ਕਰ ਦਿੱਤੀ। ❞



# ਨਵਾਂ ਦਹੇਜ

**ਜਗਦੀਪ ਸਿੰਘ 'ਦੀਪ'**
ਪਿੰਡ- ਕੋਟੜਾ ਲਹਿਲ ਜ਼ਿਲ੍ਹਾ- ਸੰਗਰੂਰ
98760-04714

ਦੋਹਾਂ ਪਿੰਡਾਂ ਦੀ ਪੰਚਾਇਤ ਜੁੜੀ ਬੈਠੀ ਸੀ ਭਾਵੇਂ ਉਹਨਾਂ ਦਾ ਤਲਾਕ ਅਦਾਲਤ ਵਿੱਚ ਹੋ ਚੁੱਕਾ ਸੀ। ਹੁਣ ਪੰਚਾਇਤ ਜਾਇਦਾਦ ਦੀ ਵੰਡ ਕਰ ਰਹੀ ਸੀ। ਗੁਰਪਾਲ ਵਿਚਕਾਰ ਨੀਵੀਂ ਭਾਈ ਬੈਠਾ ਸਿਰਫ਼ ਸਿਰ ਹਿਲਾਈ ਜਾ ਰਿਹਾ ਸੀ। ਪੰਚ ਜਿਵੇਂ ਵੀ ਫ਼ੈਸਲਾ ਕਰਦੇ ਉਹ ਸਿਰ ਹਿਲਾ ਕੇ ਮਨਜ਼ੂਰ ਕਰ ਲੈਂਦਾ ਕਦੀ ਕਿਸੇ ਫ਼ੈਸਲੇ ਦਾ ਮੋੜ ਮਾ ਜਵਾਬ ਨਾ ਦਿੰਦਾ ਜਾਪਦਾ ਸੀ ਜਿਵੇਂ ਉਸ ਦੇ ਅੰਦਰੋਂ ਪਹਿਲਾਂ ਹੀ ਬਹੁਤ ਕੁਝ ਲੁੱਟਿਆ ਗਿਆ ਹੋਵੇ। ਉਸ ਦੇ ਸੁਪਨੇ ਸੱਧਰਾਂ ਸਾਰੇ ਖੇਰੂੰ-ਖੇਰੂੰ ਹੋ ਗਏ ਹੋਣ ਤੇ ਹੁਣ ਉਸ ਨੂੰ ਆਪਣੀ ਜਾਇਦਾਦ ਜਾਂ ਪੈਸਾ ਲੁੱਟੇ ਜਾਣ ਨਾਲ ਕੋਈ ਫ਼ਰਕ ਹੀ ਨਾ ਪੈਂਦਾ ਹੋਵੇ।

ਜ਼ਮੀਨ ਦੇ ਪੰਜ ਕਿਲਿਆਂ ਵਿੱਚੋਂ ਦੋ ਕਿੱਲੇ ਅਤੇ ਘਰ ਦੇ ਬਦਲੇ ਸੱਤ ਲੱਖ ਰੁਪਏ ਗੁਰਪਾਲ ਦੁਆਰਾ ਆਪਣੀ ਪੂਰਵ ਪਤਨੀ ਨੂੰ ਦਿੱਤੇ ਜਾਣ ਦਾ ਫ਼ੈਸਲਾ ਹੋਇਆ। ਅਜੇ ਹੋਰ ਕਿੰਨਾ ਹੀ ਕੁਝ ਅਜੇ ਬਾਕੀ ਸੀ ਜਿਸ ਦਾ ਫ਼ੈਸਲਾ ਹੋਣਾ ਸੀ ਟਰੈਕਟਰ , ਸ਼ਹਿਰ ਦਾ ਪਲਾਟ ਹੋਰ ਸੰਦ ਸੰਦੇੜਾ ਅਤੇ ਨਿੱਕ-ਸੁੱਕ ਇੱਕ ਪਾਸੇ ਅਲਾਣੀ ਜਿਹੀ ਮੰਜੀ ਤੇ ਬੈਠੇ ਉਸ ਦੇ ਬੇਬੇ ਬਾਪੂ ਰੋਈ ਜਾ ਰਹੇ ਸੀ ਜਿੰਨਾ ਆਪਣੀ ਸਾਰੀ ਉਮਰ ਗਾਲ਼ ਕੇ ਮਿਹਨਤਾਂ ਮੁਸ਼ੱਕਤਾਂ ਕਰ ਇਹ ਘਰ ਅਤੇ ਜਾਇਦਾਦ ਬਣਾਈ ਸੀ ਅਤੇ ਅੱਜ ਪਲਾਂ ਛਣਾ ਵਿੱਚ ਹੀ ਉਹਨਾਂ ਦਾ ਸਭ ਕੁਝ ਲੁੱਟਿਆ ਜਾ ਰਿਹਾ ਸੀ।

ਐਨੇ ਨੂੰ ਦੁਪਹਿਰ ਦੀ ਰੋਟੀ ਲਈ ਪੰਚਾਇਤ ਵਿੱਛੜ ਗਈ ਅਤੇ ਡੇਢ ਘੰਟੇ ਬਾਅਦ ਦੁਬਾਰਾ ਜੁੜ ਬੈਠਣ ਦਾ ਫ਼ੈਸਲਾ ਹੋਇਆ ਗੁਰਪਾਲ ਦਾ ਕੁਝ ਵੀ ਖਾਣ ਜਾਂ ਪੀਣ ਨੂੰ ਦਿਲ ਨਹੀਂ ਸੀ ਕਰ ਰਿਹਾ। ਜਿਸ ਦਾ ਜਹਾਨ ਹੀ ਲੁੱਟਿਆ ਜਾ ਰਿਹਾ ਹੋਵੇ ਉਸ ਦੇ ਟੁੱਕ ਦੀ ਗਰਾਹੀ ਸੰਘ ਹੇਠੋਂ ਲੰਘ ਵੀ ਕਿੱਦਾਂ ਸਕਦੀ ਹੈ ਇਸ ਲਈ ਉਹ ਚੁਬਾਰੇ ਦੇ ਕਮਰੇ ਵਿੱਚ ਕੁੰਡੀ ਲਾ ਕੇ ਅੱਖਾਂ ਬੰਦ ਕਰਕੇ ਲੇਟ ਗਿਆ। ਉਸ ਦੀਆਂ ਅੱਖਾਂ ਵਿੱਚੋਂ ਦੋ ਹੰਝੂ ਵਹਿ ਤੁਰੇ ਅਤੇ ਕੰਨਾਂ ਕੋਲ ਜਾ ਕੇ ਰੁਕ ਗਏ। ਉਹ ਪਿਆ-ਪਿਆ ਉਹਨਾਂ ਦਿਨਾਂ ਨੂੰ ਯਾਦ ਕਰਨ ਲੱਗਾ ਜਦੋਂ ਰਾਜਵੀਰ ਨੂੰ ਉਸ ਨੇ ਪਹਿਲੀ ਵਾਰ ਇੱਕ ਵਿਆਹ ਵਿੱਚ ਦੇਖਿਆ ਸੀ ਅਤੇ ਬਸ ਦੇਖਦਾ ਹੀ ਰਹਿ ਗਿਆ ਸੀ।ਉਸ ਨੂੰ ਉਹ ਬੜੀ ਸਾਊ ਸੁਚੱਜੀ ਅਤੇ ਸੁਨੱਖੀ ਲੱਗੀ ਸੀ। ਫਿਰ ਉਸ ਨੇ ਉਸ ਦਾ ਪਤਾ ਠਿਕਾਣਾ ਪਤਾ ਕਰਕੇ ਕਿੰਨੀ ਰੀਝ ਨਾਲ ਭੂਆ ਰਾਹੀਂ ਰਿਸ਼ਤਾ ਭੇਜਿਆ ਸੀ। ਭੂਆ ਨੇ ਉਹਨਾਂ ਕੋਲ਼ ਦੇਣ-ਲੈਣ ਨੂੰ ਕੁਝ ਵੀ ਨਹੀਂ ਕਹਿ ਕੇ ਉਸ ਨੂੰ ਸਮਝਾਉਣ ਦੀ ਬੜੀ ਕੋਸ਼ਸ਼ ਕੀਤੀ ਸੀ ਪਰ ਗੁਰਪਾਲ ਨੇ ਆਪਾਂ ਕੁਝ ਨਹੀਂ ਲੈਣਾ ਭੂਆ ਜੀ, ਵੈਸੇ ਵੀ ਦਹੇਜ ਲੈਣਾ ਜਾਂ ਦੇਣਾ ਮੇਰੇ ਅਸੂਲਾਂ ਦੇ ਖ਼ਿਲਾਫ਼ ਹੈ ਕਹਿ ਕੇ ਗੱਲ ਅੱਗੇ ਤੋਰਨ ਲਈ ਆਖ ਦਿੱਤਾ ਸੀ।

ਜਲਦੀ ਹੀ ਦੋਵਾਂ ਦਾ ਵਿਆਹ ਬੜੇ ਸਾਦੇ ਤੇ ਸੁਚੱਜੇ ਢੰਗ ਨਾਲ ਹੋਇਆ ਸੀ ਫਿਰ ਵੀ ਜੋ ਜੋ ਵੀ ਖ਼ਰਚ ਹੋਇਆ ਸੀ ਉਸ ਵਿੱਚੋਂ ਜ਼ਿਆਦਾਤਰ ਗੁਰਪਾਲ ਨੇ ਆਪ ਹੀ ਕੀਤਾ ਸੀ ਲੋਕ ਖ਼ੁਸ਼ ਹੋ ਗਏ ਸੀ ਉਹਨਾਂ ਦਾ ਅਜਿਹਾ ਵਿਆਹ ਲੋਕਾਂ ਲਈ ਮਿਸਾਲ ਬਣ ਗਿਆ ਸੀ।

ਪਹਿਲਾਂ ਪਹਿਲ ਤੇ ਬੜੇ ਸੋਹਣੇ ਦਿਨ ਲੰਘਣ ਲੱਗੇ ਰਾਜਵੀਰ ਵੀ ਭੱਜ-ਭੱਜ ਆਪਣੀ ਸੱਸ ਨਾਲ ਕੰਮ ਕਰਾਉਂਦੀ ਅਤੇ ਸਭ ਦਾ ਸਤਿਕਾਰ ਕਰਦੀ ਬਦਲੇ ਵਿੱਚ ਸਾਰਾ ਪਰਿਵਾਰ ਹੀ ਉਸ ਤੋਂ ਬੜਾ ਪਿਆਰ ਲੁਟਾਉਂਦਾ। ਲੱਗਦੀ ਵਾਹ ਉਸ ਨੂੰ ਕਿਸੇ ਚੀਜ਼ ਦੀ ਕਮੀ ਮਹਿਸੂਸ ਨਾ ਹੋਣ ਦਿੱਤੀ ਜਾਂਦੀ। ਪਰ ਛੇ ਕੁ ਮਹੀਨੇ ਬਾਅਦ ਉਸ ਦੇ ਰਵੱਈਏ ਵਿੱਚ ਅਚਾਨਕ ਬਦਲਾ ਆਉਣਾ ਸ਼ੁਰੂ ਹੋ ਗਿਆ। ਜਿਵੇਂ ਕੋਈ ਉਸ ਨੂੰ ਸਿਖਾ ਰਿਹਾ ਹੋਵੇ ਸਾਰੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੇ ਰਾਜਵੀਰ ਨੂੰ ਸਮਝਾਉਣ ਦੀ ਬੜੀ ਕੋਸ਼ਸ਼ ਕੀਤੀ ਪਰ ਸਭ ਵਿਅਰਥ ਗੱਲ ਦਿਨੋਂ ਦਿਨ ਵਿਗੜਦੀ ਗਈ ਹੀ ਚਲੀ ਗਈ ਨਿੱਤ-ਨਿੱਤ ਦੇ ਇਸ ਕਾਟੋ-ਕਲੇਸ਼ ਤੋਂ ਤੰਗ ਆ ਕੇ ਹੁਣ ਗੁਰਪਾਲ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਤੇ ਇੱਕ ਦਿਨ ਉਹ ਨਸ਼ੇ ਵਿੱਚ ਰਾਜਵੀਰ ਉੱਤੇ ਹੱਥ ਵੀ ਚੁੱਕ ਬੈਠਾ ਸੀ। ਉਸ ਰਾਤ ਉਹ ਸਾਰੀ ਰਾਤ ਖੇਤ ਬੈਠਾ ਰੋਂਦਾ ਰਿਹਾ। ਰਾਜਵੀਰ ਆਪਣੇ ਪੇਕੇ ਜਾ ਕੇ ਬੈਠ ਗਈ। ਗੁਰਪਾਲ ਉਸ ਨੂੰ ਲੈਣ ਵੀ ਗਿਆ, ਮਾਫ਼ੀ ਵੀ ਮੰਗੀ ਪਰ ਸਭ ਵਿਅਰਥ ਉਹ ਨਹੀਂ ਆਈ। ਉਹਨਾਂ ਦੇ ਵਿਚਾਲੇ ਗੱਲ ਸੁਲਝਾਉਣ ਵਾਲਿਆਂ ਵਿੱਚੋਂ ਵੀ ਸਵਾਰਨ ਵਾਲੇ ਘੱਟ ਅਤੇ ਵਿਗਾੜਨ ਵਾਲੇ ਜ਼ਿਆਦਾ ਸਨ। ਸਭ ਆਪਣੇ-ਆਪਣੇ ਹਿਸਾਬ ਨਾਲ ਆਪੋ-ਆਪਣੇ ਲਾਲਚ ਵਿੱਚ ਲੱਗੇ ਹੋਏ ਸੀ ਤੇ ਗੱਲ ਹੁੰਦੀ-ਹੁੰਦੀ ਤਲਾਕ ਤੱਕ ਜਾ ਪਹੁੰਚੀ। ਜੋ ਗੁਰਪਾਲ ਕਦੇ ਵੀ ਨਹੀਂ ਚਾਹੁੰਦਾ ਸੀ ਪਰ ਉਹ ਬੇਵੱਸ ਸੀ ਚਾਹ ਕੇ ਵੀ ਕੁਝ ਨਹੀਂ ਸੀ ਕਰ ਸਕਿਆ। ਉਸ ਉੱਪਰ ਦਹੇਜ ਲੈਣ, ਘਰੇਲੂ ਹਿੰਸਾ ਤੇ ਹੋਰ ਪਤਾ ਨਹੀਂ ਕੀ ਇਲਜ਼ਾਮ ਲੱਗੇ ਤੇ ਇਹ ਸਭ ਰਾਜਵੀਰ ਨੇ ਅਦਾਲਤ ਵਿੱਚ ਚੀਕ-ਚੀਕ ਕੇ ਕਿਹਾ ਸੀ। ਉਹ ਚੀਕਾਂ ਅਜੇ ਵੀ ਉਸ ਦੇ ਕੰਨਾਂ ਵਿੱਚ ਗੂੰਜ ਰਹੀਆਂ ਸਨ। ਤਦੇ ਹੀ ਬਾਹਰੋਂ ਆਉਂਦੀਆਂ ਆਵਾਜ਼ਾਂ ਨੇ ਉਸ ਦਾ ਧਿਆਨ ਤੋੜਿਆ। ਉਹ ਖਿੜਕੀ ਵਿੱਚ ਜਾ ਕੇ ਖਲੋ ਗਿਆ ਉਸ ਦੇਖਿਆ ਕਿ ਵਿਦਿਆਰਥੀ ਆਪਣੇ ਅਧਿਆਪਕਾਂ ਨਾਲ ਰਲ ਕੇ ਇੱਕ ਰੈਲੀ ਕਰ ਰਹੇ ਸਨ ਅਤੇ ਉੱਚੀ ਉੱਚੀ ਨਾਰੇ ਲਾ ਰਹੇ ਸਨ ...ਦਾਜ ਲੈਣਾ ਪਾਪ ਹੈ..... ਦਾਜ ਇਕ ਸਰਾਪ ਹੈ.... ਦਾਜ ਸਾਡੇ ਸਮਾਜ ਉੱਪਰ ਕਲੰਕ ਹੈ....ਆਓ ਰਲ਼ ਇਸ ਨੂੰ ਜੜ੍ਹੋਂ ਖ਼ਤਮ ਕਰੀਏ....। ਉਹ ਇਹ ਸਭ ਦੇਖ ਕੇ ਉੱਨੀ ਪੈਰੀਂ ਵਾਪਸ ਮੁੜ ਆਇਆ ਤੇ ਫਿਰ ਆਪਣੇ ਮੰਜੇ ਉੱਪਰ ਲੇਟ ਗਿਆ ਉਸ ਨੂੰ ਆਪਣੇ ਸਕੂਲ ਦੇ ਦਿਨ ਯਾਦ ਆ ਗਏ ਜਦੋਂ ਮਾਸਟਰ ਜੀ ਨੇ ਉਹਨਾਂ ਨੂੰ ਦੱਸਿਆ ਸੀ ਕਿ ਦਾਜ ਕੀ ਹੁੰਦਾ ਹੈ? ਦਾਜ ਲੈਣਾ ਬੁਰੀ ਗੱਲ ਹੁੰਦੀ ਹੈ... ਤੇ ਕਿਵੇਂ ਇਹ ਕੰਨਿਆ ਭਰੂਣ ਹੱਤਿਆ ਅਤੇ ਦੁਲਹਨਾ ਦੀ ਮੌਤ ਦਾ ਕਾਰਨ ਬਣਦਾ ਹੈ। ਉਸੇ ਦਿਨ ਤੋਂ ਗੁਰਪਾਲ ਨੇ ਪ੍ਰਣ ਕਰ ਲਿਆ ਸੀ ਕਿ ਉਹ ਆਪਣੇ ਵਿਆਹ ਦੇ ਸਮੇਂ ਦਾਜ ਨਹੀਂ ਲਵੇਗਾ ਅਤੇ ਉਸ ਨੇ ਕੀਤਾ ਵੀ ਇਸੇ ਤਰ੍ਹਾਂ ਪਰ ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ

ਜੋ ਉਸ ਨਾਲ ਹੋਈ ਤੇ ਜਿਹੜਾ ਇਹ ਨਵਾਂ ਦਹੇਜ ਉਸ ਦੇ ਮੱਥੇ ਮੜ੍ਹਿਆ ਜਾ ਰਿਹਾ ਸੀ। ਉਸ ਬਾਰੇ ਨਾ ਤਾਂ ਕਿਸੇ ਮਾਸਟਰ ਨੇ ਦੱਸਿਆ ਨਾ ਹੀ ਕਿਸੇ ਕਿਤਾਬ ਨੇ। ਉਸ ਦੇ ਦਾਜ ਨਾ ਲੈਣ ਦੇ ਬਾਵਜੂਦ ਵੀ ਉਸ ਦੀ ਪਤਨੀ ਅੱਧੀ ਜਾਇਦਾਦ ਲੈ ਗਈ ਸੀ। ਬਿਨਾਂ ਕਿਸੇ ਕਸੂਰੋਂ ਉਹ ਹਰ ਤਰ੍ਹਾਂ ਨਾਲ ਲੁੱਟਿਆ ਗਿਆ ਸੀ।

ਐਨੇ ਨੂੰ ਬਾਹਰੋਂ ਕੁੰਡੀ ਖੜਕੀ ਜਿਸ ਨੇ ਉਸ ਦਾ ਉਸ ਦੇ ਖ਼ਿਆਲਾਂ ਦੇ ਵਹਿਣ ਨੂੰ ਤੋੜਿਆ। ਬਾਹਰੋਂ ਆਈ ਆਵਾਜ਼ ਨੇ ਦੱਸਿਆ ਕਿ ਪੰਚਾਇਤ ਆ ਚੁੱਕੀ ਹੈ ਤੇ ਉਸ ਦੀ ਉਡੀਕ ਹੋ ਰਹੀ ਹੈ... ਆਇਆ..... ਕਹਿ ਕੇ ਉਸ ਅੱਖਾਂ ਪੂੰਝਦਾ ਜੁੱਤੀ ਪਾਉਂਦਾ ਹੋਇਆ ਆਪਣੇ ਆਪ ਨੂੰ ਤੇ ਆਪਣੇ ਮਨ ਨੂੰ ਤਿਆਰ ਕਰਦਾ ਤੁਰਨ ਲੱਗਾ। ਅਜੇ ਵੀ ਉਸ ਦੇ ਦਿਲੋਂ ਦਿਮਾਗ਼ ਵਿੱਚ ਨਵਾਂ ਦਹੇਜ.......ਨਵਾਂ ਦਹੇਜ..... ਸ਼ਬਦ ਵਾਰ-ਵਾਰ ਗੂੰਜ ਰਹੇ ਸੀ.........।



ਮਿੰਨੀ ਕਹਾਣੀ

## ਸਫ਼ਰ

**ਪਰਗਟ ਸਿੰਘ ਜੰਬਰ**
ਤਿਲਕ ਨਗਰ
ਸ਼੍ਰੀ ਮੁਕਤਸਰ ਸਾਹਿਬ
8837726702

ਹਰਨਾਮ ਸਿੰਘ ਜਦੋਂ ਵੀ ਸ਼ਹਿਰ ਜਾਂਦਾ ਬੱਚਿਆਂ ਲਈ ਘਰੇ ਮਰੂੰਡਾ ਲਿਆਉਣਾ ਨਾ ਭੁੱਲਦਾ । ਬੱਚੇ ਮਰੂੰਡਾ ਬੜੇ ਸਵਾਦ ਨਾਲ ਖਾਂਦੇ । ਸਮਾਂ ਬੀਤਣ ਦੇ ਨਾਲ ਨਾਲ ਬੱਚੇ ਵਿਆਹੇ ਗਏ । ਘਰੇ ਪੋਤੇ ਪੋਤੀਆਂ ਨੇ ਰੌਣਕ ਲਾ ਦਿੱਤੀ । ਹੁਣ ਜਦੋਂ ਕਦੇ ਹਰਨਾਮ ਸ਼ਹਿਰੋਂ ਮਰੂੰਡੇ ਲੈ ਕੇ ਆਉਂਦਾ ਤਾਂ ਕੋਈ ਵੀ ਮਰੂੰਡੇ ਵਿੱਚ ਦਿਲਚਸਪੀ ਨਾ ਦਿਖਾਉਂਦਾ । ਹਰਨਾਮ ਬੱਚਿਆਂ ਦੇ ਪਿੱਛੇ - ਪਿੱਛੇ ਮਰੂੰਡਾ ਲੈ ਕੇ ਤੁਰਿਆ ਫਿਰਦਾ ਪਰ ਬੱਚੇ ਮੂੰਹ ਨਾ ਲਾਉਂਦੇ । ਹਰਨਾਮ ਦਾ ਵੱਡਾ ਮੁੰਡਾ ਗੁਰਪਿਆਰ ਸ਼ਹਿਰੋਂ ਆਉਣ ਲੱਗਿਆ ਚਾਕਲੇਟ ਲੈ ਕੇ ਆਉਂਦਾ ਤਾਂ ਬੱਚੇ ਇਕ ਦੂਸਰੇ ਤੋਂ ਖੋਹ-ਖੋਹ ਕੇ ਖਾਂਦੇ । ਜਿਵੇਂ ਹਰਨਾਮ ਦੇ ਬੱਚੇ ਮਰੂੰਡਾ ਖੋਹ-ਖੋਹ ਕੇ ਖਾਂਦੇ ਸਨ । ਹਰਨਾਮ ਸਮੇਂ ਦੇ ਬਦਲਾਅ ਨੂੰ ਸਮਝਦਾ ਸੀ । ਪਰ ਉਸ ਦਾ ਮੋਹ ਮਰੂੰਡੇ ਨਾਲ ਸੀ। ਪੋਤੇ ਪੋਤੀਆਂ ਵੀ ਹਰਨਾਮ ਦੀ ਗੱਲ ਨੂੰ ਬਹੁਤਾ ਤਵੱਜੋ ਨਹੀਂ ਦਿੰਦੇ ਸਨ । ਝੋਨਾ ਵੇਚ ਕੇ ਹਰਨਾਮ ਤੇ ਗੁਰਪਿਆਰ ਸ਼ਹਿਰੋਂ ਆਏ । ਬੱਚਿਆਂ ਨੇ ਹਰਨਾਮ ਨਾਲ ਬਹੁਤਾ ਮੋਹ ਨਾ ਵਿਖਾਇਆ, ਡੈਡੀ ਦੇ ਲਿਆਂਦੇ ਬਰਗਰ ਅਤੇ ਚਾਕਲੇਟ ਖਾਂਦੇ । ਸਵੇਰੇ ਉੱਠ ਕੇ ਜਦੋਂ ਹਰਨਾਮ ਦੀ ਛੋਟੀ ਪੋਤੀ ਕੋਲ ਆਈ ਤਾਂ ਹਰਨਾਮ ਨੇ ਸਿਰਹਾਣੇ ਥਲੋਂ ਚੱਕ ਕੇ ਇਕ ਚਾਕਲੇਟ ਉਸ ਨੂੰ ਦੇ ਦਿੱਤਾ । ਉਸ ਨੇ ਸਾਰਿਆ ਨੂੰ ਦੱਸਿਆ ਕਿ ਦਾਦਾ ਜੀ ਕੋਲ ਚਾਕਲੇਟ ਹਨ। ਸਾਰੇ ਬੱਚੇ ਹਰਨਾਮ ਦੇ ਮੰਜੇ ਤੇ ਆ ਬੈਠੇ ਅਤੇ ਚਾਕਲੇਟ ਲੈ ਕੇ ਖਾਣ ਲੱਗੇ । ਹਰਨਾਮ ਹੁਣ ਬਹੁਤ ਖ਼ੁਸ਼ ਸੀ। ਮਰੂੰਡੇ ਤੋਂ ਚਾਕਲੇਟ ਦਾ ਸਫ਼ਰ ਉਸ ਨੇ ਤੈਅ ਕਰ ਲਿਆ ਸੀ ।



ਮਿੰਨੀ ਕਹਾਣੀ


## ਪਹੁ ਫੁਟਾਲਾ

**ਹਰਪ੍ਰੀਤ ਪੱਤੋ**
ਪਿੰਡ ਪੱਤੋ ਹੀਰਾ ਸਿੰਘ,ਮੋਗਾ
94658 21417

ਗਰਮੀਆਂ ਦੇ ਦਿਨ ਸਨ। ਸਾਰਾ ਦਿਨ ਡਿਊਟੀ ਕਰਕੇ ਸੂਰਜ ਸ਼ਾਮ ਨੂੰ ਆਪਣੇ ਟਿਕਾਣੇ ਵੱਲ ਜਾ ਰਿਹਾ ਸੀ। ਬੜੀ ਠੰਢੀ ਤੇ ਮਿੱਠੀ ਰੌਸ਼ਨੀ ਬਿਖੇਰਦਾ ਅਖੀਰ ਬੱਦਲਾਂ ਦੀ ਬੁੱਕਲ ਵਿੱਚ ਜਾ ਸਮਾਇਆ। ਤਾਇਆ ਭਾਨਾ ਸਾਰੀ ਦਿਹਾੜੀ ਖੇਤ ਵਿੱਚ ਕੰਮ ਕਰਕੇ, ਸ਼ਾਮ ਨੂੰ ਘਰ ਆਇਆ। ਖੇਤੀ ਦਾ ਕੰਮ ਕਰਦੇ ਬੰਦੇ ਦਾ ਘੜੀ ਸਮੇਂ ਨਾਲ ਵਾਹ-ਵਾਸਤਾ ਘੱਟ ਹੀ ਹੁੰਦਾ। ਉਹਦਾ ਤਾਂ ਬਹੁਤਾ ਤੁਅੱਲਕ ਸੂਰਜ ਨਾਲ ਹੁੰਦਾ। ਜਦੋਂ ਸੂਰਜ ਚੜ੍ਹਿਆ ਖੇਤ ਅਤੇ ਜਦੋਂ ਛਿਪਿਆ ਉਦੋਂ ਘਰ ਨੂੰ ਮੁੜ ਆਉਣਾ। ਰੋਜ਼ ਦੀ ਤਰਾਂ ਅੱਜ ਫਿਰ ਤਾਇਆ ਭਾਨਾਂ ਥੱਕ ਟੁੱਟ ਕਿ ਘਰ ਆ ਮੰਜੇ ਉੱਤੇ ਲੰਮਾ ਪੈ ਗਿਆ, ਘਰ ਵਿੱਚ ਗ਼ਰੀਬੀ ਹੋਣ ਕਰਕੇ ਕੋਈ ਬਹੁਤੀ ਸਹੂਲਤ ਵੀ ਨਹੀਂ ਸੀ। ਮਿਹਨਤ ਕਰਨ ਵਾਲਿਆਂ ਦੀਆਂ ਲੋੜਾਂ-ਥੋੜ੍ਹਾ ਘੱਟ ਹੀ ਪੂਰੀਆਂ ਹੁੰਦੀਆਂ। ਗਰਮੀ ਦੀ ਰੁੱਤ ਹੋਣ ਕਰਕੇ ਮੰਜੇ ਕੋਠੇ ਉੱਤੇ ਚੜ੍ਹਾ ਲਏ। ਹਲੇ ਮਾੜੀ ਜਿਹੀ ਅੱਖ ਲੱਗੀ ਸੀ, ਕਿ ਮੀਂਹ ਦੀਆਂ ਛਿੱਟਾਂ ਸ਼ੁਰੂ ਹੋ ਗਈਆਂ, ਮੰਜੇ ਕੋਠੇ ਤੋਂ ਥੱਲੇ ਉਤਾਰੇ , ਅੰਦਰ ਗਰਮੈਸ਼ ਭਾਵ (ਗਰਮੀ ਦਾ ਸੇਕ) ਤੇ ਬਾਹਰ ਕਣੀਆਂ,ਤੇ ਫਿਰ ਬੰਦਾ ਪਵੇ ਤੇ ਪਵੇ ਕਿੱਥੇ?

"ਪਹੁ ਫੁਟਾਲਾ ਚਿੜੀ ਚੂਕੀ,
ਹੋਇਆ ਸਾਂਝ ਸਵੇਰਾ।
ਕਾਮੇਂ, ਨੀਂਦ ਹੋਈ ਨਾ ਪੂਰੀ,
ਫ਼ਿਕਰਾਂ ਘੱਤਿਆ ਘੇਰਾ।"
ਸਾਰੀ ਰਾਤ ਏਸੇ ਤਰ੍ਹਾਂ ਗੁਜ਼ਾਰੀ,

ਪਹਿ ਪਾਟੀ ਤਾਇਆ ਖਰ੍ਹਵੀ ਜਿਹੀ ਅਵਾਜ਼ ਵਿੱਚ ਤਾਈ ਨੂੰ ਕਹਿਣ ਲੱਗਿਆ, "ਭਾਗਵਾਨੇ! ਚਾਹ ਬਣਾ ਹੁਣ, ਪੈਣ ਦਾ ਸਮਾਂ ਨੀ। ਆਪਣੇ ਕਰਮਾਂ ਚ ਅਰਾਮ ਕਿੱਥੇ"'! ਚਾਹ ਪੀ ਅੱਧ ਉਨੀਂਦਰੇ ਵਿੱਚ ਕੱਲ੍ਹ ਨਾਲੋਂ ਵੱਧ ਥੱਕਿਆ ਤਾਇਆ ਬਲਦ ਲੈ ਕਿ ਖੇਤ ਨੂੰ ਤੁਰ ਪਿਆ। ਸੂਰਜ ਸਾਰਾ ਦਿਨ ਤਪ ਕਿ ਰਾਤ ਨੂੰ ਠੰਢਾ ਹੋ ਅਰਾਮ ਕਰ ਕੱਲ੍ਹ ਨਾਲੋਂ ਵੀ ਵੱਧ ਚਮਕ ਆਪਣੀ ਮੰਜ਼ਲ ਵੱਲ ਨੂੰ ਵੱਧ ਰਿਹਾ ਸੀ, ਤੇ ਤਾਇਆ ਫ਼ਿਕਰਾਂ ਤੇ ਥਕੇਵੇਂ ਨਾਲ ਚੂਰ ਹੋਇਆ ਆਪਣੀ ਮੰਜ਼ਲ ਤੋਂ ਦੂਰ ਕਿਸੇ ਗਹਿਰੀ ਦਲ-ਦਲ 'ਚ ਧਸਦਾ ਜਾ ਰਿਹਾ ਸੀ।



ਚੀਨੀ ਕਹਾਣੀ

# ਅਪੈਂਡਿਕਸ

**ਯੂ ਹੂਆ**

ਇੱਕ ਚੀਨੀ ਲੇਖਕ ਹੈ, ਜਿਸ ਨੂੰ ਵਿਆਪਕ ਤੌਰ 'ਤੇ ਅਵੰਤ-ਗਾਰਡੇ ਗਲਪ ਦਾ ਮੋਢੀ ਮੰਨਿਆ ਜਾਂਦਾ ਹੈ ਅਤੇ ਚੀਨ ਦੇ ਮਹਾਨ ਜੀਵਿਤ ਲੇਖਕਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

**ਉਲਥਾਕਾਰ**
**ਸ.ਰਾਜੇਂਦਰ ਸਿੰਘ ਸਹੂ**

ਮੇਰੇ ਪਿਤਾ ਸਰਜਨ ਸਨ । ਉਹ ਸਰੀਰਕ ਤੌਰ 'ਤੇ ਮਜ਼ਬੂਤ ਅਤੇ ਸਿਹਤਮੰਦ ਸਨ ਅਤੇ ਉੱਚੀ ਆਵਾਜ਼ 'ਚ ਬੋਲਦੇ ਸਨ । ਉਹ ਅਕਸਰ ਦਸ ਘੰਟਿਆਂ ਤੋਂ ਵੱਧ ਸਮੇਂ ਤਕ ਬਿਨਾਂ ਨਾਗ਼ਾ ਪਾਏ ਆਪ੍ਰੇਸ਼ਨ ਟੇਬਲ ਦੇ ਸਾਹਮਣੇ ਖੜ੍ਹੇ ਰਹਿੰਦੇ ਸਨ । ਆਪ੍ਰੇਸ਼ਨ ਟੇਬਲ ਤੋਂ ਉੱਤਰਨ ਤੋਂ ਬਾਅਦ ਵੀ, ਉਨ੍ਹਾਂ ਦੇ ਚਿਹਰੇ 'ਤੇ ਥਕੇਵੇਂ ਦਾ ਕੋਈ ਲੱਛਣ ਦਿਖਾਈ ਨਹੀਂ ਦਿੰਦਾ ਸੀ । ਜਦੋਂ ਉਹ ਘਰ ਵੱਲ ਤੁਰਦਾ ਤਾਂ ਉਸ ਦੀਆਂ ਪੁਲਾਂਘਾਂ ਵੱਡਿਆਂ ਅਤੇ ਪੈੜਾਂ ਵਿੱਚ ਧਮਕ ਹੁੰਦੀ। ਜਦੋਂ ਉਹ ਘਰ ਦੇ ਬੂਹੇ ਕੋਲ ਪਹੁੰਚਦੇ ਤਾਂ ਉਹ ਅਕਸਰ ਕਿਸੇ ਨੁੱਕਰ 'ਤੇ ਖੜ੍ਹੇ ਹੋ ਕੇ ਪਿਸ਼ਾਬ ਕਰ ਲੈਂਦੇ । ਕੰਧ 'ਤੇ ਮੂਤਦੇ ਵੇਲੇ ਤੇਜ਼ ਮੀਂਹ ਦੀ ਵਾਛੜ ਦੇ ਕੰਧ ਨਾਲ ਵੱਜਣ ਵਰਗੀ ਆਵਾਜ਼ ਹੁੰਦੀ।

ਜਦੋਂ ਮੇਰੇ ਪਿਤਾ ਜੀ ਪੱਚੀ ਸਾਲ ਦੇ ਹੋਏ, ਉਨ੍ਹਾਂ ਨੇ ਇੱਕ ਲੀੜਿਆਂ ਦੇ ਕਾਰਖ਼ਾਨੇ 'ਚ ਕੰਮ ਕਰਦੀ ਸੋਹਣੀ ਕੁੜੀ ਨਾਲ ਵਿਆਹ ਕਰਵਾ ਲਿਆ । ਉਸ ਦੀ ਵਹੁਟੀ ਨੇ ਵਿਆਹ ਬਾਅਦ ਦੂਜੇ ਸਾਲ ਇੱਕ ਮੁੰਡੇ ਨੂੰ ਜਨਮ ਦਿੱਤਾ । ਉਹ ਮੇਰਾ ਭਰਾ ਸੀ । ਦੋ ਸਾਲ ਬਾਅਦ, ਉਸ ਦੀ ਵਹੁਟੀ ਨੇ ਇੱਕ ਹੋਰ ਪੁੱਤਰ ਨੂੰ ਜਨਮ ਦਿੱਤਾ, ਇਹ ਮੈਂ ਸਾਂ।

ਜਦੋਂ ਮੈਂ ਅੱਠ ਸਾਲਾਂ ਦਾ ਸੀ, ਕਿਸੇ ਦਿਨ, ਉਸ ਊਰਜਾਵਾਣ ਸਰਜਨ ਨੂੰ ਆਪਣੇ ਰੋਜ਼ ਦੇ ਰੁਝੇਵਿਆਂ ਤੋਂ ਕਦੇ-ਕਦਾਈਂ ਵਿਹਲ ਮਿਲ ਜਾਂਦੀ ਸੀ । ਉਹ ਟਿੱਕੀ ਦੇ ਸਿਰ 'ਤੇ ਚੜ੍ਹਨ ਤਕ ਘਰੇ ਠਾਠ ਨਾਲ ਸੌਂਦਾ ਰਹਿੰਦਾ । ਦੁਪਹਿਰ ਵੇਲੇ ਉਹ ਆਪਣੇ ਦੋ ਪੁੱਤਰਾਂ ਨੂੰ ਨਾਲ ਲੈ ਕੇ ਲੰਬੀ ਸੈਰ ਤੇ ਨਿਕਲ ਤੁਰਦਾ ਅਤੇ ਤਕਰੀਬਨ ਤਿੰਨ ਘੰਟਿਆਂ ਤਕ ਉਹਨਾਂ ਨਾਲ ਸਮੁੰਦਰ ਕੰਢੇ ਖੇਡਦਾ । ਜਦੋਂ ਉਹ ਵਾਪਸ ਆਉਂਦੇ ਤਾਂ ਉਸ ਨੇ ਇਕ ਨੂੰ ਘਨੇੜੀ ਚੜ੍ਹਾਇਆ ਹੁੰਦਾ ਅਤੇ ਦੂਜੇ ਨੂੰ ਆਪਣੀ ਗੋਦੀ ਚੁੱਕਿਆ ਹੋਇਆ ਹੁੰਦਾ। ਵਾਪਸ ਪਰਤਦੇ ਹੋਏ ਉਹ ਪੰਜ ਮੀਲ ਦਾ ਹੋਰ ਪੈਂਡਾ ਤੈਅ ਕਰਦੇ। ਰਾਤ ਦੀ ਰੋਟੀ ਤਕ ਹਨੇਰਾ ਹੋ ਜਾਂਦਾ, ਫੇਰ ਉਹ, ਉਸ ਦੀ ਵਹੁਟੀ ਅਤੇ ਦੋਵੇਂ ਬੱਚੇ ਘਰ ਦੇ ਸਾਹਮਣੇ ਇੱਕ ਗੂਲਰ ਦੇ ਦਰੱਖਤ ਹੇਠਾਂ ਬਹਿੰਦੇ। ਉਸ ਸਮੇਂ, ਚੰਨ ਦੀ ਚਾਨਣੀ ਨਾਲ ਸਾਡੇ ਉੱਤੇ ਪੱਤਿਆਂ ਦੇ ਪਰਛਾਵੇਂ ਪੈ ਰਹੇ ਸਨ ਅਤੇ ਉੱਥੇ ਠੰਢੀ ਹਵਾ ਵਗ ਰਹੀ ਸੀ।

ਸਰਜਨ ਬਾਂਸ ਦੇ ਇੱਕ ਆਰਜ਼ੀ ਮੰਜੇ 'ਤੇ ਲੰਬਾ ਪਿਆ ਸੀ, ਉਸ ਦੀ ਵਹੁਟੀ ਉਸ ਦੇ ਕੋਲ ਇੱਕ ਬੈਂਤ ਦੀ ਕੁਰਸੀ 'ਤੇ ਬੈਠੀ ਸੀ, ਅਤੇ ਉਨ੍ਹਾਂ ਦੇ ਦੋ ਬੱਚੇ, ਮੇਰਾ ਭਾਈ ਅਤੇ ਮੈਂ, ਇੱਕ ਪੀੜੀ 'ਤੇ ਨਾਲ-ਨਾਲ ਬੈਠੇ ਆਪਣੇ ਪਿਤਾ ਦੀਆਂ ਗੱਲਾਂ ਸੁਣ ਰਹੇ ਸਾਂ। ਅਸੀਂ ਸੁਣਿਆ ਜਿਵੇਂ ਸਾਡੇ ਪਿਤਾ ਨੇ ਕਿਹਾ ਸੀ ਕਿ ਕਿਵੇਂ ਹਰ ਕਿਸੇ ਦੇ ਢਿੱਡ ਵਿੱਚ ਅਪੈਂਡਿਕਸ ਹੁੰਦਾ ਹੈ, ਅਤੇ ਹਰ ਰੋਜ਼ ਉਸ ਨੂੰ ਘੱਟੋ-ਘੱਟ ਵੀਹ ਜਾਂ ਇਸ ਤੋਂ ਵੱਧ ਅਪੈਂਡਿਕਸ ਕਿਵੇਂ ਕੱਢਣੇ ਪੈਂਦੇ ਹਨ। ਸਭ ਤੋਂ ਤੇਜ਼ ਆਪ੍ਰੇਸ਼ਨ ਕਰਨ ਵਿੱਚ ਉਸ ਨੂੰ ਸਿਰਫ਼ ਪੰਦਰਾਂ ਮਿੰਟ ਲੱਗੇ ਸਨ। ਉਸ ਨੇ ਪੰਦਰਾਂ ਮਿੰਟਾਂ ਵਿਚ ਅਪੈਂਡਿਕਸ ਦਾ ਅਪਰੇਸ਼ਨ ਕਰ ਕੇ ਮਰੀਜ਼ ਦਾ ਅਪੈਂਡਿਕਸ ਕੱਢ ਦਿੱਤਾ ਸੀ। ਅਸੀਂ ਪੁੱਛਿਆ, ਇਸ ਨੂੰ ਕੱਟਣ ਤੋਂ ਬਾਅਦ ਤੁਸੀਂ ਇਸ ਨਾਲ ਕੀ ਕਰਦੇ ਹੋ?

"ਇਸ ਨੂੰ ਕੱਟਣ ਤੋਂ ਬਾਅਦ?" ਮੇਰੇ ਪਿਤਾ ਜੀ ਨੇ ਹੱਥ ਹਿਲਾ ਕੇ ਕਿਹਾ, " "ਇਸ ਨੂੰ ਕੱਟਣ ਤੋਂ ਬਾਅਦ ਅਸੀਂ ਇਸ ਨੂੰ ਸੁੱਟ ਦਿੰਦੇ ਹਾਂ।"

"ਤੁਸੀਂ ਅਜਿਹਾ ਕਿਉਂ ਕਰਦੇ ਹੋ?"

ਮੇਰੇ ਪਿਤਾ ਨੇ ਕਿਹਾ-"ਅਪੈਂਡਿਕਸ ਦੀ ਕੋਈ ਲੋੜ ਨਹੀਂ ਹੁੰਦੀ।"

ਫਿਰ ਮੇਰੇ ਪਿਤਾ ਜੀ ਨੇ ਸਾਨੂੰ ਪੁੱਛਿਆ: "ਦੋਵੇਂ ਵੱਡੇ-ਵੱਡੇ ਫੇਫੜਿਆਂ" "ਇਨ੍ਹਾਂ ਦਾ ਕੀ ਫ਼ਾਇਦਾ ਹੈ ?"

ਮੇਰੇ ਭਾਈ ਨੇ ਜਵਾਬ ਦਿੱਤਾ: "ਸਾਹ ਲੈਣ ਲਈ।"

"ਹੋਰ ਕੀ ?"

ਮੇਰੇ ਭਾਈ ਨੇ ਕੁਝ ਚਿਰ ਸੋਚਿਆ ਅਤੇ ਕਿਹਾ," "ਅਤੇ ਸਾਹ ਛੱਡਣ ਲਈ"।

"ਢਿੱਡ ਦਾ ਕੀ ਫ਼ਾਇਦਾ ? ਢਿੱਡ ਦੀ ਕਿ ਜ਼ਰੂਰਤ ਹੈ"।

"ਢਿੱਡ ਖਾਣ ਲਈ ਹੈ। ਜੋ ਇਸ ਦੇ ਅੰਦਰ ਜਾਂਦਾ ਹੈ ਉਹ ਹਜ਼ਮ ਹੋ ਜਾਂਦਾ ਹੈ।" ਮੇਰੇ ਭਾਈ ਨੇ ਜਵਾਬ ਦਿੱਤਾ ।

''ਅਤੇ ਦਿਲ?"

ਮੈਂ ਝੱਟ ਜ਼ੋਰ ਨਾਲ ਬੋਲਿਆ, ''ਦਿਲ ਜ਼ੋਰ ਨਾਲ ਧੜਕ ਰਿਹਾ ਹੈ।"

ਮੇਰੇ ਪਿਤਾ ਜੀ ਕੁਝ ਚਿਰ ਮੇਰੇ ਵੱਲ ਦੇਖ ਕੇ ਬੋਲੇ, ''ਤੂੰ ਸਹੀ ਹੈਂ, ਤੂੰ ਜਮਾਂ ਠੀਕ ਹੈਂ। ਫੇਫੜੇ, ਢਿੱਡ, ਦਿਲ, ਅਤੇ... ਗ੍ਰਹਿਣੀ, ਕੌਲਨ, ਵੱਡੀ ਅੰਤੜੀ, ਗੁਦਾ, ਆਦਿ ਸਾਰੇ ਲਾਹੇਵੰਦ ਹਨ । ਇਹ ਅਪੈਂਡਿਕਸ ਹੈ, ਸੇਕਮ ਦੇ ਅੰਤ ਵਿੱਚ ਅਪੈਂਡਿਕਸ ... ਕੀ ਤੁਹਾਨੂੰ ਪਤਾ ਹੈ ਕਿ ਅਪੈਂਡਿਕਸ ਕਿਸ ਲਈ ਹੈ ?

"ਮੇਰੇ ਭਾਈ ਨੇ ਮੇਰੇ ਪਿਤਾ ਦੇ ਪਹਿਲਾਂ ਬੋਲੇ ਸ਼ਬਦਾਂ ਦੀ ਨਕਲ ਕੀਤੀ । ਉਸ ਨੇ ਕਿਹਾ: "ਅਪੈਂਡਿਕਸ, ਇਹ ਬੇਕਾਰ ਹੈ ।"

ਮੇਰੇ ਪਿਤਾ ਜੀ ਹੱਸੇ, ਅਤੇ ਸਾਡੀ ਮਾਂ ਜਿਹੜੀ ਕਿ ਉਨ੍ਹਾਂ ਦੇ ਕੋਲ ਬੈਠੀ ਸੀ ਉਨ੍ਹਾਂ ਨਾਲ ਹੱਸਣ ਲੱਗੀ । ਮੇਰੇ ਪਿਤਾ ਨੇ ਅੱਗੇ ਕਿਹਾ: "ਹਾਂ, ਅਪੈਂਡਿਕਸ ਬੇਕਾਰ ਹੈ। ਤੁਸੀਂ ਸਾਹ ਲੈਂਦੇ ਹੋ, ਤੁਸੀਂ ਪਚਾਉਂਦੇ ਹੋ ਅਤੇ ਤੁਸੀਂ ਸੌਂਦੇ ਹੋ । ਇਸ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ । ਭਾਵੇਂ ਤੁਸੀਂ ਖਾਣ ਤੋਂ ਬਾਅਦ ਡਕਾਰ ਲੈਂਦੇ ਹੋ ਜਾਂ ਜਦੋਂ ਤੁਹਾਡੇ ਢਿੱਡ ਖ਼ਰਾਬ ਹੁੰਦਾ ਹੈ ਤੁਸੀਂ ਪੱਦਦੇ ਹੋਂ, ਤਾਂ ਵੀ ਇਸ ਦਾ ਅਪੈਂਡਿਕਸ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ..."

ਜਦੋਂ ਮੇਰੇ ਪਿਤਾ ਨੇ ਕਿਹਾ ਕਿ ਉਹ ਡਕਾਰ ਲੈਂਦੇ ਹਨ ਅਤੇ ਪੱਦਦੇ ਹਨ,

ਤਾਂ ਮੈਂ ਅਤੇ ਮੇਰਾ ਭਾਈ ਖੀ ਖੀ ਕਰਨ ਲੱਗ ਪਏ । ਉਦੋਂ ਸਾਡੇ ਪਿਤਾ ਜੀ ਉੱਠ ਕੇ ਬੈਠ ਗਏ ਅਤੇ ਅਤੇ ਸਾਨੂੰ ਸੰਜੀਦਗੀ ਨਾਲ ਕਿਹਾ: "ਪਰ ਜੇ ਅਪੈਂਡਿਕਸ ਸੁੱਜ ਜਾਂਦਾ ਹੈ, ਤਾਂ ਢਿੱਡ-ਪੀੜ ਵਧਦੀ ਹੀ ਜਾਵੇਗੀ । ਜੇ ਅਪੈਂਡਿਕਸ ਛੇਕਿਆ ਗਿਆ, ਤਾਂ ਇਹ ਪੈਰੀਟੋਨਾਈਟਿਸ ਦਾ ਕਾਰਨ ਬਣ ਜਾਵੇਗਾ ਅਤੇ ਤੁਹਾਨੂੰ ਮਾਰ ਦੇਵੇਗਾ। ਕੀ ਤੁਸੀਂ ਸਮਝੇ ?"

ਮੇਰੇ ਭਾਈ ਨੇ ਸਿਰ ਹਿਲਾਇਆ ਅਤੇ ਕਿਹਾ, "ਇਹ ਤੁਹਾਨੂੰ ਮਾਰ ਦੇਵੇਗਾ" ।

ਜਦੋਂ ਮੈਂ 'ਮੌਤ' ਬਾਰੇ ਸੁਣਿਆ ਤਾਂ ਮੈਂ ਇੱਕ ਹੌਂਕਾਂ ਭਰਿਆ। ਮੇਰੇ ਪਿਤਾ ਨੇ ਮੈਨੂੰ ਡਰਦੇ ਵੇਖ ਮੇਰਾ ਸਿਰ ਪਲੋਸਿਆ। ਉਨ੍ਹਾਂ ਨੇ ਕਿਹਾ, "ਅਸਲ ਵਿੱਚ, ਅਪੈਂਡਿਕਸ ਨੂੰ ਕੱਟਣਾ ਇੱਕ ਮਮੂਲੀ ਜਿਹਾ ਅਪਰੇਸ਼ਨ



ਹੈ । ਜਿਨ੍ਹਾਂ ਚਿਰ ਇਸ ਵਿੱਚ ਛੇਕ ਨਹੀਂ ਹੁੰਦਾ, ਉਦੋਂ ਤਕ ਕੋਈ ਖ਼ਤਰਾ ਨਹੀਂ ਹੁੰਦਾ... ਇੱਕ ਬ੍ਰਿਟਿਸ਼ ਸਰਜਨ ਸੀ..."

ਸਾਡੇ ਪਿਤਾ ਨੇ ਕਿਹਾ ਅਤੇ ਉਹ ਲੰਬੇ ਪੈ ਗਏ । ਸਾਨੂੰ ਪਤਾ ਸੀ ਕਿ ਉਹ ਇੱਕ ਕਹਾਣੀ ਸੁਣਾਉਣ ਲੱਗੇ ਹਨ । ਉਨ੍ਹਾਂ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਅਤੇ ਆਰਾਮ ਨਾਲ ਉਬਾਸੀ ਲਈ । ਫਿਰ ਉਨ੍ਹਾਂ ਪਾਸਾ ਵੱਟ ਕੇ ਸਾਡੇ ਵੱਲ ਮੂੰਹ ਕਰ ਲਿਆ। ਫਿਰ ਕਿਹਾ ਕਿ ਇੱਕ ਦਿਨ ਬਰਤਾਨਵੀ ਸਰਜਨ ਇੱਕ ਛੋਟੇ ਟਾਪੂ 'ਤੇ ਆਇਆ।

ਟਾਪੂ 'ਤੇ ਕੋਈ ਹਸਪਤਾਲ, ਕੋਈ ਡਾਕਟਰ ਜਾਂ ਇੱਥੋਂ ਤੱਕ ਕਿ ਕੋਈ ਦਵਾਈ ਦਾ ਡੱਬਾ ਵੀ ਨਹੀਂ ਸੀ, ਪਰ ਉਸ ਦਾ ਅਪੈਂਡਿਕਸ ਸੁੱਜ ਗਿਆ ਸੀ । ਉਹ ਨਰੇਲ ਦੇ ਦਰੱਖਤ ਹੇਠਾਂ ਲੰਬਾ ਪੈ ਗਿਆ ਅਤੇ ਪੂਰੀ ਸਵੇਰ ਪੀੜ ਨਾਲ ਤੜਫ਼ਦਾ ਰਿਹਾ। ਉਹ ਜਾਣਦਾ ਸੀ ਕਿ ਜੇ ਉਸ ਨੇ ਅਪਰੇਸ਼ਨ ਨਾ ਕੀਤਾ, ਤਾਂ ਇਸ ਵਿੱਚ ਛੇਕ ਹੋ ਜਾਵੇਗਾ..."

"ਛੇਕ ਹੋ ਜਾਣ ਤੋਂ ਬਾਅਦ ਕੀ ਹੋਵੇਗਾ?" "ਸਾਡੇ ਪਿਤਾ ਨੇ ਆਪਣੇ ਆਪ ਨੂੰ ਉਠਾਉਂਦੇ ਹੋਏ ਸਾਥੋਂ ਪੁੱਛਿਆ।

"ਉਹ ਮਰ ਜਾਵੇਗਾ ।" ਮੇਰੇ ਭਾਈ ਨੇ ਕਿਹਾ ।

"ਇਹ ਪੈਰੀਟੋਨਾਈਟਿਸ ਵਿੱਚ ਬਦਲ ਜਾਂਦਾ ਅਤੇ ਫਿਰ ਉਹ ਮਰ ਜਾਂਦਾ।" ਮੇਰੇ ਪਿਤਾ ਨੇ ਮੇਰੇ ਭਾਈ ਨੂੰ ਠੀਕ ਕੀਤਾ ।

ਮੇਰੇ ਪਿਤਾ ਨੇ ਕਿਹਾ: "ਬ੍ਰਿਟਿਸ਼ ਡਾਕਟਰ ਨੂੰ ਹੋਰ ਕੋਈ ਚਾਰਾ ਨਾ ਹੋਣ ਕਰਕੇ ਆਪਣਾ ਅਪਰੇਸ਼ਨ ਕਰਨਾ ਪਿਆ। ਉਸ ਨੇ ਦੋ ਸਥਾਨਕ ਲੋਕਾਂ ਨੂੰ ਇੱਕ ਵੱਡਾ ਸ਼ੀਸ਼ਾ ਚੁੱਕਣ ਲਈ ਕਿਹਾ, ਅਤੇ ਉਸ ਨੇ ਆਪਣੇ ਆਪ ਨੂੰ ਸ਼ੀਸ਼ੇ ਵਿੱਚ ਦੇਖਿਆ, ਇੱਥੇ ਹੀ...

ਮੇਰੇ ਪਿਤਾ ਨੇ ਆਪਣੇ ਪੇਟ ਦੇ ਸੱਜੇ ਪਾਸੇ ਵੱਲ ਇਸ਼ਾਰਾ ਕੀਤਾ, " ਇੱਥੇ ਚਮੜੀ ਨੂੰ ਕੱਟੋ, ਚਰਬੀ ਨੂੰ ਵੱਖ ਕਰੋ, ਆਪਣਾ ਹੱਥ ਪਾਓ, ਅਤੇ ਸੇਕਮ ਦੀ ਭਾਲ ਕਰੋ। ਜਦੋਂ ਤੁਸੀਂ ਸੇਕਮ ਲੱਭ ਸਕਦੇ ਹੋ ਤਾਂ ਹੀ ਤੁਸੀਂ ਅਪੈਂਡਿਕਸ ਲੱਭ ਸਕਦੇ ਹੋ..."

ਇੱਕ ਬ੍ਰਿਟਿਸ਼ ਡਾਕਟਰ ਨੇ ਆਪਣੇ ਆਪ ਆਵਦੀ ਸਰਜਰੀ ਕੀਤੀ। ਅਸੀਂ ਇਸ ਹੈਰਾਨੀਜਨਕ ਕਹਾਣੀ ਸੁਣ ਹੈਰਾਨ ਰਹਿ ਗਏ । ਅਸੀਂ ਆਪਣੇ ਪਿਤਾ ਵੱਲ ਉਤਸੁਕਤਾ ਨਾਲ ਦੇਖਿਆ ਅਤੇ ਉਨ੍ਹਾਂ ਨੂੰ ਪੁੱਛਿਆ ਕਿ ਕੀ ਉਹ ਵੀ ਆਪਦਾ ਅਪਰੇਸ਼ਨ ਕਰ ਸਕਦੇ ਹਨ?

ਸਾਡੇ ਪਿਤਾ ਨੇ ਕਿਹਾ: "ਇਹ ਹਾਲਤਾਂ 'ਤੇ ਨਿਰਭਰ ਕਰਦਾ ਹੈ । ਜੇ ਮੈਂ ਉਸ ਟਾਪੂ 'ਤੇ ਹੁੰਦਾ ਅਤੇ ਮੇਰਾ ਅਪੈਂਡਿਕਸ ਸੁੱਜ ਗਿਆ ਹੁੰਦਾ, ਤਾਂ ਮੈਂ ਆਪਣੀ ਜਾਨ ਬਚਾਉਣ ਲਈ ਆਪਣੇ ਆਪ ਆਪਣਾ ਅਪਰੇਸ਼ਨ ਕਰ ਲੈਂਦਾ"।

ਮੇਰੇ ਪਿਤਾ ਦੇ ਜਵਾਬ ਨੇ ਸਾਡਾ ਖ਼ੂਨ ਉਬਾਲ ਦਿੱਤਾ । ਅਸੀਂ ਸਦਾ ਸੋਚਦੇ ਹਾਂ ਕਿ ਸਾਡੇ ਪਿਤਾ ਸਭ ਤੋਂ ਤਕੜੇ ਜਿਗਰੇ ਵਾਲੇ ਅਤੇ ਹੈਰਾਨਕੁਨ ਬੰਦੇ ਹਨ । ਉਨ੍ਹਾਂ ਦੇ ਜਵਾਬ ਨੇ ਸਾਡੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕੀਤਾ ਅਤੇ ਸਾਨੂੰ ਹੋਰ ਬੱਚਿਆਂ ਅੱਗੇ ਫੜ੍ਹ ਮਾਰਨ ਲਈ ਖ਼ਾਸਾ ਭਰੋਸਾ ਦਿੱਤਾ: "ਸਾਡੇ ਪਿਤਾ ਨੇ ਆਪਣੇ ਆਪ ਆਪਣੀ ਸਰਜਰੀ ਕੀਤੀ ..." ਮੇਰੇ ਭਰਾ ਨੇ ਮੇਰੇ ਵੱਲ ਇਸ਼ਾਰਾ ਕੀਤਾ ਅਤੇ ਕਿਹਾ: "ਅਸੀਂ ਦੋਵਾਂ ਨੇ ਇੱਕ ਵੱਡਾ ਸ਼ੀਸ਼ਾ ਫੜਿਆ ਸੀ..."

ਇਸ ਤਰ੍ਹਾਂ ਦੋ ਮਹੀਨੇ ਤੋਂ ਵੱਧ ਸਮਾਂ ਬੀਤ ਗਿਆ । ਇਸ ਸਾਲ ਦੀ ਪਤਝੜ ਵਿੱਚ, ਸਾਡੇ ਪਿਤਾ ਜੀ ਦਾ ਅਪੈਂਡਿਕਸ ਅਚਨਚੇਤ ਸੁੱਜ ਗਿਆ। ਇਹ ਇੱਕ ਐਤਵਾਰ ਦੀ ਸਵੇਰ ਸੀ । ਸਾਡੀ ਮਾਂ ਓਵਰਟਾਈਮ ਕਰਨ ਲਈ ਫ਼ੈਕਟਰੀ ਜਾਂਦੀ ਪਈ ਸੀ । ਸਾਡੇ ਪਿਤਾ ਜੀ ਰਾਤ ਦੀ ਸ਼ਿਫ਼ਟ ਤੋਂ ਵਾਪਸ ਪਰਤੇ ਸਨ । ਜਦੋਂ ਉਹ ਘਰ ਵੜੇ ਤਾਂ ਸਾਡੀ ਮਾਂ ਕੰਮ 'ਤੇ ਜਾ ਰਹੀ ਸੀ । ਅਜਿਹਾ ਹੀ ਹੁੰਦਾ ਹੈ ਕਿ ਸਾਡੀ ਮਾਂ ਨੂੰ ਕੰਮ 'ਤੇ ਜਾਣਾ ਪੈਂਦਾ ਹੈ । ਉਨ੍ਹਾਂ ਨੇ ਉਸ ਨੂੰ ਦਰਵਾਜ਼ੇ 'ਤੇ ਹੀ ਦੱਸਿਆ: ""ਮੈਨੂੰ ਬੀਤੀ ਰਾਤ ਸਾਰੀ ਰਾਤ ਨੀਂਦ ਲੈਣ ਦਾ ਸਮਾਂ ਨਹੀਂ ਮਿਲਿਆ । ਇੱਕ ਨੂੰ ਦਿਮਾਗ਼ੀ ਸੱਟ ਲੱਗੀ ਸੀ, ਦੋ ਨੂੰ ਫਰੈਕਚਰ ਸੀ, ਅਤੇ ਇੱਕ ਨੂੰ ਪੈਂਨਸਲੀਨ ਜ਼ਹਿਰ ਦਾ ਸਾਹਮਣਾ ਕਰਨਾ ਪਿਆ। ਮੈਂ ਥੱਕ ਗਿਆ ਹਾਂ ਅਤੇ ਮੇਰੀ ਛਾਤੀ ਵਿੱਚ ਥੋੜ੍ਹਾ ਜਿਹਾ ਦਰਦ ਹੁੰਦਾ ਪਿਆ ਹੈ ।"

ਫਿਰ ਪਿਤਾ ਜੀ ਮੰਜੇ 'ਤੇ ਆਪਣੀ ਛਾਤੀ ਨੂੰ ਫੜ ਕੇ ਸੌਂ ਗਏ। ਮੇਰਾ ਭਾਈ ਅਤੇ ਮੈਂ ਦੂਜੇ ਕਮਰੇ ਵਿੱਚ ਸੀ। ਅਸੀਂ ਕੁਰਸੀਆਂ ਉੱਤੇ ਮੇਜ਼ ਅਤੇ ਮੇਜ਼ ਉੱਤੇ ਕੁਰਸੀਆਂ ਰੱਖੀਆਂ, ਅਤੇ ਫਿਰ ਉਨ੍ਹਾਂ ਨੂੰ ਅੱਗੇ-ਪਿੱਛੇ ਕੀਤਾ, ਇਸ ਤਰ੍ਹਾਂ ਅਸੀਂ ਤਿੰਨ-ਚਾਰ ਘੰਟੇ ਗੁਜ਼ਾਰੇ, ਅਸੀਂ ਪਿਤਾ ਜੀ ਦੇ ਕਮਰੇ ਵਿੱਚੋਂ ਹੂੰਗਰਾਂ ਸੁਣਿਆਂ ਤਾਂ ਅਸੀਂ ਬੂਹੇ ਨਾਲ ਕੰਨ ਲਾ ਕੇ ਸੁਣਿਆ, ਸਾਨੂੰ ਲੱਗਿਆ ਕਿ ਪਿਤਾ ਜੀ ਨੇ ਅੰਦਰੋਂ ਹਾਕ ਮਾਰੀ ਹੈ, ਅਸੀਂ ਝੱਟ ਬੂਹਾ ਖੋਲ੍ਹਿਆ ਅਤੇ ਅੰਦਰ ਵੱੜੇ । ਅਸੀਂ ਵੇਖਿਆ ਕਿ ਸਾਡੇ ਪਿਤਾ ਜੀ ਝੀਂਗੇ ਵਾਂਗ ਦੂਹਰੇ ਹੋਏ ਦੰਦ ਘੁੱਟੀ ਸਾਡੇ ਵੱਲ ਦੇਖ ਰਹੇ ਸਨ । ਉਸ ਦੇ ਪਿਤਾ ਨੇ ਸਾਨੂੰ ਕਿਹਾ:"ਮੇਰਾ ਅਪੈਂਡਿਕਸ... ਉ... ਇਹ ਮੈਨੂੰ ਮਾਰ ਸੁੱਟੇਗਾ ...ਤੀਖਣ ਐਪੈਂਡੀਸਾਇਟਿਸ, ਤੁਸੀਂ ਛੇਤੀ ਹਸਪਤਾਲ ਜਾਓ, ਡਾਕਟਰ ਚੇਨ ਕੋਲ ਜਾਓ... ਤੁਸੀਂ ਡਾ. ਵੈਂਗ ਕੋਲ ਵੀ ਜਾ ਸਕਦੇ ਹੋ... ਜਾਓ, ਛੇਤੀ ਜਾਓ...."

ਮੇਰੇ ਭਾਈ ਮੇਰਾ ਹੱਥ ਫੜ ਹੇਠਾਂ ਵੱਲ ਨੂੰ ਤੁਰ ਪਿਆ, ਬੂਹੇ ਤੋਂ ਬਾਹਰ ਨਿਕਲ ਲਾਂਘੇ 'ਚ ਅੱਪੜੇ ਹੀ ਸੀ ਕਿ ਉਸੇ ਸਮੇਂ, ਗਲੀ ਵਿੱਚ ਤੁਰਦਿਆਂ, ਮੈਨੂੰ ਹੁਣ ਅਹਿਸਾਸ ਹੋਇਆ ਕਿ ਕੀ ਹੋ ਰਿਹਾ ਸੀ। ਮੈਨੂੰ ਪਤਾ ਲਗਾ

ਕਿ ਮੇਰੇ ਪਿਤਾ ਦਾ ਅਪੈਂਡਿਕਸ ਸੁੱਜ ਗਿਆ ਸੀ, ਮੇਰਾ ਭਾਈ ਮੈਨੂੰ ਹਸਪਤਾਲ ਲੈ ਜਾ ਰਿਹਾ ਸੀ, ਅਸੀਂ ਡਾ. ਚੇਨ ਜਾਂ ਡਾ. ਵੈਂਗ ਨੂੰ ਲੱਭਣ ਜਾ ਰਹੇ ਸਾਂ । ਜੇਕਰ ਅਸੀਂ ਉਨ੍ਹਾਂ ਨੂੰ ਲੱਭ ਲੈਂਦੇ ਹਾਂ, ਤਾਂ ਉਹ ਕੀ ਕਰਨਗੇ ?

ਜਦੋਂ ਮੈਂ ਸੋਚਿਆ ਕਿ ਮੇਰੇ ਪਿਤਾ ਦਾ ਅਪੈਂਡਿਕਸ ਸੁੱਜ ਗਿਆ ਹੈ, ਤਾਂ ਮੈਨੂੰ ਦਿਲ ਦੀ ਧੜਕਣ ਵਧਦੀ ਜਾਪੀ, ਮੈਂ ਸੋਚਿਆ ਕਿ ਮੇਰੇ ਪਿਤਾ ਦਾ ਅਪੈਂਡਿਕਸ ਸੁੱਜ ਗਿਆ ਹੈ, ਅਤੇ ਹੁਣ ਸਾਡੇ ਪਿਤਾ ਆਪਣੇ ਆਪ ਆਪਦੀ ਸਰਜਰੀ ਕਰਨਗੇ ਅਤੇ ਮੇਰਾ ਭਾਈ ਅਤੇ ਮੈਂ ਇੱਕ ਵੱਡਾ ਸ਼ੀਸ਼ਾ ਫੜ ਸਕਾਂਗੇ।

ਜਦੋਂ ਅਸੀਂ ਗਲੀ ਦੇ ਛੋਰ 'ਤੇ ਅੱਪੜੇ, ਮੇਰਾ ਭਾਈ ਖਲੋ ਗਿਆ ਅਤੇ ਮੈਨੂੰ ਕਿਹਾ, "ਅਸੀਂ ਡਾ. ਚੇਨ ਜਾਂ ਡਾ. ਵੈਂਗ ਕੋਲ ਨਹੀਂ ਜਾ ਸਕਦੇ",

ਮੈਂ ਕਿਹਾ: "ਕਿਉਂ ਨਹੀਂ ਜਾ ਸਕਦੇ?"

ਉਸ ਨੇ ਕਿਹਾ, "ਜ਼ਰਾ ਸੋਚੋ, ਜੇ ਅਸੀਂ ਉਨ੍ਹਾਂ ਨੂੰ ਲੱਭ ਲਿਆ ਤਾਂ ਉਹ ਸਾਡੇ ਪਿਤਾ ਦਾ ਅਪਰੇਸ਼ਨ ਕਰ ਦੇਣਗੇ ।"

ਮੈਂ ਸਿਰ ਹਿਲਾਇਆ। ਮੇਰੇ ਭਾਈ ਨੇ ਕਿਹਾ, "ਕੀ ਤੁਸੀਂ ਨਹੀਂ ਚਾਹੁੰਦੇ ਹੋ ਕਿ ਪਿਤਾ ਜੀ ਆਪੇ ਆਪਣੀ ਸਰਜਰੀ ਕਰਨ?"

"ਮੈਂ ਇਹ ਹੁੰਦਾ ਵੇਖਣਾ ਚਾਹੁੰਦਾ ਹਾਂ" ਮੈਂ ਕਿਹਾ ।

ਮੇਰੇ ਭਾਈ ਨੇ ਕਿਹਾ, "ਇਸ ਲਈ ਅਸੀਂ ਡਾ. ਚੇਨ ਜਾਂ ਡਾ. ਵੈਂਗ ਕੋਲ ਨਹੀਂ ਜਾ ਸਕਦੇ । ਚਲੋ ਅਪ੍ਰੇਸ਼ਨ ਰੂਮ ਵਿੱਚ ਚੱਲੀਏ ਅਤੇ ਇੱਕ ਸਰਜੀਕਲ ਬੈਗ ਲੈ ਚੱਲੀਏ । ਸਾਡੇ ਘਰ ਵਿੱਚ ਇੱਕ ਵੱਡਾ ਸ਼ੀਸ਼ਾ ਹੈ..."

ਮੈਂ ਖ਼ੁਸ਼ੀ ਨਾਲ ਕਿਲਕਿਆ: "ਇਸ ਤਰ੍ਹਾਂ ਮੈਂ ਆਪਣੇ ਪਿਤਾ ਨੂੰ ਆਪਣੇ ਆਪ ਦੀ ਸਰਜਰੀ ਕਰਵਾ ਸਕਦਾ ਹਾਂ ।

ਜਦੋਂ ਅਸੀਂ ਹਸਪਤਾਲ ਅੱਪੜੇ । ਉਹ ਸਾਰੇ ਦੁਪਹਿਰ ਦੀਆਂ ਰੋਟੀਆਂ ਖਾਣ ਲਈ ਕੈਫੇਟੇਰੀਆ ਚਲੇ ਗਏ ਸਨ। ਅਪ੍ਰੇਸ਼ਨ ਰੂਮ ਵਿੱਚ ਸਿਰਫ਼ ਇੱਕ ਨਰਸ ਸੀ। ਮੇਰੇ ਭਾਈ ਨੇ ਮੈਨੂੰ ਉਸ ਨਾਲ ਗੱਲ ਕਰਨ ਲਈ ਕਿਹਾ, ਇਸ ਲਈ ਮੈਂ ਉਨ੍ਹਾਂ ਕੋਲ ਗਿਆ ਅਤੇ ਨਰਸ ਨੂੰ ਮਾਸੀ ਕਹਿ ਕੇ ਬੁਲਾਇਆ ਅਤੇ ਉਸ ਨੂੰ ਪੁੱਛਿਆ ਕਿ ਉਹ ਇੰਨੀ ਸੋਹਣੀ ਕਿਉਂ ਹੈ।, ਇਹ ਸੁਣ ਉਹ ਦੇਰ ਤਕ ਹੱਸਦੀ ਰਹੀ, ਇੰਨੇ ਨੂੰ ਮੇਰੇ ਭਾਈ ਨੇ ਸਰਜੀਕਲ ਬੈਗ ਚੁੱਕ ਲਿਆ ।

ਫਿਰ ਅਸੀਂ ਘਰ ਪਰਤ ਆਏ । ਜਦੋਂ ਸਾਡੇ ਪਿਤਾ ਜੀ ਨੇ ਸਾਨੂੰ ਆਉਂਦਿਆਂ ਨੂੰ ਸੁਣਿਆ ਤਾਂ ਅੰਦਰਲੀ ਸਬਾਤ ਚੋਂ ਹੌਲੀ ਜਿਹੀ ਹਾਕ ਮਾਰੀ: "ਡਾ. ਚੇਨ, ਡਾ. ਵੈਂਗ, ਕੀ ਤੁਸੀਂ ਆ ਗਏ?

ਅਸੀਂ ਅੰਦਰ ਆਏ ਅਤੇ ਆਪਣੇ ਪਿਤਾ ਦੇ ਮੱਥੇ 'ਤੇ ਮੁੜ੍ਹਕਾ ਆਇਆ ਵੇਖਿਆ ?" ਇਹ ਮੁੜ੍ਹਕਾ ਪਿਤਾ ਜੀ ਦੇ ਪੀੜ ਨਾਲ ਘੋਲ ਕਰਨ ਵਜੋਂ ਆਇਆ ਹੋਇਆ ਸੀ। ਜਦੋਂ ਮੇਰੇ ਪਿਤਾ ਨੇ ਵੇਖਿਆ ਕਿ ਆਉਣ ਵਾਲਿਆਂ 'ਚ ਨਾ ਤਾਂ ਡਾ. ਚੇਨ ਅਤੇ ਨਾ ਹੀ ਡਾ. ਵੈਂਗ ਸਨ, ਪਰ ਉਨ੍ਹਾਂ ਦੇ ਦੋ ਪੁੱਤਰ, ਮੇਰਾ ਭਾਈ ਅਤੇ ਮੈਂ ਸਾਂ, ਉਨ੍ਹਾਂ ਨੇ ਸਾਨੂੰ ਨਿਮਰਤਾ ਨਾਲ ਪੁੱਛਿਆ: "ਡਾ. ਚੇਨ ਕਿੱਥੇ ਹੈ? ਡਾ. ਚੇਨ ਕਿਉਂ ਨਹੀਂ ਆਏ"?

ਮੇਰੇ ਭਾਈ ਨੇ ਮੈਨੂੰ ਸਰਜੀਕਲ ਬੈਗ ਖੋਲ੍ਹਣ ਲਈ ਕਿਹਾ, ਅਤੇ ਉਹ ਆਪ ਵੱਡਾ ਸ਼ੀਸ਼ਾ ਚੁੱਕ ਲਿਆਇਆ ਜਿਸ ਨੂੰ ਸਾਡੀ ਮਾਂ ਹਰ ਰੋਜ਼ ਥੋੜ੍ਹੀ ਦੇਰ ਲਈ ਵੇਖਦੀ ਸੀ। ਮੇਰੇ ਪਿਤਾ ਨੂੰ ਨਹੀਂ ਪਤਾ ਸੀ ਕਿ ਅਸੀਂ ਕੀ ਕਰਨ ਜਾ ਰਹੇ ਹਾਂ, ਪਰ ਉਹ ਫਿਰ ਵੀ ਪੁੱਛ ਰਿਹੇ ਸਨ: "ਡਾਕਟਰ ਵੈਂਗ, ਕੀ ਡਾਕਟਰ ਵੈਂਗ ਇੱਥੇ ਨਹੀਂ ਆਏ ?"

ਅਸੀਂ ਆਪਣੇ ਪਿਤਾ ਦੇ ਸੱਜੇ ਪਾਸੇ ਰੱਖ ਕੇ ਸਰਜੀਕਲ ਬੈਗ ਨੂੰ ਖੋਲ੍ਹਿਆ, ਫਿਰ ਮੈਂ ਮੰਜੇ 'ਤੇ ਚੜ੍ਹ ਗਿਆ, ਮੈਂ ਅਤੇ ਮੇਰੇ ਭਾਈ ਨੇ ਸ਼ੀਸ਼ਾ ਚੁੱਕ ਉੱਪਰ-ਹੇਠਾਂ ਕੀਤਾ ਇਹ ਵੇਖਣ ਲਈ ਕਿ ਕੀ ਮੇਰੇ ਪਿਤਾ ਜੀ ਆਪਣੇ ਆਪ ਨੂੰ ਸਾਫ਼ ਵੇਖ ਸਕਦੇ ਹਨ, ਆਪਣੇ ਆਪ ਨੂੰ ਠੀਕ ਕਰਨ ਤੋਂ ਬਾਅਦ, ਅਸੀਂ ਜੋਸ਼ ਨਾਲ ਆਪਣੇ ਪਿਤਾ ਨੂੰ ਕਿਹਾ: "ਪਿਤਾ ਜੀ,



ਮਿਹਰਬਾਨੀ ਕਰਕੇ ਛੇਤੀ ਕਰੋ ।"

ਸਾਡੇ ਪਿਤਾ ਦਾ ਚਿਹਰਾ ਉਸ ਸਮੇਂ ਪੀੜ ਨਾਲ ਮਰੋੜਿਆ ਹੋਇਆ ਸੀ, ਉਨ੍ਹਾਂ ਨੇ ਸਾਹ ਰੋਕ ਕੇ ਸਾਡੇ ਵੱਲ ਦੇਖਿਆ ਅਤੇ ਡਾਕਟਰ ਚੇਨ ਬਾਰੇ ਕੁਝ ਪੁੱਛਿਆ ।" ਉਹ ਅਜੇ ਵੀ ਡਾ. ਚੇਨ ਅਤੇ ਡਾ. ਵੈਂਗ ਬਾਰੇ ਪੁੱਛ ਰਿਹੇ ਸਨ, ਅਸੀਂ ਚੀਕਦੇ ਹੋਏ ਕਿਹਾ: "ਪਿਤਾ ਜੀ, ਛੇਤੀ ਕਰੋ, ਨਹੀਂ ਤਾਂ ਤੁਹਾਡਾ ਅਪੈਂਡਿਕਸ ਵਿੰਨ੍ਹਿਆ ਜਾਵੇਗਾ" ।

ਸਾਡੇ ਪਿਤਾ ਜੀ ਨੇ ਮਰੀ ਜਿਹੀ ਅਵਾਜ਼ 'ਚ ਪੁੱਛਿਆ: "ਕੀ." ਛੇਤੀ ?"

ਅਸੀਂ ਕਿਹਾ, "ਪਿਤਾ ਜੀ, ਮਿਹਰਬਾਨੀ ਕਰਕੇ ਆਪਣੇ ਆਪ ਦਾ ਆਪ੍ਰੇਸ਼ਨ ਕਰੋ" ।

ਹੁਣ, ਸਾਡੇ ਪਿਤਾ ਜੀ ਨੂੰ ਅਚਨਚੇਤ ਸਾਰੀ ਗੱਲ ਸਮਝ ਆ ਗਈ । ਉਸ ਨੇ ਸਾਡੇ ਵੱਲ ਆਪਣੀਆਂ ਅੱਖਾਂ ਕੱਢ ਸਾਨੂੰ ਗਾਲ੍ਹ ਕੱਢੀ: "ਜਨੌਰੋ"।

ਮੈਂ ਘਾਬਰ ਗਿਆ ਅਤੇ ਮੈਨੂੰ ਪਤਾ ਨਹੀਂ ਲਗ ਰਿਹਾ ਸੀ ਕਿ ਮੈਂ ਕੀ ਗ਼ਲਤ ਕਰ ਦਿੱਤਾ ਹੈ। ਮੈਂ ਆਪਣੇ ਭਾਈ ਵੱਲ ਵੇਖਿਆ, ਮੇਰਾ ਭਾਈ ਵੀ ਘਾਬਰਿਆ ਪਿਆ ਸੀ, ਉਸ ਨੇ ਆਪਣੇ ਪਿਤਾ ਵੱਲ ਦੇਖਿਆ, ਜੋ ਇਨ੍ਹੀਂ ਪੀੜ ਵਿੱਚ ਸਨ ਕਿ ਉਨ੍ਹਾਂ ਤੋਂ ਬੋਲਿਆ ਨਹੀਂ ਜਾ ਰਿਹਾ ਸੀ, ਉਹ ਸਾਨੂੰ ਵੇਖ ਹੀ ਰਹੇ ਸਨ। ਮੇਰੇ ਭਾਈ ਨੇ ਛੇਤੀ ਹੀ ਪਤਾ ਲਗਾਇਆ ਕਿ ਮੇਰੇ ਪਿਤਾ ਜੀ ਸਾਨੂੰ ਕਿਉਂ ਝਿੜਕ ਰਹੇ ਸਨ। ਉਸ ਨੇ ਕਿਹਾ: "ਪਿਤਾ ਜੀ ਦੀ ਪੈਂਟ ਅਜੇ ਤੱਕ ਨਹੀਂ ਉਤਾਰੀ ਗਈ ਹੈ"।

ਮੇਰੇ ਭਾਈ ਨੇ ਮੈਨੂੰ ਸ਼ੀਸ਼ਾ ਫੜਨ ਲਈ ਕਿਹਾ ਅਤੇ ਆਪ ਪਿਤਾ ਜੀ ਦੀ ਪੈਂਟ ਨੂੰ ਖ਼ੁਦ ਉਤਾਰਨ ਲੱਗਿਆ, ਪਰ ਸਾਡੇ ਪਿਤਾ ਜੀ ਨੇ ਮੇਰੇ ਭਾਈ ਦੇ ਮੂੰਹ 'ਤੇ ਥੱਪੜ ਜੜ ਦਿੱਤਾ ਅਤੇ ਆਪਣੀ ਪੂਰੀ ਤਾਕਤ ਨਾਲ ਸਾਨੂੰ ਗਾਲ੍ਹ ਕੱਢੀ: "ਜਨੌਰੋ" ।

ਮੇਰਾ ਭਰਾ ਇੰਨਾ ਡਰਿਆ ਕਿ ਉਹ ਛੇਤੀ ਦੇਣੇ ਮੰਜੇ ਤੋਂ ਖਿਸਕ ਗਿਆ

ਅਤੇ ਮੈਂ ਵੀ ਉਸ ਦੇ ਪਿੱਛੇ-ਪਿੱਛੇ ਛੇਤੀ ਦੇਣੇ ਆਪਣੇ ਪਿਤਾ ਦੇ ਪੈਰਾਂ ਵੱਲੋਂ ਦੀ ਮੰਜੇ ਤੋਂ ਖਿਸਕ ਗਿਆ । ਅਸੀਂ ਇਕੱਠੇ ਖੜ੍ਹੇ ਹੋ ਕੇ ਆਪਣੇ ਪਿਤਾ ਨੂੰ ਬਿਸਤਰੇ 'ਤੇ ਕਮਜ਼ੋਰ ਅਤੇ ਗ਼ੁੱਸੇ ਵਿਚ ਪਏ ਨੂੰ ਵੇਖ ਰਹੇ ਸਨ । ਮੈਂ ਆਪਣੇ ਭਾਈ ਨੂੰ ਪੁੱਛਿਆ: "ਕੀ ਪਿਤਾ ਜੀ ਅਪਰੇਸ਼ਨ ਕਰਨ ਲਈ ਤਿਆਰ ਨਹੀਂ ਹਨ ?"

ਮੇਰੇ ਭਾਈ ਨੇ ਕਿਹਾ: "ਮੈਨੂੰ ਨਹੀਂ ਜੇ ਪਤਾ ।"

ਬਾਅਦ ਵਿੱਚ, ਸਾਡੇ ਪਿਤਾ ਜੀ ਰੋ ਪਏ । ਉਹ ਹੰਝੂ ਵਹਾਉਣ ਲਾਗ ਪਏ ਅਤੇ ਉਨ੍ਹਾਂ ਸਾਨੂੰ ਰੁਕ-ਰੁਕ ਕੇ ਕਿਹਾ: "ਅੱਛਾ ਪੁੱਤਰ, ਜਲਦੀ ਜਾਓ... ਜਾ ਕੇ ਬੁਲਾਓ... ਮਾਂ, ਮਾਂ ਨੂੰ ਬੁਲਾਓ । ..."

ਸਾਨੂੰ ਉਮੀਦ ਸੀ ਕਿ ਸਾਡੇ ਪਿਤਾ ਇੱਕ ਹੀਰੋ ਵਰਗੇ ਹੋਣਗੇ ਜਿਨ੍ਹਾਂ ਨੇ ਕਿ ਆਪਣੇ ਆਪ ਆਵਦਾ ਅਪਰੇਸ਼ਨ ਕੀਤਾ?, ਪਰ ਉਹ ਰੋ ਰਹੇ ਸਨ। ਮੈਂ ਅਤੇ ਮੇਰਾ ਭਾਈ ਕੁਝ ਦੇਰ ਲਈ ਆਪਣੇ ਪਿਤਾ ਵੱਲ ਦੇਖਦੇ ਰਹੇ, ਅਤੇ ਫਿਰ ਮੇਰੇ ਭਾਈ ਨੇ ਮੇਰਾ ਹੱਥ ਫੜਿਆ ਅਤੇ ਬੂਹੇ, ਪੌੜੀਆਂ ਅਤੇ ਹੇਠਾਂ ਵੀਹੀ ਵੱਲੋਂ ਹੁੰਦਾ ਬਾਹਰ ਨੂੰ ਨੱਸ ਤੁਰਿਆ... ਇਸ ਵਾਰ ਅਸੀਂ ਆਪਣੇ ਫ਼ੈਸਲੇ ਖ਼ੁਦ ਨਹੀਂ ਲਏ, ਅਸੀਂ ਆਪਣੀ ਮਾਂ ਨੂੰ ਸੱਦ ਲਿਆਏ।

ਜਦੋਂ ਸਾਡੇ ਪਿਤਾ ਜੀ ਨੂੰ ਅਪ੍ਰੇਸ਼ਨ ਰੂਮ ਵਿੱਚ ਭੇਜਿਆ ਗਿਆ, ਤਾਂ ਉਹਨਾਂ ਦੇ ਅਪੈਂਡਿਕਸ ਵਿੱਚ ਛੇਕ ਹੋ ਗਿਆ ਸੀ ਅਤੇ ਉਹਨਾਂ ਦਾ ਢਿੱਡ ਮੁਆਦ ਨਾਲ ਭਰ ਗਿਆ ਸੀ। ਠੀਕ ਹੋਣ ਤੋਂ ਪਹਿਲਾਂ ਉਹ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਹਸਪਤਾਲ ਦੇ ਬਿਸਤਰੇ 'ਤੇ ਅਤੇ ਫਿਰ ਇੱਕ ਹੋਰ ਮਹੀਨੇ ਲਈ ਘਰੇ ਪਏ ਰਹੇ । ਠੀਕ ਹੋਣ 'ਤੇ ਉਹਨਾਂ ਦੁਬਾਰਾ ਆਪਣਾ ਸਫ਼ੈਦ ਕੋਟ ਪਾਇਆ ਅਤੇ ਉਹ ਫੇਰ ਤੋਂ ਡਾਕਟਰ ਬਣ ਗਏ, ਪਰ ਉਹ ਹੁਣ ਇੱਕ ਸਰਜਨ ਨਹੀਂ ਬਣ ਸਕਦੇ ਸਨ, ਕਿਉਂਕਿ ਉਹਨਾਂ ਆਪਣੀ ਪਹਿਲਾਂ ਵਾਲੀ ਤਾਕਤ ਗੁਆ ਲਈ ਸੀ, ਇੱਕ ਘੰਟੇ ਤੋਂ ਵੱਧ ਅਪ੍ਰੇਸ਼ਨ ਵਾਲੀ ਮੇਜ਼ ਦੇ ਸਾਹਮਣੇ ਖੜ੍ਹੇ ਰਹਿਣ ਤੋਂ ਬਾਅਦ ਉਨ੍ਹਾਂ ਨੂੰ ਚੱਕਰ ਆਉਣ ਲਗ ਜਾਂਦੇ ਸਨ । ਉਨ੍ਹਾਂ ਦਾ ਇਕਦਮ ਬਹੁਤ ਸਾਰਾ ਭਾਰ ਘੱਟ ਗਿਆ ਸੀ, ਅਤੇ ਇਹ ਭਾਰ ਫੇਰ ਨਹੀਂ ਸੀ ਵਧਿਆ। ਜਦੋਂ ਉਹ ਤੁਰਦਾ ਸੀ ਤਾਂ ਉਨ੍ਹਾਂ ਦੀਆਂ ਪੈੜਾਂ ਵਿੱਚ ਹੁਣ ਪਹਿਲਾਂ ਵਾਂਗ ਧਮਕ ਨਹੀਂ ਸੀ ਰਹਿ ਗਈ ਸੀ। ਉਹ ਵੱਡੀ ਪੁਲਾਂਘ ਤੇ ਸ਼ੁਰੂ ਕਰਕੇ ਛੋਟੀਆਂ ਪੁਲਾਂਘਾਂ ਤੇ ਆ ਜਾਂਦਾ । ਸਰਦੀਆਂ ਵਿੱਚ, ਉਸ ਨੂੰ ਲਗਭਗ ਹਰ ਰੋਜ਼ ਜ਼ੁਕਾਮ ਹੋ ਜਾਂਦਾ ਸੀ। ਉਹ ਲਗਭਗ ਹਰ ਰੋਜ਼ ਤੁਰਦਾ ਸੀ। ਇਸ ਲਈ ਉਹ ਸਿਰਫ਼ ਇੱਕ ਡਾਕਟਰ ਵਜੋਂ ਕੰਮ ਕਰ ਸਕਦਾ ਸੀ, ਉਹ ਹਰ ਰੋਜ਼ ਮੇਜ਼ 'ਤੇ ਬੈਠਦਾ, ਆਰਾਮ ਨਾਲ ਗੱਲ ਕਰਦਾ ਅਤੇ ਕੁਝ ਨੁਸਖ਼ੇ ਲਿਖ ਦਿੰਦਾ ਸੀ। ਜਦੋਂ ਉਹ ਕੰਮ ਤੋਂ ਵਿਹਲੇ ਹੋ ਆਪਣੇ ਹੱਥ ਸਪਰਿਟ ਲੱਗੀ ਰੂੰ ਦੇ ਫੇਹੇ ਦੇ ਗੋਲੇ ਨਾਲ ਪੂੰਝਦਾ ਹੋਇਆ ਹੌਲੀ-ਹੌਲੀ ਘਰ ਵੱਲ ਚੱਲ ਪੈਂਦਾ ।

ਜਦੋਂ ਅਸੀਂ ਰਾਤ ਨੂੰ ਸੌਣ ਲਈ ਜਾਂਦੇ, ਤਾਂ ਅਸੀਂ ਅਕਸਰ ਉਨ੍ਹਾਂ ਨੂੰ ਸਾਡੀ ਮਾਂ ਨੂੰ ਇਹ ਸ਼ਿਕਾਇਤ ਕਰਦੇ ਸੁਣਦੇ: "ਲੋਕਾਂ ਭਾਣੇ ਤੂੰ ਮੇਰੇ ਲਈ ਦੋ ਪੁੱਤਰਾਂ ਨੂੰ ਜਨਮ ਦਿੱਤਾ, ਪਰ ਅਸਲ ਵਿੱਚ ਤੂੰ ਦੋ ਅਪੈਂਡਿਕਸ ਨੂੰ ਜਨਮ ਦਿੱਤਾ ਹੈ, ਜੋ ਕਿ ਆਮ ਦਿਨਾਂ ਵਿੱਚ ਕਿਸੇ ਵੀ ਕੰਮ ਦੇ ਨਹੀਂ ਹਨ, ਅਤੇ ਮੁਸੀਬਤ ਵੇਲੇ ਮੈਂ ਇਨ੍ਹਾਂ ਹੱਥੋਂ ਤਕਰੀਬਨ ਆਪਣੀ ਜਾਨ ਤੋਂ ਹੱਥ ਧੋ ਬੈਠਾ ਸੀ ।"

# ਮਹਾਰਾਣੀ ਜਿੰਦ ਕੌਰ ਦੀ ਸਿੱਖ ਰਾਜ ਵਿੱਚ ਭੂਮਿਕਾ

**ਕਮਲਜੀਤ ਕੌਰ**, ਅਧਿਆਪਕਾ,
ਰੈਗੂਲਰ ਸੈਂਟਰ, ਪੰਜਾਬੀ ਅਕਾਦਮੀ
ਦਿੱਲੀ

ਅਸੀਂ ਜਦ ਵੀ ਕਦੇ ਸਿੱਖ ਰਾਜ ਦੀ ਗੱਲ ਕਰਦੇ ਹਾਂ ਤਾਂ ਸਾਡੇ ਸਾਹਮਣੇ ਸਭ ਤੋਂ ਪਹਿਲਾ ਮਹਾਰਾਜਾ ਰਣਜੀਤ ਸਿੰਘ ਦੇ ਖ਼ੁਸ਼ਹਾਲ ਸਿੱਖ ਰਾਜ ਦੀ ਗੱਲ ਆਉਂਦੀ ਹੈ। ਮਹਾਰਾਜਾ ਰਣਜੀਤ ਸਿੰਘ ਦਾ ਸੱਠ ਸਾਲਾਂ ਦੇ ਰਾਜ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਿਰਫ਼ ਇਹ ਹੀ ਨਹੀਂ ਦੱਸਿਆ ਕੇ ਅਸਲ ਵਿੱਚ ਜਨਤਾ ਦਾ ਰਾਜ ਕੀ ਹੁੰਦਾ ਹੈ ਬਲਕਿ ਉਹਨਾਂ ਨੇ ਇਹ ਵੀ ਸਾਬਤ ਕੀਤਾ ਕੇ ਤੁਹਾਡੇ ਕੋਲ ਸੂਝ-ਬੂਝ ਅਤੇ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਪ੍ਰਸ਼ਾਸਨਿਕ ਮਾਮਲਿਆਂ ਦੀ ਸਮਝ ਹੈ ਤਾਂ ਚੰਗੇ ਸ਼ਾਸਕ ਬਣ ਸਕਦੇ ਹੋ। ਦੁਨੀਆ ਤੇ ਸ਼ਾਇਦ ਹੀ ਹੋਰ ਕੋਈ ਅਜਿਹਾ ਰਾਜ ਹੋਵੇ ਜਿਸ ਰਾਜ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਕੋਈ ਸਮਾਨਤਾ ਮਿਲਦੀ ਹੋਵੇ। ਛੋਟੀ ਉਮਰ ਤੋਂ ਰਾਜ ਭਾਗ ਦੀ ਸ਼ੁਰੂਆਤ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸਮਝ ਅਤੇ ਸੂਝ-ਬੂਝ ਨਾਲ ਰਾਜ ਨੂੰ ਕਾਇਮ ਰੱਖਿਆ ਪਰ ਉਹਨਾਂ ਦੀ ਮੌਤ ਤੋਂ ਬਾਅਦ ਸਿੱਖ ਰਾਜ ਦੀ ਸਥਿਤੀ ਬਦਲ ਗਈ। ਰਾਜਨੀਤਕ ਉਥੱਲ-ਪੁੱਥਲ ਨੇ ਸਿੱਖ ਰਾਜ ਦੀ ਜ਼ਿੰਮੇਵਾਰੀ ਮਹਾਰਾਣੀ ਜਿੰਦ ਕੌਰ ਦੇ ਸਾਹਮਣੇ ਲਿਆ ਕੇ ਖੜ੍ਹੀ ਕਰ ਦਿੱਤੀ।

"ਮਹਾਰਾਣੀ ਜਿੰਦ ਕੌਰ, ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਘੱਟ ਉਮਰ ਵਾਲੀ ਅਤੇ ਸਭ ਤੋਂ ਛੋਟੀ ਮਹਾਰਾਣੀ ਸੀ। ਇਸ ਨੇ ਉਸ ਸਮੇਂ ਲਾਹੌਰ ਦਰਬਾਰ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਦੀ ਕੋਸ਼ਸ਼ ਕੀਤੀ ਸੀ ਜਦੋਂ ਚਾਰੇ ਪਾਸੇ ਕਤਲ ਹੀ ਕਤਲ ਹੋ ਰਹੇ ਸਨ: ਸੁਆਰਥੀ ਅਤੇ ਚਲਾਕ ਦਰਬਾਰੀ ਹੀ ਨੀਤੀਆਂ ਉਪਰ ਭਾਰੂ ਸਨ ਅਤੇ ਬ੍ਰਿਟਿਸ਼ ਸਰਕਾਰ ਦੇ ਸੂਹੀਏ ਲਾਹੌਰ ਦਰਬਾਰ ਦੀ ਰਾਜਨੀਤੀ ਵਿੱਚ ਬੇਯਕੀਨੇ ਹਾਲਾਤ ਕਾਇਮ ਕਰਨ ਦੀ ਦੌੜ ਵਿੱਚ ਲੱਗੇ ਹੋਏ ਸਨ। ਖ਼ਾਲਸਾ ਫ਼ੌਜ ਬੇਮੁਹਾਰੇ ਹੋਈ ਵਜ਼ੀਰਾਂ ਅਤੇ ਜਰਨੈਲਾਂ ਨੂੰ ਹੁਕਮ ਦੇ ਅਖ਼ਤਿਆਰ ਹਾਸਲ ਕਰੀ ਬੈਠੀ ਸੀ।... ਅਜਿਹੇ ਬੇਭਰੋਸਗੀ ਵਾਲੀ ਹਾਲਤ ਵਿੱਚ ਲਗਭਗ 26 ਸਾਲਾਂ ਦੀ ਵਿਧਵਾ ਪਰ ਮੁਟਿਆਰ, ਮਹਾਰਾਣੀ ਜਿੰਦ ਕੌਰ ਨੇ ਸਮੇਂ ਅਨੁਸਾਰ ਜਿਨ੍ਹਾਂ ਸਰਦਾਰਾਂ ਜਾਂ ਦਰਬਾਰੀਆਂ ਨੂੰ ਨਾਲ ਲੈ ਕੇ ਹਾਲਾਤ ਨੂੰ ਸੰਭਾਲਣ ਦੀ ਕੋਸ਼ਸ਼ ਕੀਤੀ ਸੀ ਉਹ ਭਾਵੇਂ ਡਰਪੋਕ ਅਤੇ ਆਯੋਗ ਸਨ ਪਰ ਉਹ ਮਹਾਰਾਣੀ ਸਾਹਿਬਾ ਦੇ ਭਰੋਸੇਯੋਗ ਅਤੇ ਵਫ਼ਾਦਾਰ ਸਾਥੀ ਸਨ। ਇਨ੍ਹਾਂ ਦੀ ਅਯੋਗਤਾ ਅਤੇ ਡਰਪੋਕਤਾ ਕਰਕੇ ਹੀ ਮਹਾਰਾਣੀ ਦੀਆਂ ਦਲੇਰੀ ਅਤੇ ਦ੍ਰਿੜ੍ਹਤਾ ਭਰੀਆਂ ਨੀਤੀਆਂ ਅਸਫਲ ਹੋ ਕੇ ਰਹਿ ਗਈਆਂ ਸਨ।'" ਲਾਹੌਰ ਦਰਬਾਰ ਅਤੇ ਸਿੱਖ ਰਾਜ ਦੀ ਵਾਗ ਡੋਰ ਜਿਸ ਸਮੇਂ ਮਹਾਰਾਣੀ ਜਿੰਦ ਕੌਰ ਦੇ ਹੱਥ ਵਿੱਚ ਆਉਂਦੀ ਹੈ ਉਸ ਸਮੇਂ ਦਰਬਾਰ ਵਿੱਚ ਭਰੋਸੇਯੋਗ ਅਤੇ ਨਿਪੁੰਨ ਸਰਦਾਰਾਂ ਦੀ ਗਿਣਤੀ ਘੱਟ ਸੀ ਭਾਵ ਕੋਈ ਇਸ ਸਥਿਤੀ ਵਿੱਚ ਸਾਹਮਣੇ ਆ ਕੇ ਇਸ ਸਥਿਤੀ ਦਾ

ਸਾਹਮਣਾ ਨਹੀਂ ਕਰਨਾ ਚਾਹੁੰਦਾ ਸੀ ਪਰ ਮਹਾਰਾਣੀ ਜਿੰਦ ਕੌਰ ਅਜਿਹੇ ਹਾਲਾਤ ਵਿੱਚ ਆਪਣੇ ਆਖ਼ਰੀ ਸਾਹਾਂ ਤਕ ਸਿੱਖ ਰਾਜ ਦੀ ਬਹਾਲੀ ਅਤੇ ਦੁਸ਼ਮਣਾ ਨੂੰ ਇਸ ਧਰਤੀ ਤੋਂ ਪੁੱਟ ਕੇ ਸੁੱਟਣ ਦੇ ਸੁਪਨੇ ਦੇਖ ਰਹੀ ਸੀ ਅਤੇ ਇਸ ਦੇ ਲਈ ਹਰ ਤਰ੍ਹਾਂ ਦੇ ਹਾਲਾਤ ਨਾਲ ਲੜ ਰਹੀ ਸੀ। ਇਸ ਮਹਾਨ ਨਾਇਕਾ ਦਾ ਨਾਂ ਸੀ ਮਹਾਰਾਣੀ ਜਿੰਦ ਕੌਰ।

ਮਹਾਰਾਣੀ ਜਿੰਦ ਕੌਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਬਹੁਤੀ ਦਿਲਚਸਪੀ ਨਹੀਂ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਕਾਫ਼ੀ ਸਮੇਂ ਬਾਅਦ ਤੱਕ ਨਾ ਰਾਜ ਦੀ ਦਾਅਵੇਦਾਰੀ ਪੇਸ਼ ਕਰਦੀ ਹੈ ਨਾਂ ਹੀ ਮਹਾਰਾਜਾ ਦਲੀਪ ਸਿੰਘ ਨੂੰ ਇਸ ਰਾਜ-ਭਾਗ ਵੱਲ ਪ੍ਰੇਰਿਤ ਕਰਦੀ ਹੈ। ਮਹਾਰਾਣੀ ਜਿੰਦ ਕੌਰ ਉਸ ਵੇਲੇ ਸਾਹਮਣੇ ਆਉਂਦੀ ਹੈ ਜਦ ਮਹਾਰਾਜਾ ਸ਼ੇਰ ਸਿੰਘ, ਸ਼ਹਿਜ਼ਾਦਾ ਪ੍ਰਤਾਪ ਸਿੰਘ ਅਤੇ ਰਾਜਾ ਧਿਆਨ ਸਿੰਘ ਦੇ ਤੀਹਰੇ ਕਤਲ ਨਾਲ ਲਾਹੌਰ ਦਰਬਾਰ ਨੂੰ ਜੜ੍ਹਾਂ ਤੋਂ ਹਲਾ ਕੇ ਰੱਖ ਦਿੱਤਾ ਸੀ। ਇਹ ਗੱਲ 15 ਸਤੰਬਰ, 1843 ਈ. ਦੀ ਗੱਲ ਹੈ। ਇਹਨਾਂ ਕਤਲਾਂ ਨੇ ਲਾਹੌਰ ਦੇ ਤਖ਼ਤ ਦੇ ਵਾਰਿਸਾਂ ਦੀ ਕਤਾਰ ਨੂੰ ਕੰਵਰ ਦਲੀਪ ਸਿੰਘ ਤੱਕ ਪਹੁੰਚਾ ਦਿੱਤਾ ਸੀ। "ਭਾਵੇਂ 15 ਸਤੰਬਰ ਨੂੰ ਕੰਵਰ ਦਲੀਪ ਸਿੰਘ ਨੂੰ ਮਹਾਰਾਜਾ ਘੋਸ਼ਿਤ ਕਰਨ ਸਮੇਂ ਸਾਰੀ ਤਾਕਤ ਰਾਜਾ ਹੀਰਾ ਸਿੰਘ ਦੇ ਆਪਣੇ ਹੱਥ ਵਿੱਚ ਸੀ ਪਰ ਮਹਾਰਾਣੀ ਨੇ ਆਪਣੇ ਆਪ ਨੂੰ ਹੀਰਾ ਸਿੰਘ ਦੇ ਅੱਗੇ ਨੀਵਾਂ ਨਹੀਂ ਕੀਤਾ ਸੀ ਸਗੋਂ ਆਪ ਮਹਾਰਾਜੇ ਦੀ ਨਿਗਰਾਨ ਬਣ ਕੇ ਅਤੇ ਰਾਜ ਮਾਤਾ ਦਾ ਦਰਜਾ ਹਾਸਲ ਕਰਕੇ ਰਾਜਾ ਹੀਰਾ ਸਿੰਘ ਦੇ ਉੱਪਰ ਅੰਕੁਸ਼ ਰੱਖਣ ਵਾਂਗ ਬੈਠ ਗਈ ਸੀ।"? ਮਹਾਰਾਣੀ ਜਿੰਦ ਕੌਰ ਆਪਣੇ ਅਤੇ ਰਾਜ ਦੀ ਮਜ਼ਬੂਤੀ ਲਈ ਕੀਤਾ ਗਿਆ ਇਹ ਕਾਰਜ ਹੀਰਾ ਸਿੰਘ ਅਤੇ ਉਸ ਦੇ ਸਲਾਹਕਾਰ ਪੰਡਤ ਜੱਲਾ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਤੋਂ ਬਾਹਰ ਸੀ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਮਹਾਰਾਣੀ ਜਿੰਦ ਕੌਰ ਐਨੀ ਤਾਕਤ ਆਪਣੇ ਕੋਲ ਰੱਖੇ ਪਰ ਉਨ੍ਹਾਂ ਦੇ ਚਾਹੁਣ ਦੇ ਬਾਵਜੂਦ ਵੀ ਮਹਾਰਾਣੀ ਜਿੰਦ ਕੌਰ ਨੂੰ ਮਾਤ ਨਹੀਂ ਪਾ ਸਕੇ।



ਮਹਾਰਾਣੀ ਜਿੰਦ ਕੌਰ ਅਤੇ ਮਹਾਰਾਜਾ ਦਲੀਪ ਸਿੰਘ ਦੇ ਖ਼ਿਲਾਫ਼ ਰਾਜਾ ਹੀਰਾ ਸਿੰਘ ਦੀਆਂ ਸਾਜ਼ਿਸ਼ਾਂ ਚਲਦੀਆਂ ਰਹੀਆਂ। ਜਦ ਮਹਾਰਾਣੀ ਜਿੰਦ ਕੌਰ ਨੂੰ ਪਤਾ ਲੱਗਾ ਕਿ ਰਾਜਾ ਹੀਰਾ ਸਿੰਘ ਮਾਂ ਅਤੇ ਪੁੱਤ ਦੋਹਾਂ ਨੂੰ ਇਕ ਫ਼ੌਜੀ ਬਗ਼ਾਵਤ ਰਾਹੀਂ ਮਰਵਾ ਕੇ ਕੰਵਰ ਪਿਸ਼ੌਰਾ ਸਿੰਘ ਨੂੰ ਮਹਾਰਾਜਾ ਐਲਾਨ ਕਰਨ ਦੀ ਸਾਜ਼ਸ਼ ਰਚ ਰਿਹਾ ਹੈ ਤਾਂ ਮਹਾਰਾਣੀ ਜਿੰਦ ਕੌਰ ਆਪ ਮਹਾਰਾਜਾ ਦਲੀਪ ਸਿੰਘ ਨੂੰ ਲੈ ਕੇ 21 ਦਸੰਬਰ 1844 ਨੂੰ ਲਾਹੌਰ ਦੀ ਮੀਆਂ ਮੀਰ ਛਾਉਣੀ ਵਿੱਚ ਜਰਨਲ ਵੈਂਤੁਰਾ ਪਲਟਨ ਵਿੱਚ ਪਹੁੰਚ ਕੇ ਫ਼ੌਜ ਨੂੰ ਸਾਰੀ ਗੱਲ ਦੱਸ ਕੇ ਰਾਜਾ ਹੀਰਾ ਸਿੰਘ ਨੂੰ ਸਜ਼ਾ ਦੇਣ ਦਾ ਹੁਕਮ ਦਿੰਦੀ ਹੈ।

ਰਾਜਾ ਹੀਰਾ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਣੀ ਜਿੰਦ ਕੌਰ ਦਰਬਾਰ ਵਿੱਚ ਇਕੱਲੀ ਰਹਿ ਜਾਂਦੀ ਹੈ ਅਤੇ ਤਖ਼ਤ ਦੀ ਸਾਰੀ ਤਾਕਤ ਮਹਾਰਾਣੀ ਜਿੰਦ ਕੌਰ ਦੇ ਹੱਥਾਂ ਵਿੱਚ ਆ ਜਾਂਦੀ ਹੈ। ਮਹਾਰਾਣੀ ਜਿੰਦ ਕੌਰ ਕਈ ਇਮਾਨਦਾਰ ਸਰਦਾਰ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਦੀ ਪੇਸ਼ਕਸ਼ ਕਰਦੀ ਹੈ ਜਿਸ ਵਿੱਚ ਰਾਜਾ ਗੁਲਾਬ ਸਿੰਘ, ਸ. ਲਹਿਣਾ ਸਿੰਘ ਮਜੀਠੀਆ ਅਤੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਮੁੱਖ ਸਨ ਪਰ ਕੋਈ ਵੀ ਇਹ ਅਹੁਦਾ ਸੰਭਾਲਣ ਲਈ ਅੱਗੇ ਨਹੀਂ ਆਇਆ। ਅਖੀਰ ਜਦ ਕੋਈ ਵੀ ਅਹੁਦਾ ਸੰਭਾਲਣ ਲਈ ਅੱਗੇ ਨਹੀਂ ਆਇਆ ਤਾਂ ਮਹਾਰਾਣੀ ਜਿੰਦ ਕੌਰ ਨੇ ਖੁਦ ਹੀ ਹਕੂਮਤ ਦਾ ਕੰਮ ਸੰਭਾਲਿਆ। ਉਹਨਾਂ ਨੇ ਇਸਤਰੀ ਵਾਲਾ ਭੇਸ ਲਾਹ ਕੇ ਫ਼ੌਜੀ ਜਰਨੈਲਾਂ ਵਾਲਾ ਭੇਸ ਪਹਿਨ ਕੇ ਹਰ ਰੋਜ਼ ਫ਼ੌਜੀ ਪਲਟਨਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ ਸੀ। ਉਹ ਉਹਨਾਂ ਦੀਆਂ ਮੰਗਾਂ ਸੁਣਦੀ ਅਤੇ ਉਹਨਾਂ ਨੂੰ ਪੂਰਾ ਕਰਦੀ। 26 ਸਾਲਾਂ ਦੀ ਉਮਰ ਵਿੱਚ ਮਹਾਰਾਣੀ ਜਿੰਦ ਕੌਰ ਸਾਰੀਆਂ ਰਜਮੈਂਟਾ ਦੇ ਆਕਰਸ਼ਣ ਦਾ ਕੇਂਦਰ ਬਣ ਗਈ ਅਤੇ ਫ਼ੌਜੀ ਉਹਨਾਂ ਨੂੰ ਰਾਜ ਮਾਤਾ ਕਹਿ ਕੇ ਪੁਕਾਰਦੇ ਅਤੇ ਉਹਨਾਂ ਦੇ ਪੈਰਾਂ ਨੂੰ ਛੂਹ ਕੇ ਮਿਲਦੇ। ਮਹਾਰਾਣੀ ਜਿੰਦ ਕੌਰ ਦੇ ਇਸ ਕਾਰਜ ਦੀ ਆਲੋਚਨਾ ਹੋਣੀ ਸ਼ੁਰੂ ਹੁੰਦੀ ਹੈ ਪਰ ਉਹ ਬਿਨਾ ਕਿਸੇ ਦੀ ਪਰਵਾਹ ਕਿਤੇ ਸਿੱਖ ਰਾਜ ਦੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਗਏ। ਗਵਰਨਰ ਜਰਨਲ ਹਾਰਡਿੰਗ ਨੇ ਮਹਾਰਾਣੀ ਜਿੰਦ ਕੌਰ ਦੇ ਕੰਮਾਂ ਦੀ ਪ੍ਰਸੰਸਾ ਕੀਤੀ।



ਮਹਾਰਾਣੀ ਜਿੰਦ ਕੌਰ ਨੇ ਸਿੱਖ ਰਾਜ ਭਾਗ ਨੂੰ ਬਚਾਉਣ ਅਤੇ ਕਾਇਮ ਰੱਖਣ ਦੇ ਲਈ ਹਰ ਹੀਲਾ-ਵਸੀਲਾ ਵਰਤਦੀ ਹੈ। ਮਹਾਰਾਣੀ ਕੋਲ ਕੋਈ ਵੀ ਯੋਗ ਸੈਨਾਪਤੀ ਨਹੀਂ ਸੀ ਅਤੇ ਜਿਹੜੇ ਯੋਗ ਸਨ ਉਹ ਸੈਨਾਪਤੀ ਨਹੀਂ ਬਣਨਾ ਚਾਹੁੰਦੇ ਸਨ। ਦੂਜੇ ਪਾਸੇ ਸਿੱਖ ਫ਼ੌਜਾਂ ਨੇ ਅੰਗਰੇਜ਼ੀ ਹਕੂਮਤ ਦੀ ਸਿੱਖ ਰਾਜ ਵਿੱਚ ਵਧ ਰਹੀ ਸ਼ਕਤੀ ਨੂੰ ਰੋਕਣ ਦਾ ਫ਼ੈਸਲਾ ਕੀਤਾ ਹੋਇਆ ਸੀ। ਅਜਿਹੇ ਹਾਲਾਤ ਵਿੱਚ ਸਿੱਖ ਸੈਨਾ ਅੰਗਰੇਜ਼ਾਂ ਨਾਲ ਲੜਾਈ ਕਰਨ ਦਾ ਫ਼ੈਸਲਾ ਕਰਦੀ ਹੈ। ਅਖੀਰ ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ ਜੰਗ ਹੁੰਦੀ ਹੈ। ਜਿਸ

ਜੰਗ ਨੂੰ ਹਿੰਦ-ਪੰਜਾਬ ਦੀ ਜੰਗ ਵੀ ਕਿਹਾ ਜਾਂਦਾ ਹੈ। 18 ਦਸੰਬਰ ਈ. ਨੂੰ ਮੁਦਕੀ, 21 ਦਸੰਬਰ ਨੂੰ ਫ਼ਿਰੋਜ਼ ਸ਼ਹਿਰ ਦੀ ਲੜਾਈ ਵਿੱਚ ਖ਼ਾਲਸਾ ਫ਼ੌਜ ਯੁੱਧ ਹਾਰਦੀ ਹੈ। ਜਦ ਇਸ ਦੀਆਂ ਖ਼ਬਰਾਂ ਮਹਾਰਾਣੀ ਜਿੰਦ ਕੌਰ ਕੋਲ ਪਹੁੰਚਦੀਆਂ ਹਨ ਤਾਂ ਉਹ ਸ਼ਾਮ ਸਿੰਘ ਅਟਾਰੀ ਵਾਲੇ ਅਤੇ ਰਾਜਾ ਗੁਲਾਬ ਸਿੰਘ ਨੂੰ ਤੁਰੰਤ ਲਾਹੌਰ ਪਹੁੰਚਣ ਦਾ ਹੁਕਮ ਦਿੰਦੀ ਹੈ। ਰਾਜਾ ਗੁਲਾਬ ਸਿੰਘ ਲਾਹੌਰ ਨਹੀਂ ਪੁੱਜਦਾ। 'ਸ. ਸ਼ਾਮ ਸਿੰਘ ਅਟਾਰੀ ਵਾਲਾ ਆਪਣੀ ਇੱਛਾ ਦੇ ਉਲਟ ਅਣਚਾਹੀ ਲੜਾਈ ਵਿੱਚ ਜਾਣਾ ਨਹੀਂ ਸੀ ਚਾਹੁੰਦਾ। ਮਹਾਰਾਣੀ ਨੇ ਉਸ ਨੂੰ ਘਰ ਬੈਠੇ ਨੂੰ ਹੀ ਫ਼ੌਜ ਦਾ ਸੈਨਾਪਤੀ ਨੀਅਤ ਕੀਤਾ ਅਤੇ ਆਖ਼ਰੀ ਹੁਕਮ ਭੇਜਦਿਆਂ ਕਿਹਾ ਕੇ ਜੇਕਰ ਉਸ ਨੇ ਹਾਰਦੀ ਜਾ ਰਹੀ ਫ਼ੌਜ ਦੀ ਕਮਾਂਡ ਨਾ ਸੰਭਾਲੀ ਤਾਂ ਉਹ ਖ਼ੁਦ ਮੈਦਾਨ ਵਿੱਚ ਜਾਵੇਗੀ'। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਜਦ ਫ਼ੌਜ ਦੀ ਕਮਾਨ ਸੰਭਾਲੀ ਤਦ ਤਕ ਫ਼ੌਜ ਕੋਲ ਅਸਲੇ ਅਤੇ ਖਾਣ-ਪੀਣ ਦੀ ਕਮੀ ਹੋ ਚੁੱਕੀ ਸੀ ਅਤੇ ਫ਼ੌਜ ਲੜ ਕੇ ਥੱਕ ਚੁੱਕੀ ਸੀ ਪਰ ਫਿਰ ਵੀ ਸਰਦਾਰ ਅਟਾਰੀ ਵਾਲਾ ਦੀ ਅਗਵਾਈ ਵਿੱਚ ਫ਼ੌਜ ਅੰਗਰੇਜ਼ਾਂ ਦੇ ਖ਼ਿਲਾਫ਼ ਲੜਦੀ ਹੈ। ਇਸ ਲੜਾਈ ਵਿੱਚ ਡੋਗਰਾ, ਰਾਜਪੂਤ ਅਤੇ ਹੋਰ ਗੈਰ ਸਿੱਖ ਰਜਮੈਂਟਾ ਇਸ ਲੜਾਈ ਤੋਂ ਬਾਹਰ ਹੀ ਰਹੀਆਂ। ਅੰਤ ਨੂੰ ਸਿੱਖ ਫ਼ੌਜਾਂ ਹਾਰ ਗਈਆਂ ਅਤੇ ਇਸ ਲੜਾਈ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ ਕਿ:

ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ ਬੇੜੇ ਤੋਪਾਂ ਦੇ ਸਭ ਖੁਹਾਇ ਆਏ
ਛੇੜ ਆਫ਼ਤਾਂ ਨੂੰ ਮਗਰ ਲਾਇਓ ਨੇ ਸਗੋਂ ਆਪਣਾ ਆਪ ਗਵਾਇ ਆਏ
ਸੁਖੀ ਵਸਦਾ ਸ਼ਹਿਰ ਲਾਹੌਰ ਸਾਰਾ ਸਗੋਂ ਕੁੰਜੀਆਂ ਹੱਥ ਫੜਾਇ ਆਏ।

ਮਹਾਰਾਣੀ ਜਿੰਦ ਕੌਰ ਨੇ ਛੋਟੀ ਜਿਹੀ ਉਮਰ ਵਿੱਚ ਵੱਡੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦਾ ਕਾਰਜ ਬਾਖ਼ੂਬੀ ਕੀਤਾ। ਪਰ ਉਹ ਉਹਨਾਂ ਕੋਲ ਮਹਾਰਾਜਾ ਰਣਜੀਤ ਸਿੰਘ ਜਿੰਨੀ ਤੀਖਣ ਸੂਝ ਬੂਝ ਨਾ ਹੋਣ ਕਰਕੇ ਉਹ ਸਿੱਖ ਰਾਜ ਨੂੰ ਬਰਕਰਾਰ ਰੱਖਣ ਵਿੱਚ ਅਸਫਲ ਰਹੇ। ਬੇਸ਼ੱਕ ਉਹਨਾਂ ਤੇ ਆਲੇ-ਦੁਆਲੇ ਦਾ ਜੋ ਚੁਗਿਰਦਾ ਸੀ ਉਸ ਵਿੱਚ ਵੀ ਉਹਨਾਂ ਕੋਲ ਤੀਖਣ ਅਤੇ ਦੂਰ ਅੰਦੇਸ਼ੀ ਨਜ਼ਰ ਵਾਲੇ ਵਿਅਕਤੀ ਨਹੀਂ ਸਨ ਜਿਸ ਕਰਕੇ ਉਹ ਸਿੱਖ ਰਾਜ ਅਤੇ ਹਕੂਮਤ ਕਾਇਮ ਰੱਖ ਸਕਦੀ।

ਮਹਾਰਾਣੀ ਜਿੰਦ ਕੌਰ ਦੇ ਕੀਤੇ ਗਏ ਅਣਥੱਕ ਯਤਨਾਂ ਅਤੇ ਮਿਹਨਤ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ੀ ਹਕੂਮਤ ਤੁਰੰਤ ਹਮਲਾ ਨਹੀਂ ਕਰਦੀ ਬਲਕਿ ਸਿੱਖ ਫ਼ੌਜਾਂ ਦੇ ਹਾਰਨ ਤੋਂ ਬਾਅਦ ਵੀ ਉਹ ਮਹਾਰਾਣੀ ਜਿੰਦ ਕੌਰ ਨਾਲ ਸੰਧੀਆਂ ਕਰਨ ਦਾ ਯਤਨ ਕਰਦੇ ਹਨ। ਪਰ ਫਿਰ ਵੀ "ਮਹਾਰਾਣੀ ਦੀ ਰਾਜਸੀ ਸੂਝ-ਬੂਝ ਦੇਖ ਕੇ ਅਤੇ ਉਸ ਵੱਲੋਂ ਆਪਣੀ ਤਾਕਤ ਨੂੰ ਬਣਾਈ ਰੱਖਣ ਦੀਆਂ ਕੋਸ਼ਿਸ਼ਾਂ ਨੂੰ ਦੇਖ ਕੇ ਹੀ ਗਵਰਨਰ ਜਨਰਲ ਨੇ ਅੰਗਰੇਜ਼ ਰੈਜ਼ੀਡੈਂਟ ਨੂੰ ਸਲਾਹ ਦਿੱਤੀ ਸੀ ਕਿ 'ਲਾਹੌਰ ਵਿੱਚ ਅੰਗਰੇਜ਼ੀ ਕਬਜ਼ੇ ਨੂੰ ਬਣਾਏ ਰੱਖਣ ਲਈ ਅਤੇ ਅੰਗਰੇਜ਼ੀ ਸੈਨਾ ਨੂੰ ਲਗਾਤਾਰ ਰੱਖਣ ਲਈ ਕਿਸੀ ਵੀ ਕੀਤੀ ਜਾਣ ਵਾਲੀ ਸੰਧੀ ਵਿੱਚ ਮਹਾਰਾਣੀ ਦੀ ਤਾਕਤ ਨੂੰ ਛਾਂਗਣਾ ਜ਼ਰੂਰੀ ਸ਼ਰਤ ਹੋਣੀ ਚਾਹੀਦੀ ਹੈ।"

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਮਹਾਰਾਣੀ ਜਿੰਦ ਕੌਰ ਨੇ ਆਪਣੀ ਸਮਝ ਅਤੇ ਸੂਝ- ਬੂਝ ਦੇ ਨਾਲ ਸਿੱਖ ਰਾਜ ਨੂੰ ਜਿੱਥੋਂ ਤਕ ਹੋ ਸਕਿਆ ਕਾਇਮ ਰੱਖਣ ਦੀ ਹਰ ਸੰਭਵ ਕੋਸ਼ਸ਼ ਕੀਤੀ ਸੀ। ਰਾਜਸੀ ਪਿਛੋਕੜ ਨਾ ਹੋਣ ਕਰਕੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਬਹੁਤਾ ਸਮਾ ਨਾ ਗੁਜ਼ਾਰਨ ਕਰਕੇ ਉਹ ਕੁਝ ਮਸਲਿਆਂ ਨੂੰ ਬਾਰੀਕੀ ਨਾਲ ਸਮਝਣ ਅਤੇ ਉਨ੍ਹਾਂ ਦਾ ਹੱਲ ਕਰਨ ਵਿੱਚ ਅਸਫਲ ਰਹੀ। ਮਹਾਰਾਣੀ ਜਿੰਦ ਕੌਰ ਦਾ ਸਿੱਖ ਰਾਜ ਦੇ ਲਈ ਕੀਤੇ ਗਏ ਹਰ ਯਤਨ ਤੋਂ ਇਹ ਅੰਦਾਜ਼ਾ ਤਾਂ ਲਗਾਇਆ ਜਾ ਸਕਦਾ ਹੈ ਕਿ ਉਹ ਸਿੱਖ ਰਾਜ ਨੂੰ ਬਚਾਉਣ ਅਤੇ ਚਲਾਉਣ ਦੇ ਲਈ ਹਰ ਸੰਭਵ ਯਤਨ ਕਰਦੀ ਹੈ ਅਤੇ ਆਪਣੇ ਜੀਵਨ ਦੇ ਅੰਤ ਤੱਕ ਉਹ ਸਿੱਖ ਰਾਜ ਨੂੰ ਮੁੜ ਸਥਾਪਤ ਕਰਨ ਦੀ ਕਾਮਨਾ ਵੀ ਕਰਦੀ ਹੈ ਅਤੇ ਉਸ ਦੇ ਲਈ ਆਪਣੇ ਯਤਨ ਵੀ ਜਾਰੀ ਰੱਖਦੀ ਹੈ। ਆਪਣੇ ਅੰਤਲੇ ਸਮੇਂ ਵਿੱਚ ਵੀ ਉਸ ਦੀ ਇੱਛਾ ਇਹੀ ਰਹੀ ਕੇ ਉਸ ਦੀਆਂ ਅੰਤਿਮ ਰਸਮਾਂ ਸਿੱਖ ਰਾਜ ਦੀ ਧਰਤੀ 'ਤੇ ਹੀ ਕੀਤੀਆਂ ਜਾਣ ਪਰ ਅੰਗਰੇਜ਼ੀ ਹਕੂਮਤ ਨੇ ਅਜਿਹਾ ਕਰਨ ਦੀ ਇਜਾਜ਼ਤ ਮਹਾਰਾਜਾ ਦਲੀਪ ਸਿੰਘ ਨੂੰ ਨਹੀਂ ਦਿੱਤੀ ਸੀ। ਮਹਾਰਾਣੀ ਜਿੰਦ ਕੌਰ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਆਪਣਾ ਸਾਰਾ ਕੁਝ ਸਿੱਖ ਰਾਜ ਦੇ ਲੇਖੇ ਲਾ ਦਿੱਤਾ ਸੀ ਅਤੇ ਅੰਤ ਤਕ ਇਸ ਰਾਜ ਦੀ ਮੁੜ ਸਥਾਪਤੀ ਦਾ ਯਤਨ ਹਮੇਸ਼ਾ ਜਾਰੀ ਰਿਹਾ।

**ਹਵਾਲੇ**

1) ਪ੍ਰੋ. ਸੁਖਦਿਆਲ ਸਿੰਘ, ਮਹਾਰਾਣੀ ਜਿੰਦ ਕੌਰ (ਲੇਖ) ਪੰਨਾ ਨੰ. 3
2) ਗਯਾਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 785
3) ਗਯਾਨ ਸਿੰਘ, ਤਵਾਰੀਖ਼ ਰਾਜ ਖ਼ਾਲਸਾ, ਪੰਨਾ 1013
4) ਸ਼ਾਹ ਮੁਹੰਮਦ, ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ, ਪੰਨਾ 73
5) ਗੰਡਾ ਸਿੰਘ, ਦ ਪੰਜਾਬ ਪਾਸਟ ਐਂਡ ਪਰਾਜ਼ਿਟ, ਪੰਨਾ 92

Punjabilectureskdsir youtube ਚੈਨਲ ਰਾਹੀਂ ਕਰੋ ਘਰੇ ਬੈਠੇ ਤਿਆਰੀ।
ਬਿਲਕੁਲ ਫ੍ਰੀ।
ਜਮਾਤ 6 ਤੋਂ 12 BSER,B.A,M.A, ਰੀਟ, ਪੀ ਐਸ ਟੈਟ, ਸੀਨੀਅਰ ਟੀਚਰ , ਲੈਕਚਰਰ, ਨੈਟ, ਪੰਜਾਬ ਮਾਸਟਰ ਕਾਡਰ, ਰਾਜਸਥਾਨ, ਪੰਜਾਬ,ਹਰਿਆਣਾ ਅਤੇ ਪੂਰੇ ਭਾਰਤ ਵਿੱਚ ਪੰਜਾਬੀ ਵਿਸ਼ੇ ਤੋਂ ਸੰਬੰਧਿਤ ਮੁਕਾਬਲੇ ਪ੍ਰੀਖਿਆ ਦਾ ਸਾਰਾ ਮੈਟਰ ਉਪਲਬਧ ਹੈ।



# ਕਿੱਧਰ ਨੂੰ ਜਾ ਰਿਹਾ ਹੈ ਸਮਾਜ?

**ਸੰਜੀਵ ਸਿੰਘ ਸੈਣੀ**
ਮੋਹਾਲੀ
7888966168

ਅੱਜ ਸਮਾਜ ਵਿੱਚ ਮਾੜੇ ਅਨਸਰਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਅਸੀਂ ਸਾਰੇ ਹੀ ਸਮਾਜ ਦਾ ਹਿੱਸਾ ਹਨ। ਦੇਖਿਆ ਹੀ ਹੈ ਕਿ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਚੋਰੀ, ਡਕੈਤੀ ,ਮਾਰ ਕੁਟਾਈ, ਪਰਸ ਖੋਹਣਾ, ਝਪਟ ਮਾਰਾਂ ਜਿਹੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਹੋਰ ਤਾਂ ਹੋਰ ਕਤਲ ਤੱਕ ਕਰ ਦਿੱਤੇ ਜਾ ਰਹੇ ਹਨ। ਸਮਾਜ ਵਿੱਚ ਰਹਿ ਰਹੇ ਲੋਕ ਚਿੰਤਤ ਹਨ। ਕਿਸੇ ਨੂੰ ਕਹਿਣ ਦਾ ਵੇਲਾ ਨਹੀਂ ਹੈ। ਜੇ ਕੋਈ ਬਰਾਬਰੀ ਕਰਦਾ ਹੈ ਤਾਂ ਚਾਕੂ ਮਾਰ ਦਿੱਤਾ ਜਾਂਦਾ ਹੈ। ਇੰਝ ਜਾਪਦਾ ਹੈ ਕਿ ਲੋਕ ਘਰ ਤੋਂ ਹੀ ਚਾਕੂ ਨਾਲ ਲੈ ਕੇ ਨਿਕਲਦੇ ਹਨ। ਜੇ ਕਿਸੇ ਨੇ ਪਾਰਕਿੰਗ ਵਿੱਚ ਠੀਕ ਗੱਡੀ ਨਹੀਂ ਲਗਾਈ ਹੈ, ਜੇ ਉਸ ਨੂੰ ਕਿਹਾ ਜਾਂਦਾ ਹੈ ਕਿ ਤੂੰ ਗੱਡੀ ਸਹੀ ਲਗਾ, ਉਲਟਾ ਲੜਨ ਨੂੰ ਆਉਂਦਾ ਹੈ। ਇੱਥੋਂ ਤੱਕ ਕਿ ਮਾਰ ਕੁਟਾਈ ਵੀ ਕਰ ਦਿੰਦਾ ਹੈ। ਗਲੀਆਂ ਵਿੱਚ ਜੇ ਗੁਆਂਢੀ ਠੀਕ ਤਰ੍ਹਾਂ ਨਾਲ ਪਾਰਕਿੰਗ ਨਹੀਂ ਕਰਦੇ, ਉਹ ਵੀ ਲੜਾਈ ਝਗੜਾ ਕਰਨ ਨੂੰ ਆ ਜਾਂਦੇ ਹਨ। ਸੜਕ ਤੇ ਜਾਂਦੇ ਹੋਏ ਜੇ ਕੋਈ ਤੁਹਾਡੀ ਗੱਡੀ ਨੂੰ ਸਾਈਡ ਨਹੀਂ ਦਿੰਦਾ ਹੈ, ਤੇਜ਼ ਗੱਡੀ ਮੂਹਰੇ ਲਿਆ ਕੇ ਲੜਾਈ ਝਗੜਾ ਕਰਨਾ ਸ਼ੁਰੂ ਕਰ ਦਿੰਦੇ ਹਨ। ਪਿੱਛੇ ਜਿਹੇ ਤਾਂ ਇੱਕ ਬੰਦੇ ਨੇ ਰਿਵਾਲਵਰ ਹੀ ਕੱਢ ਲਈ ਸੀ। ਅੱਜ ਇਹ ਹਾਲਾਤ ਹੋ ਗਏ ਹਨ। ਵਿਚਾਰਨ ਵਾਲੀ ਗੱਲ ਹੈ ਕਿ ਕਿਹੋ ਜਿਹੇ ਸਮਾਜ ਵਿੱਚ ਅਸੀਂ ਰਹਿ ਰਹੇ ਹਨ। ਅੱਜ ਘਰਾਂ ਵਿੱਚ ਸਹਿਣਸ਼ੀਲਤਾ ਖ਼ਤਮ ਹੋ ਚੁੱਕੀ ਹੈ। ਬੱਚੇ ਮਾਂ ਬਾਪ ਦਾ ਬਿਲਕੁਲ ਵੀ ਕਹਿਣਾ ਨਹੀਂ ਮੰਨਦੇ ਹਨ। ਮਾਂ ਬਾਪ ਦਾ ਬਿਲਕੁਲ ਵੀ ਡਰ ਨਹੀਂ ਹੈ। ਭਰਾ ਭਰਾ ਦਾ ਦੁਸ਼ਮਣ ਬਣ ਗਿਆ ਹੈ। ਪੈਸੇ ਦੀ ਚਕਾਚੌਂਧ ਵਿੱਚ ਧੁੰਦਲੇ ਰਿਸ਼ਤੇ ਪੈ ਗਏ ਹਨ। ਲਾਲਸਾ ਕਾਰਨ ਭਰਾ ਹੱਥੋਂ ਭਰਾ ਦਾ ਕਤਲ ਹੋ ਰਿਹਾ ਹੈ। ਤਲਾਕ ਦੇ ਕੇਸਾਂ ਵਿੱਚ ਲਗਾਤਾਰ ਵੱਧ ਹੁੰਦਾ ਜਾ ਰਿਹਾ ਹੈ। ਬਜ਼ੁਰਗਾਂ ਦਾ ਸਤਿਕਾਰ ਘੱਟ ਗਿਆ ਹੈ। ਆਤਮ ਹੱਤਿਆ, ਖ਼ੁਦਕੁਸ਼ੀ ਦਾ ਰੁਝਾਨ ਵੱਧ ਗਿਆ ਹੈ।



ਪਹਿਲਾਂ ਬਹੁਤ ਵੱਡੇ ਪਰਿਵਾਰ ਹੁੰਦੇ ਸਨ। ਇੱਕ ਦੂਜੇ ਦੀ ਇੱਜ਼ਤ ਤੱਕ ਕਰੀ ਜਾਂਦੀ ਸੀ। ਬਜ਼ੁਰਗਾਂ ਦਾ ਘਰ ਵਿੱਚ ਰੋਹਬ ਹੁੰਦਾ ਸੀ। ਬੱਚੇ ਵੀ ਟੋਕਾ ਟਾਕੀ ਨਹੀਂ ਕਰਦੇ ਸਨ। ਗੱਲ ਨੂੰ ਸੁਣ ਲੈਂਦੇ ਸਨ, ਇੱਥੋਂ ਤੱਕ ਕਿ ਜੇ ਕੋਈ ਬੱਚਾ ਗ਼ਲਤ ਹੁੰਦਾ ਸੀ ਜੇ ਪਿੰਡ ਦਾ ਕੋਈ ਥੱਪੜ ਵੀ ਮਾਰ ਦੇਵੇ, ਮਜਾਲ ਹੈ ! ਜੇ ਘਰ ਉਸ ਦੇ ਲਾਂਬਾ ਵੀ ਲੈ ਕੇ ਚਲੇ ਜਾਵੇ ਕਿ ਭਾਈ ਤੂੰ ਸਾਡੇ ਜੁਆਕ ਨੂੰ ਥੱਪੜ ਕਿਉਂ ਮਾਰਿਆ ਹੈ। ਜੇ ਅੱਜ ਸਕੂਲ ਵਿੱਚ ਅਧਿਆਪਕ ਬੱਚੇ ਨੂੰ ਝਿੜਕ ਦਿੰਦਾ ਹੈ ਤਾਂ ਸਾਰਾ ਹੀ ਟੱਬਰ ਸਕੂਲ ਪਹੁੰਚ ਜਾਂਦਾ ਹੈ ਕਿ ਸਾਡੇ ਬੱਚੇ ਨੂੰ ਕਿਉਂ ਝਿੜਕਿਆ। ਅੱਜ ਜ਼ਮਾਨਾ ਬਦਲ ਚੁੱਕਿਆ ਹੈ। ਇਹ ਵੀ ਸੁਣਨ ਨੂੰ ਮਿਲਿਆ ਸੀ ਕਿ ਜਿਸ ਬੱਚੇ ਨੂੰ ਝਿੜਕਿਆ ਉਸ ਨੇ ਆਪਣੇ ਦੋਸਤਾਂ ਨਾਲ ਮਾਸਟਰ ਦਾ ਰਸਤਾ ਰੋਕ ਕੇ ਉਸ ਦੀ ਮਾਰ ਕੁਟਾਈ ਵੀ ਕੀਤੀ। ਹਾਲਾਤ ਕਿਹੋ ਜਿਹੇ ਬਣ ਗਏ ਹਨ ਜੇ ਅਧਿਆਪਕ ਗੁਰੂ ਹੁੰਦਾ ਹੈ, ਉਸ ਨੂੰ ਹੀ ਕੁੱਟਿਆ। ਬੱਚਿਆਂ ਦਾ ਭਵਿੱਖ ਸੰਵਾਰਦਾ ਹੈ। ਅੱਜ ਕੱਲ੍ਹ ਤਾਂ ਸਕੂਲ ਦੇ ਮਾਲਕਾਂ ਵੱਲੋਂ ਸਾਫ਼ ਆਪਣੇ ਸਟਾਫ਼ ਮੈਂਬਰਾਂ ਨੂੰ ਕਹਿ ਦਿੱਤਾ ਜਾਂਦਾ ਹੈ ਕਿ ਕੋਈ ਵੀ ਬੱਚਾ ਜੋ ਮਰਜ਼ੀ ਕਰੇ, ਤੁਸੀਂ ਬਿਲਕੁਲ ਵੀ ਝਿੜਕਣਾ ਨਹੀਂ ਹੈ।

ਅੱਜ ਇੱਕ ਪ੍ਰੀ ਵੈਡਿੰਗ ਦਾ ਰਿਵਾਜ ਜਿਹਾ ਚੱਲ ਪਿਆ ਹੈ। ਵਿਆਹ ਤੋਂ ਪਹਿਲਾਂ ਲੱਖਾਂ ਰੁਪਏ ਇਸ ਉੱਤੇ ਖ਼ਰਚ ਕਰ ਦਿੱਤੇ ਜਾਂਦੇ ਹਨ। ਮੁੰਡਾ ਤੇ ਕੁੜੀ ਇੱਥੇ ਆ ਕੇ ਜੋ ਵੀ ਚੀਜ਼ਾਂ ਸਾਡੇ ਪੰਜਾਬੀ ਸੱਭਿਆਚਾਰ ਦਾ ਹਿੱਸਾ ਰਹੀਆਂ ਹਨ, ਉਹਨਾਂ ਨਾਲ ਫ਼ੋਟੋ ਖਿਚਵਾਉਂਦੇ ਹਨ। ਜਿੱਥੇ ਪੰਜਾਬੀ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਉਹ ਆਪਣੇ ਇੱਥੇ ਪ੍ਰੋਗਰਾਮ ਕਰਨ ਲਈ ਲੱਖਾਂ ਰੁਪਏ ਲੈ ਲੈਂਦੇ ਹਨ। ਦੇਖੋ ਇੱਕ ਤਰ੍ਹਾਂ ਨਾਲ ਇਹ ਫ਼ਜ਼ੂਲ ਖ਼ਰਚੀ ਹੀ ਹੈ। ਵਿਆਹਾਂ ਤੇ ਤਾਂ ਪਤਾ ਹੀ ਨਹੀਂ ਕਿੰਨਾ ਪੈਸਾ ਪਾਣੀ ਦੀ ਤਰ੍ਹਾਂ ਰੋੜ੍ਹਿਆ ਜਾਂਦਾ ਹੈ। ਅੱਜ ਕੱਲ੍ਹ ਤਾਂ ਜਿੰਨੇ ਵਿਆਹ ਤੋਂ ਪਹਿਲੇ ਛੋਟੇ ਪ੍ਰੋਗਰਾਮ ਹੁੰਦੇ ਹਨ, ਹਰ ਪ੍ਰੋਗਰਾਮ ਲਈ ਨਵੇਂ-ਨਵੇਂ ਲੀੜੇ ਸੁਆਏ ਜਾਂਦੇ ਹਨ। ਚਾਹੇ ਉਹ ਮਰਦ ਹੋਵੇ ਜਾਂ ਔਰਤ ਹੋਵੇ। ਫਿਰ ਡੀ ਜੇ ਸਿਸਟਮ ਤੇ ਖਰਚਾ ਕੀਤਾ ਜਾਂਦਾ ਹੈ। ਮਹਿੰਗੇ ਤੋਂ ਮਹਿੰਗਾ ਮੈਰਿਜ ਪੈਲੇਸ ਬੁੱਕ ਕੀਤਾ ਜਾਂਦਾ ਹੈ। ਖਾਣ-ਪੀਣ ਤੇ ਬਹੁਤ ਖ਼ਰਚ ਕੀਤਾ ਜਾਂਦਾ ਹੈ। ਲੋਕ ਭਰ-ਭਰ ਪਲੇਟਾਂ ਡਸਟਬੀਨ ਵਿੱਚ ਇਸ ਤਰ੍ਹਾਂ ਸੁੱਟ ਦਿੰਦੇ ਹਨ, ਕਿਉਂਕਿ ਮਸਾਲੇ ਜ਼ਿਆਦਾ ਲਗਾਏ ਜਾਂਦੇ ਹਨ। ਹਰ ਚੀਜ਼ ਵਿੱਚ ਮਸਾਲਾ ਹੁੰਦਾ ਹੈ। ਕਈ ਚੀਜ਼ਾਂ ਸਵਾਦ ਨਹੀਂ ਹੁੰਦੀਆਂ। ਲੋਕ ਪਹਿਲਾਂ ਪਲੇਟਾਂ ਭਰ ਲੈਂਦੇ ਹਨ, ਫਿਰ ਸੁੱਟ ਦਿੰਦੇ ਹਨ। ਆਖ਼ਿਰ ਨੂੰ ਖਰਚਾ ਤਾਂ ਮਾਲਕ ਦੀ ਜੇਬ 'ਤੇ ਪੈਂਦਾ ਹੈ। ਤਕਰੀਬਨ ਇੱਕ ਪਲੇਟ 1500 ਤੋਂ 2000 ਦੇ ਵਿੱਚ ਪੈ ਜਾਂਦੀ ਹੈ। ਜੇ ਗੱਲ ਪੁਰਾਣੇ ਵੇਲਿਆਂ ਦੀ ਕਰੀਏ ਤਾਂ ਖੁੱਲ੍ਹੇ ਵਿੱਚ ਟੈਂਟ ਲਗਾ ਕੇ ਲੱਡੂ ਜਲੇਬੀ ਬਣਾਈ ਜਾਂਦੀ ਸੀ। ਸਾਦਾ ਖਾਣਾ ਹੁੰਦਾ ਸੀ। ਆਸਾਨੀ ਨਾਲ ਸਭ ਨੂੰ ਪਚ ਜਾਂਦਾ ਸੀ। ਅੱਜ ਦੇ ਵਿਆਹ ਸਿਰਫ਼ ਇਕ ਜਾਂ ਦੋ ਦਿਨ ਦੇ

ਰਹਿ ਚੁੱਕੇ ਹਨ। ਪੁਰਾਣੇ ਵੇਲਿਆਂ ਵਿੱਚ ਅੱਠ ਤੋਂ 10 ਦਿਨ ਲਗਾਤਾਰ ਰਾਤ ਨੂੰ ਔਰਤਾਂ ਗੀਤ ਗਾਉਂਦੀਆਂ ਸਨ। ਤਕਰੀਬਨ ਰਿਸ਼ਤੇਦਾਰ ਵੀ ਆ ਜਾਂਦੇ ਸਨ। ਜੇ ਅੱਜ ਘਰ ਵਿੱਚ ਦੋ ਜਾਂ ਤਿੰਨ ਦਿਨ ਤੋਂ ਵੱਧ ਰਿਸ਼ਤੇਦਾਰ ਰਹਿ ਜਾਣ ਤਾਂ ਘਰ ਵਿੱਚ ਕਲੇਸ਼ ਪੈਣਾ ਸ਼ੁਰੂ ਹੋ ਜਾਂਦਾ ਹੈ।

ਅੱਜ ਦੇ ਜ਼ਮਾਨੇ ਵਿੱਚ ਪੈਸੇ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਜਿਸ ਦੀ ਜੇਬ ਵਿੱਚ ਪੈਸਾ ਜ਼ਿਆਦਾ ਹੁੰਦਾ, ਉਸ ਦੇ ਵੱਧ ਮਿੱਤਰ ਹੁੰਦੇ ਹਨ। ਜਿਸ ਕੋਲ ਸਾਈਕਲ ਹੈ ਲੋਕ ਉਸ ਨੂੰ ਆਪਣੇ ਪ੍ਰੋਗਰਾਮ ਵਿੱਚ ਬੁਲਾਉਣ ਵਿੱਚ ਸ਼ਰਮ ਮਹਿਸੂਸ ਕਰਦੇ ਹਨ। ਗਲੀ ਗੁਆਂਢ ਵਿੱਚ ਜਿਸ ਕੋਲ ਕਾਰ ਨਹੀਂ ਹੁੰਦੀ, ਜੇ ਉਹ ਸਕੂਟਰ ਤੇ ਕਿਸੇ ਦੇ ਵਿਆਹ ਵਿੱਚ ਚਲੇ ਜਾਂਦਾ ਹੈ, ਤਾਂ ਉਸ ਨੂੰ ਪ੍ਰੋਗਰਾਮ ਵਿੱਚ ਬੁਲਾਉਣ ਲਈ ਬੇਇੱਜ਼ਤੀ ਮਹਿਸੂਸ ਕਰਦੇ ਹਨ। ਕਰੋਨਾ ਦੇ ਸਮੇਂ ਅਸੀਂ ਦੇਖਿਆ ਹੀ ਹੈ ਕਿ ਇਨਸਾਨੀਅਤ ਖ਼ਤਮ ਹੋ ਚੁੱਕੀ ਸੀ। ਜਿਸ ਇਨਸਾਨ ਨੇ ਆਪਣੇ ਟੱਬਰ ਲਈ ਪੈਸਾ ਕਮਾਇਆ ਹੋਵੇ, ਉਸ ਦਾ ਹੀ ਟੱਬਰ ਉਸ ਦੀ ਲਾਸ਼ ਲੈਣ ਤੋਂ ਇਨਕਾਰ ਕਰ ਦਿੰਦਾ ਸੀ। ਪੁਲਿਸ ਪ੍ਰਸ਼ਾਸਨ ਤੇ ਬਾਹਰ ਦੇ ਬੰਦਿਆਂ ਨੇ ਹੀ ਉਸ ਇਨਸਾਨ ਦੀਆਂ ਅੰਤਿਮ ਰਸਮਾਂ ਨਿਭਾਈਆਂ। ਪੈਸਾ ਜ਼ਰੂਰਤ ਲਈ ਹੋਣਾ ਚਾਹੀਦਾ ਹੈ। ਔਖੇ ਵੇਲੇ ਪੈਸਾ ਹੀ ਕੰਮ ਨਹੀਂ ਆਉਂਦਾ। ਅੱਜ ਇਨਸਾਨ ਨੇ ਪੈਸੇ ਨੂੰ ਹੀ ਸਾਰਾ ਕੁਝ ਮੰਨ ਲਿਆ ਹੈ। ਆਪਣੇ ਆਪ ਨੂੰ ਕਿਸੇ ਨਾਲੋਂ ਘੱਟ ਨਹੀਂ ਸਮਝਦਾ। ਕਰਜ਼ਾ ਚੁੱਕ ਲੈਂਦਾ ਹੈ। ਜ਼ਮੀਨ ਗਹਿਣੇ ਤੱਕ ਰੱਖ ਦਿੰਦਾ ਹੈ। ਜੇ ਬੈਂਕਾਂ ਦਾ ਸਮੇਂ ਸਿਰ ਕਰਜ਼ਾ ਨਹੀਂ ਉੱਤਰਦਾ, ਤਾਂ ਫਿਰ ਖ਼ੁਦਕੁਸ਼ੀ ਦੇ ਰਾਹ ਵੀ ਪੈ ਜਾਂਦਾ ਹੈ। ਹਰ ਕੋਈ ਵਿਦੇਸ਼ ਜਾਣ ਲਈ ਕਾਹਲਾ ਹੈ। ਹਰ ਰੋਜ਼ ਪਤਾ ਨਹੀਂ ਕਿੰਨੇ ਹਜ਼ਾਰ ਪਾਸਪੋਰਟ ਬਣ ਰਹੇ ਹਨ। ਤਕੜੇ ਤਕੜੇ ਕਾਰੋਬਾਰੀ ਵੀ ਹੁਣ ਵਿਦੇਸ਼ ਜਾ ਰਹੇ ਹਨ। ਕਿਉਂਕਿ ਸਮਾਜ ਵਿੱਚ ਕਈ ਅਜਿਹੀ ਘਟਨਾਵਾਂ ਵਾਪਰੀਆਂ, ਜਿਸ ਕਰਕੇ ਹਰ ਕੋਈ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ ਹੈ। ਜਿਨ੍ਹਾਂ ਲੋਕਾਂ ਦੀ ਪੰਜਾਬ ਵਿੱਚ ਲੱਖਾਂ ਰੁਪਏ ਮਹੀਨਾ ਆਮਦਨ ਹੈ, ਉਹ ਵੀ ਹੁਣ ਬਾਹਰਲੇ ਮੁਲਕਾਂ ਨੂੰ ਤਰਜੀਹ ਦੇ ਰਹੇ ਹਨ।

ਨਸ਼ਿਆਂ ਨੇ ਪੰਜਾਬੀਆਂ ਦੀ ਜਵਾਨੀ ਖਾ ਲਈ ਹੈ। ਹਰ ਰੋਜ਼ ਚਿੱਟੇ ਨਾਲ ਦੋ ਚਾਰ ਮੌਤਾਂ ਹੋ ਰਹੀਆਂ ਹਨ। ਹਾਲਾਂਕਿ ਪੁਲਿਸ ਪ੍ਰਸ਼ਾਸਨ ਵੱਲੋਂ ਲਗਾਤਾਰ ਸ਼ਰਾਰਤੀ ਅਨਸਰਾਂ ਨੂੰ ਵੀ ਫੜਿਆ ਜਾ ਰਿਹਾ ਹੈ। ਫਿਰ ਵੀ ਨਸ਼ਾਂ ਨਹੀਂ ਰੁਕ ਰਿਹਾ ਹੈ। ਘੁਣ ਵਾਂਗੂੰ ਸਮਾਜ ਨੂੰ ਖਾ ਰਿਹਾ ਹੈ। ਘਰ ਦੇ ਘਰ ਤਬਾਹ ਹੋ ਚੁੱਕੇ ਹਨ। ਨਸ਼ਿਆਂ ਦੀ ਪ੍ਰਾਪਤੀ ਲਈ ਘਰ ਤੱਕ ਦਾ ਨਸ਼ੇੜੀ ਸਮਾਨ ਵੇਚ ਰਹੇ ਹਨ। ਪਿੰਡਾਂ ਵਿੱਚ ਸੱਥਰ ਵਿਛ ਚੁੱਕੇ ਹਨ। ਨਸ਼ੇੜੀ ਆਪਣਾ ਸਰੀਰ ਤਾਂ ਖ਼ਰਾਬ ਕਰਦੇ ਹੀ ਹਨ। ਮਾਂ ਬਾਪ ਨੂੰ ਵੀ ਮਾਰ ਕੁਟਾਈ ਕਰਦੇ ਹਨ।

ਕਿਹੋ ਜਿਹਾ ਸਮਾਂ ਆ ਚੁੱਕਿਆ ਹੈ। ਸਾਡਾ ਸਮਾਜ ਕਿੱਧਰ ਨੂੰ ਜਾ ਰਿਹਾ ਹੈ। ਵਿਚਾਰਨ ਵਾਲੀ ਗੱਲ ਹੈ ਨੌਜਵਾਨ ਪੀੜੀ ਨੂੰ ਸੰਭਾਲਣ ਦਾ ਵੇਲਾ ਹੈ। ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰਨੇ ਚਾਹੀਦੇ ਹਨ। ਬੱਚਿਆਂ ਤੇ ਪੂਰਾ ਕੰਟਰੋਲ ਕਰਨਾ ਚਾਹੀਦਾ ਹੈ। ਸਮਾਜ ਵਿੱਚ ਬੱਚੇ ਕਿਸ ਕੋਲ ਖੜਦੇ ਹਨ ਉਹਨਾਂ ਤੇ ਪੂਰੀ ਨਜ਼ਰ ਰੱਖਣੀ ਚਾਹੀਦੀ ਹੈ। ਜੇ ਬੱਚੇ ਅੱਜ ਆਪਣਾ ਵਧੀਆ ਭਵਿੱਖ ਬਣਾ ਲੈਂਦੇ ਹਨ ਤਾਂ ਉਹ ਮਾਂ ਬਾਪ ਦੀ ਚੰਗੀ ਪ੍ਰਾਪਰਟੀ ਹਨ।

## ਬਾਬਾ ਫੇਰ ਤੇਰੇ ਨਨਕਾਣੇ ਨੇ

**ਡਾ.ਸਰਦੂਲ ਸਿੰਘ ਔਜਲਾ**
9814168611

ਫੇਸ ਬੁੱਕ ਉੱਤੇ ਬੋਰਡ ਵੇਖਿਆ ਲਾਹੌਰ ਦਾ,
ਉੱਕਰਿਆ ਪੈਂਡਾ ਜੜ੍ਹਾਂ ਵਾਲੇ ‘ਤੇ ਪਸ਼ੌਰ ਦਾ,
ਛੱਡਿਆ ਸੀ ਕਦੇ ਜਿਹਨੂੰ ਬਾਪੂ ਭੁੱਖੇ ਭਾਣੇ ਨੇ,
ਧੂਹ ਪਾਈ ਬਾਬਾ ਫੇਰ ਤੇਰੇ ਨਨਕਾਣੇ ਨੇ।

ਬਾਰ ਦੀਆਂ ਨਹਿਰਾਂ ਤੇ ਨਜ਼ਾਰੇ ਚੇਤੇ ਆ ਗਏ,
ਹੱਥੀ ਮੋੜੇ ਬਾਪੂ ਦੇ ਕਿਆਰੇ ਚੇਤੇ ਆ ਗਏ,
ਵੱਟਾਂ ਉੱਤੇ ਲਾਏ ਕਿਵੇਂ ਅੰਬ ਬੀਬੇ ਰਾਣੇ ਨੇ,
ਧੂਹ ਪਾਈ ਬਾਬਾ ਫੇਰ ਤੇਰੇ ਨਨਕਾਣੇ ਨੇ।

ਇੱਕ ਪਾਸੇ ਲਿਖਿਆ ਸੀ ਪੈਂਡਾ ਮੁਲਤਾਨ ਦਾ,
ਲਾਡਲਾ ਫ਼ਰੀਦ ਬਾਬਾ ਰੱਬੀ ਜੋ ਜ਼ੁਬਾਨ ਦਾ,
ਮੋਹ ਲਿਆ ਸੀ ਮਨ ਉਹਦੇ “ਕਾਲੇ ਮੈਂਡੇ” ਬਾਣੇ ਨੇ,
ਧੂਹ ਪਾਈ ਬਾਬਾ ਫੇਰ ਤੇਰੇ ਨਨਕਾਣੇ ਨੇ।

ਦਿਸਿਆ ਖ਼ਿਆਲਾਂ ਵਿੱਚ ਬਾਬਾ ਬੁੱਲ੍ਹਾ ਨੱਚਦਾ,
ਤੱਕਿਆ ਕਸੂਰ ਸ਼ਹਿਰ ਅੱਖਾਂ ਸਾਹਵੇਂ ਵੱਸਦਾ ,
ਦੂਰ ਕਰ ਦਿੱਤਾ ਜੋ ਸਿਆਸਤਾਂ ਦੇ ਤਾਣੇ ਨੇ,
ਧੂਹ ਪਾਈ ਬਾਬਾ ਫੇਰ ਤੇਰੇ ਨਨਕਾਣੇ ਨੇ।

ਦੁੱਲ੍ਹੇ ਦੀ ਵੀ ਪਿੰਡੀ ਦਾ ਖ਼ਿਆਲ ਜਿਹਾ ਆ ਗਿਆ,
ਵੱਡੀਆਂ ਹਕੂਮਤਾਂ ਦੇ ਨਾਲ ਮੱਥਾ ਲਾ ਗਿਆ,
ਮੰਨੀ ਨਹੀਂ ਸੀ ਈਨ ਕਿਵੇਂ ਕੱਲੇ ਕਾਰੇ ਲਾਣੇ ਨੇ,
ਧੂਹ ਪਾਈ ਬਾਬਾ ਫੇਰ ਤੇਰੇ ਨਨਕਾਣੇ ਨੇ।

# ਕਾਵਿ-ਖੰਡ

**ਅਮਰ 'ਸੂਫ਼ੀ'**
Hayward- CA.
U.S.A.



## ਮਾਂ ਬੋਲੀ ਪੰਜਾਬੀ ਹੂ

ਦੁਨੀਆ ਦੇ ਵਿਚ ਢੇਰ ਜ਼ੁਬਾਨਾਂ,
ਮਾਂ ਬੋਲੀ ਪੰਜਾਬੀ ਹੂ।
ਹੋਰ ਭਾਸ਼ਾਵਾਂ ਦੇ ਵਿਚ ਟਹਿਕੇ,
ਜਿੰਦਾਂ ਫ਼ੁੱਲ ਗੁਲਾਬੀ ਹੂ।
ਮੜਕ ਨ ਇਸ ਦੀ ਝੱਲੀ ਜਾਵੇ,
ਪੂਰੀ ਸ਼ਾਨ ਨਵਾਬੀ ਹੂ।
ਜ਼ਹਿਨਾਂ ਨੂੰ ਰੁਸ਼ਨਾਵੇ 'ਸੂਫ਼ੀ',
ਬਣ ਕੇ ਲਾਟ ਮਤਾਬੀ ਹੂ।

ਮਾਂ ਬੋਲੀ ਹੈ ਮਾਂ ਨੇ ਦਿੱਤੀ,
ਇਸ ਨੂੰ ਕਿੰਵ ਭੁਲਾਵਾਂ ਹੂ।
ਉਠਦਾ ਬਹਿੰਦਾ ਹਰ ਵੇਲ਼ੇ ਹੀ,
ਇਸ ਦੇ ਸੋਹਲੇ ਗਾਵਾਂ ਹੂ।
ਮਾਂ ਬੋਲੀ ਦਾ ਪਾਕ ਦਿਹਾੜਾ,
ਚਾਵਾਂ ਨਾਲ ਮਨਾਵਾਂ ਹੂ।
ਜਿਹੜਾ ਹੁੱਜਤ ਕਰਦਾ 'ਸੂਫ਼ੀ',
ਉਸ ਨੂੰ ਹੱਥ ਵਿਖਾਵਾਂ ਹੂ।

ਮਾਂ ਨੇ ਦੁੱਧ ਚੁੰਘਾਉਂਦੇ ਬਖ਼ਸ਼ੀ,
ਇਹ ਕਾਦਰ ਦੀ ਬੋਲੀ ਹੂ।
ਸ਼ਬਦਾਂ ਦੇ ਵਿਚ ਰਸ ਹੈ ਡਾਢਾ,
ਮਿੱਠਤ ਵੀ ਅਣਤੋਲੀ ਹੂ।
ਬੋਲਣ ਵੇਲ਼ੇ ਲੱਜ਼ਤ ਦੇਵੇ,
ਜਿੰਦਾਂ ਮਿਸ਼ਰੀ ਘੋਲ਼ੀ ਹੂ।
ਰਾਣੀ ਹੁਕਮ ਚਲਾਵੇ 'ਸੂਫ਼ੀ',
ਕਿਹੜਾ ਆਖੇ ਗੋਲੀ ਹੂ।

ਜੱਗ 'ਚ ਨੇ ਬੇਥਾਹ ਭਾਸ਼ਾਵਾਂ,
ਇਹ ਦਸਵੇਂ ਥਾਂ ਉੱਤੇ ਹੂ।
ਜਾਗ ਪਏ ਨੇ ਇਸ ਦੇ ਵਾਰਿਸ,
ਜੋ ਪਹਿਲਾਂ ਸੀ ਸੁੱਤੇ ਹੂ।
ਵਰਤਣ ਸ਼ਬਦ ਨਗੀਨੇ ਜੌਹਰੀ,
ਜੋ ਹੁਣ ਤੀਕ ਵਿਗੁੱਤੇ ਹੂ।
ਸੇਵਾ ਕਰਦੇ ਨਿਠ ਕੇ 'ਸੂਫ਼ੀ',
ਨਾ ਹੁਣ ਸਾਰਨ ਬੁੱਤੇ ਹੂ।
ਜਿਹੜੀ ਸਾਡੀ ਮਾਂ ਬੋਲੀ ਹੈ,
ਗੁਰ ਪੀਰਾਂ ਵਰੋਸਾਈ ਹੂ।
ਇਸ ਦੀ ਲਿੱਪੀ ਦੀ ਘਾੜਤ ਗੁਰ,
ਅੰਗਦ ਦੇਵ ਘੜਾਈ ਹੂ।
ਬੁੱਲ੍ਹੇ, ਵਾਰਸ ਵਰਗੇ ਸ਼ਾਇਰਾਂ,
ਇਸ ਦੀ ਭੱਲ ਬਣਾਈ ਹੂ।
ਸ਼ੇਖ਼ ਫ਼ਰੀਦ ਰਚੇ ਨੇ ਦੋਹੇ,
'ਸੂਫ਼ੀ' ਕਲਮ ਲਗਾਈ ਹੂ।

ਬਾਬਾ ਨਾਨਕ ਰਚ ਕੇ ਬਾਣੀ,
ਕੀਤਾ ਕਰਮ ਵਡੇਰਾ ਹੂ।
ਚਾਨਣ ਵੰਡ-ਵੰਡਾਅ ਕੇ ਉਸ ਨੇ,
ਦਿੱਤਾ ਚੁੱਕ ਹਨੇਰਾ ਹੂ।
ਸਭ ਕੁਝ ਹੁੰਦੇ-ਸੁੰਦੇ ਬਾਬਾ,
ਆਖੀ ਜਾਵੇ ਤੇਰਾ ਹੂ।
ਸ਼ਬਦੀ ਛਿੱਟਾ ਦਿੱਤਾ 'ਸੂਫ਼ੀ',
ਜਿੱਥੇ ਪਾਇਆ ਫੇਰਾ ਹੂ।

ਇਸ ਬੋਲੀ ਵਿਚ ਉਚਰੀ ਸਾਡੇ
ਕੋਲ ਪਵਿੱਤਰ ਬਾਣੀ ਹੂ।
ਸਾਰੀ ਦੁਨੀਆ ਦੇ ਵਿਚ ਚੱਲੇ,
ਇਸ ਦੀ ਖਾਸ ਕਹਾਣੀ ਹੂ।
ਸੰਗਤ ਵੱਲੋਂ ਜਾਂਦੀ ਹੈ ਇਹ,
ਸ਼ਾਮ ਸਵੇਰੇ ਮਾਣੀ ਹੂ।
ਇਹ ਕਰਤਾ ਦੀ ਬੋਲੀ 'ਸੂਫ਼ੀ',
ਖ਼ਲਕਤ ਨੇ ਹੈ ਜਾਣੀ ਹੂ।

ਮਾਂ ਬੋਲੀ ਪੰਜਾਬੀ ਦੇ ਵਿਚ,
ਮਿਲਦੇ ਢੇਰਾਂ ਕਿੱਸੇ ਹੂ।
ਇੰਨ੍ਹਾਂ ਨੂੰ ਪੜ੍ਹ ਖੋਜਣ ਦਾ ਕੰਮ,
ਆਇਆ ਸਾਡੇ ਹਿੱਸੇ ਹੂ।
ਸ਼ਾਇਰੀ ਵਿਚ ਪਾਬੰਦੀ ਪੂਰੀ,
ਨਾ ਮਾੜੇ ਨਾ ਲਿੱਸੇ ਹੂ।
ਸੁੱਚੇ ਇਸ਼ਕ ਗੜੁੱਚੇ 'ਸੂਫ਼ੀ',
ਕਿੱਸੇ ਪਿਆਰ-ਵਲਿੱਸੇ ਹੂ।

ਮਾਂ ਬੋਲੀ ਬਿਨ ਹੋਰ ਕਿਸੇ ਵਿਚ,
ਦਿਲ ਦੀ ਆਖ ਨਾ ਹੋਵੇ ਹੂ।
ਮਾਂ ਦੇ ਪਿਆਰ-ਵਿਗੋਚੇ ਵਾਲਾ,
ਸਾਰੀ ਉਮਰਾ ਰੋਵੇ ਹੂ।
ਪੀੜਾਂ ਮਾਰੀ ਨਾ ਇਹ ਲੱਗੇ,
ਨੈਣੋਂ ਹੰਝ ਨ ਚੋਵੇ ਹੂ।
ਖੋਟ ਰਲਾਅ ਕੇ ਮੈਲ਼ੀ ਕੀਤੀ,
'ਸੂਫ਼ੀ' ਧੱਬੇ ਧੋਵੇ ਹੂ।
ਪੂਰੀ ਦੁਨੀਆ ਦੇ ਵਿਚ ਬੈਠੇ,
ਇਸ ਨੂੰ ਬੋਲਣਹਾਰੇ ਹੂ।
ਜਿਹੜੇ ਇਸ ਦੀ ਜੜ੍ਹ ਨੂੰ ਵੱਢਣ,
ਉਹ ਜਾਂਦੇ ਦੁਰਕਾਰੇ ਹੂ।
ਇਸ ਦਾ ਚੰਗਾ ਲੋਚਣ ਵਾਲੇ,
ਜਾਂਦੇ ਨੇ ਸਤਿਕਾਰੇ ਹੂ।
ਬੰਨ੍ਹ ਲੰਗੋਟਾ ਜੂਝਣ 'ਸੂਫ਼ੀ',
ਇਸ ਦੇ ਪੁੱਤਰ ਪਿਆਰੇ ਹੂ।

ਮੇਰੀ ਮਾਂ ਦੀ ਬੋਲੀ ਹੈ ਜੋ,
ਇਸ ਦੀ ਸੁੱਖ ਮਨਾਉਂਦਾ ਹੂ।
ਦਾਤ ਮਿਰੀ ਮਾਂ ਦਿੱਤੀ ਮੈਨੂੰ,
ਮਾਂ ਨੂੰ ਲਾਜ ਨ ਲਾਉਂਦਾ ਹੂ।
ਇਸ ਨੇ ਰੋਜ਼ੀ-ਰੋਟੀ ਦਿੱਤੀ,
ਗੁਣ ਮੈਂ ਇਸ ਦੇ ਗਾਉਂਦਾ ਹੂ।
ਕਵਿਤਾ ਲਿਖਦਾ ਹਾਂ ਜਦ 'ਸੂਫ਼ੀ',
ਸੁੱਚੇ ਅੱਖਰ ਪਾਉਂਦਾ ਹੂ।

ਅਨਪੜ੍ਹ ਮਾਂ ਤੋਂ ਠੇਠ ਰਸੀਲੇ,
ਸਿੱਖੇ ਸ਼ਬਦ ਨਗ਼ੀਨੇ ਹੂ।
ਹੁੰਦੇ ਦੋ ਦੋ ਅੱਖਾਂ ਵਾਲੇ,
ਪਰ ਹੁੰਦੇ ਨਾ-ਬੀਨੇ ਹੂ।
ਮਾਂ ਬੋਲੀ ਦੀ ਵੇਖ ਚੜ੍ਹਾਈ,
ਠੰਢ ਪਵੇ ਕੁਝ ਸੀਨੇ ਹੂ।
ਮਾਂ ਬੋਲੀ ਜੋ ਛੱਡਣ 'ਸੂਫ਼ੀ'
ਉਹ ਹੁੰਦੇ ਬੇਦੀਨੇ ਹੂ।

ਇਸ ਦੇ ਨਿੰਗਰ ਬੋਲਾਂ ਦੇ ਵਿਚ,
ਹੈਗੀ ਮੜਕ ਬਥੇਰੀ ਹੂ।
ਇਹ ਨਾ ਡਰਦੀ ਝਿਪਦੀ, ਬੇਸ਼ਕ
ਬਿੱਜ-ਬਲਾਵਾਂ ਘੇਰੀ ਹੂ।
ਇਸ ਦਾ ਦੀਪਕ ਬਲਦਾ ਭਾਵੇਂ,
ਚੱਲੀ ਤੇਜ਼ ਹਨੇਰੀ ਹੂ।
ਸੁਣ ਕੇ ਉੱਠ ਖੜ੍ਹੋਂਦਾ 'ਸੂਫ਼ੀ',
ਢਾਹ ਬੈਠਾ ਜੋ ਢੇਰੀ ਹੂ।

ਸਿੱਧਾ ਸਾਦਾ ਜੀਵਨ ਜੀਵਾਂ,
ਸ਼ਬਦਾਂ ਦੇ ਸੰਗ ਯਾਰੀ ਹੂ।
ਮਾਂ ਬੋਲੀ ਦੇ ਸਦਕੇ ਜਾਵਾਂ,
ਇਸ ਤੋਂ ਜਾਵਾਂ ਵਾਰੀ ਹੂ।
ਮਾਂ ਬੋਲੀ ਦੀ ਮਾਂ ਦੇ ਵਾਂਙਰ,
ਕਰਦਾਂ ਖ਼ਾਤਰਦਾਰੀ ਹੂ।
ਮਾਂ ਬੋਲੀ ਪਟਰਾਣੀ 'ਸੂਫ਼ੀ',
ਕਰਦੀ ਹੈ ਸਰਦਾਰੀ ਹੂ।



**ਬਲਵਿੰਦਰ ਬਾਲਮ**
ਗੁਰਦਾਸਪੁਰ
98156-25409

## ਗ਼ਜ਼ਲ

ਆਕੜ ਨਾ ਗਈ ਹੰਕਾਰ ਨਾ ਗਿਆ ਛੱਲ ਨਾ ਗਿਆ।
ਰੱਸੀ ਸਾਰੀ ਸੜ ਗਈ ਉਸ 'ਚੋਂ ਵੱਲ ਨਾ ਗਿਆ।
ਫੁੱਲ ਕਦ ਦੇ ਮੁਰਝਾ ਗਏ ਟਹਿਣੀ ਸੁੱਕ ਗਈ ਪਰ,
ਬੀਤੇ ਸਮਿਆਂ ਦੀ ਖ਼ੁਸ਼ਬੂ 'ਚੋਂ ਕੱਲ੍ਹ ਨਾ ਗਿਆ।
ਅੱਗ ਨੇ ਬਹੁਤ ਜ਼ਿਆਦਾ ਕੋਸ਼ਸ਼ ਕੀਤੀ ਸੀ,
ਮੈਂ ਮੋਮ ਜਿਹਾ ਸਾਂ ਪੱਥਰ ਵਿਚ ਢਲ ਨਾ ਗਿਆ।
ਸਮਿਆਂ ਦੇ ਵਿਚ ਏਧਰ ਓਧਰ ਹੁੰਦਾ ਰਿਹਾ,
ਪਾਰੇ ਵਾਂਗੂੰ ਅੱਖਾਂ 'ਚੋਂ ਉਹ ਪਲ ਨਾ ਗਿਆ।
ਅੱਖਾਂ ਦੇ ਵਿਚ ਹੰਝੂ ਮੋਹ ਸਿਸਕਦਾ ਰਿਹਾ,
ਉਹਨਾਂ ਚਿਰ ਵਿੰਹਦਾ ਰਿਹਾ ਜਿੰਨ ਚਿਰ ਚੱਲ ਨਾ ਗਿਆ।
ਬੇਟੀ ਦੀ ਸੱਜੀ ਡੋਲੀ ਨੂੰ ਚੁੰਮ ਚੁੰਮ ਕੇ,
ਉਹਨਾਂ ਵਿਚ ਰੋਂਦਾ ਰਿਹਾ ਜਿਨ੍ਹਾਂ ਚਿਰ ਘੱਲ ਨਾ ਗਿਆ।
ਮਹਿਫ਼ਲ ਦੇ ਵਿਚ ਬਹਿ ਕੇ ਝੱਲ-ਵਲੱਲੀਆਂ ਹੀ ਮਾਰੇ,
ਉਮਰ ਵਡੇਰੀ ਸਿਆਣਾ ਸੀ ਪਰ ਝੱਲ ਨਾ ਗਿਆ।
'ਬਾਲਮ ਮੌਸਮ ਆਇਆ ਤਾਂ ਫਿਰ ਪੁੰਗਰੇਗੀ,
ਟਹਿਣੀਂ ਸੁੱਕ ਤਾਂ ਗਈ ਪਰ ਜੜ੍ਹ 'ਚੋਂ ਬੱਲ ਨਾ ਗਿਆ।

## ਗੀਤ

**ਖੁਸ਼ ਮਾਨ**
(ਸ੍ਰੀ ਮੁਕਤਸਰ ਸਾਹਿਬ)
70091 96730

ਇੱਕ ਤੇਰੀਆਂ ਮੈਂ ਦੇਖਾਂ ਬਾਬਾ ਕੀਤੀਆਂ ਉਦਾਸੀਆਂ,
ਇੱਕ ਅੱਜ ਕੱਲ੍ਹ ਵੇਖਾਂ ਬਾਬੇ ਮਾਰਦੇ ਉਬਾਸੀਆਂ।

ਤੈਂ ਸੀ ਚਾਰ ਚੱਕ ਤਾਰੇ ਦੁੱਖ-ਸੁੱਖ ਸੀ ਸਹਾਰੇ,
ਅੱਜ ਕੱਲ੍ਹ ਇਹਨਾਂ ਚੇਲਿਆਂ ਦੇ ਵਾਰੇ ਆ ਨਿਆਰੇ।
ਬਹਿ ਕੇ ਏ-ਸੀਆਂ ਚ ਕੱਟਦੇ ਨੇ, ਲੋਕਾਂ ਦੀਆਂ ਚੁਰਾਸ੍ਹੀਆਂ।
ਅੱਜ ਕੱਲ੍ਹ ਦੇਖਾਂ ਬਾਬੇ..........।

ਮੱਕੇ ਤਾਈਂ ਸੀ ਘੁਮਾਇਆ ਤਾਂਹੀਓਂ ਪੀਰ ਅਖਵਾਇਆ,
ਐਥੇ ਅੱਜ ਕੱਲ੍ਹ ਵਾਲਿਆਂ ਸਾਨੂੰ ਚੱਕਰਾਂ ਚ ਪਾਇਆ।
ਪਿੱਛੇ ਲਾ ਲਈਆਂ ਐਵੇਂ ਕਈ ਰੂਹਾਂ ਜੋ ਸਰਾਪੀਆਂ।
ਅੱਜ ਕੱਲ੍ਹ ਦੇਖਾਂ ਬਾਬੇ..............।

ਕਰੀ ਗੋਸ਼ਟਿ ਸੀ ਪੂਰੀ ਸਿੱਧਾਂ ਮੰਨੀ ਸੀ ਹਜ਼ੂਰੀ,
ਹੁਣ ਭਟਕੀ ਨੇ ਜਾਂਦੇ, "ਮਾਨਾ" ਕਿਤੇ ਨਾ ਸਬੂਰੀ।
ਰਾਹਾਂ ਔਖੀਆਂ ਨੇ ਸੱਚ ਦੀਆਂ ਜਾਂਦੀਆਂ ਨਾ ਮਾਪੀਆਂ।
ਅੱਜ ਕੱਲ੍ਹ ਦੇਖਾਂ ਬਾਬੇ.........।।



**ਛਿੰਦਰ ਕੌਰ ਸਿਰਸਾ**

## ਬਾਬਲ ਦੀਆਂ ਜੂਹਾਂ

ਨਹੀਂ ਮੰਨਦੇ ਖ਼ਿਆਲ ਤੇਰੇ ਮੇਰੀ ਫ਼ਰਿਆਦ ਨੂੰ
ਭੂਤਾਂ ਪ੍ਰੇਤਾਂ ਦੇ ਵਾਂਗ ਮੈਨੂੰ ਫੜ ਕੇ ਬਹਿ ਗਏ

ਉੱਬੜ ਵਿਰਾਨ ਥਾਈਂ ਭਟਕਣਾ ਪੁੱਠੇ ਪੈਰੀਂ ਘੁੰਮੇ
ਜਾਣ ਵਾਲੇ ਤਕਦੀਰਾਂ ਦੇ ਸਿਰਨਾਵੇਂ ਵੀ ਲੈ ਗਏ

ਇਕ ਪਰਿੰਦੇ ਦੀ ਆਲ੍ਹਣੇ ਦੇ ਵਿਚ ਮੌਤ ਹੋ ਗਈ
ਤਨਹਾਈ ਦੇ ਕਾਰੇ ਫੇਰ ਕਾਮਯਾਬੀ ਲੈ ਗਏ

ਬਰਸਾਤੋਂ ਬਾਅਦ ਦੀ ਹਵਾ ਨੂੰ ਝੱਖੜ 'ਚ ਬਦਲ ਕੇ
ਮੇਰੀ ਪਰਵਾਜ਼ ਨੂੰ ਸਗੋਂ ਹੋਰ ਉੱਚਾ ਲੈ ਗਏ

ਹਨੇਰਿਆਂ ਦੇ ਖ਼ਿਲਾਫ਼ ਜੁਗਨੂੰ ਹੀ ਲੜਦੇ ਰਹੇ
ਇਨਸਾਨ ਪਤਾ ਨਹੀਂ ਕਿੱਥੇ ਲੁਕ ਕੇ ਬਹਿ ਗਏ

ਉਹ ਝਰਨੇ ਜੋ ਨਦੀਆਂ 'ਚ ਡਿੱਗਦੇ ਸਨ ਕਦੀ
ਰੇਤਾ ਨਾਲ ਪਿਆਸ ਬੁਝਾਉਣ ਨੂੰ ਕਹਿ ਗਏ

ਕੁਝ ਮਸੀਹੇ ਅਜ਼ਲਾਂ ਤੋਂ ਜ਼ਿੰਦਗੀ ਨੂੰ ਸਾਹ ਵੰਡ ਕੇ
ਕਬਰਾਂ ਦੇ ਵਾਸੀਆਂ ਨੂੰ ਵੀ ਜਿਊਣ ਲਈ ਕਹਿ ਗਏ

ਪੁੰਨਿਆਂ ਦੀ ਰਾਤੇ ਪੂਰੇ ਚੰਨ ਤੇ ਤਾਰਿਆਂ ਦੇ ਨਾਲ
ਆਰਤੀ ਦੇ ਥਾਲ ਵਾਲੇ ਦੀਵੇ ਤੈਨੂੰ ਉਡੀਕਣ ਬਹਿ ਗਏ

ਦੋ ਹੱਥ ਦੂਰ ਹੈ ਪਿੰਡ ਖੇੜਿਆਂ ਦਾ ਇਕ ਪਲ ਠਹਿਰੋ
ਕਹਾਰੋ ਬਾਬਲ ਧਰਮੀ ਦੀਆਂ ਜੂਹਾਂ ਨੂੰ ਮੱਥੇ ਟੇਕਣੇ ਰਹਿ ਗਏ

## ਤਸਵੀਰ

**ਸੁਰਜੀਤ ਸਾਰੰਗ**
ਨਵੀਂ ਦਿੱਲੀ 18

ਮੈਂ ਤੇਰੀ ਹੀ ਤਸਵੀਰ ਬਣਾਈ ਦਿਲ ਵਿਚ।
ਸਿਰ ਤੇ ਮੈਂ ਕਿੰਨਾ ਭਾਰ ਉਠਾਈ ਫਿਰਦੀ ਹਾਂ।
ਮੈਂ ਕੰਢਿਆਂ ਦਾ ਤਾਜ ਸਜਾਈ ਫਿਰਦੀ ਹਾਂ।

ਘਰ ਅੰਦਰ ਹੁਣ ਸ਼ੀਸ਼ਾ ਵੀ ਨਹੀਂ ਰੱਖਦੀ ਮੈਂ।
ਖ਼ੁਦ ਕੋਲੋਂ ਵੀ ਰਾਜ਼ ਲੁਕਾਈ ਫਿਰਦੀ ਹਾਂ।
ਮੈਂ ਆਪਣੇ ਕਮਰੇ ਵਿਚ ਅਕਸਰ
ਉਦਾਸ ਜੋ ਕਰਦੇ।
ਤੇਰੀ ਹੱਸਦੇ ਦੇ ਤਸਵੀਰ ਲਗਾਈ ਫਿਰਦੀ ਹਾਂ।

ਮੈ ਜਿਹੜੇ ਦੁਖ ਸਾਰੀ ਜ਼ਿੰਦਗੀ ਝੱਲੇ ਨੇ।
ਉਹ ਮੈਂ ਆਪਣੀ ਯਾਦਾਂ ਵਿਚ ਸਾਂਭੀ ਬੈਠੀ ਹਾਂ।
ਤੇਰੀ ਕਸਮ ਮੈਂ ਚੇਤੇ ਦੀ ਤਖ਼ਤੀ ਤੇ।
ਤੇਰੀ ਤਸਵੀਰ ਬਣਾਈ ਫਿਰਦੀ ਹਾਂ।

ਔਲਖ ਉਹਦੀ ਮਰਜ਼ੀ ਸਾਥ ਨਿਭਾਉਣ ਦੀ।
ਮੈਂ ਕਿਹੜਾ ਤਲਵਾਰ ਟਿਕਾਈ ਫਿਰਦੀ ਹਾਂ।

ਪੈੜਾਂ ਪੰਜਾਬੀ ਸਾਹਿਤਕ ਰਸਾਲਾ,ਰਾਜਸਥਾਨ



ਜਸਵਿੰਦਰ ਸਿੰਘ "ਰੁਪਾਲ"
ਕੈਲਗਰੀ

## ਇਕ ਨੂਰ

ਮੁੱਖ ਉੱਤੇ ਉਸ ਦੇ ਇਕ ਨੂਰ ਹੈ।

ਕੰਮ ਵਿਚ ਕਿਰਤੀ ਦੀ ਰੂਹ ਭਰਪੂਰ ਹੈ।

ਬੇਵਸੀ ਵਿਚ ਬੋਲਦਾ ਨਾ ਬੋਲ ਕਿਉਂ ,

ਮਾਲਕਾਂ ਅੱਗੇ ਰਿਹਾ ਮਜਬੂਰ ਹੈ।

ਮਨ 'ਚ ਹੈ ਚੜ੍ਹਦੀ ਕਲਾ ਸੰਤੋਖ ਦੀ,

ਓਸਦੀ ਮੁੜ੍ਹਕੇ ਚ ਦੇਹੀ ਚੂਰ ਹੈ।

ਪਾ ਸਕੇ ਕੀਮਤ ਨਾ ਕੋਈ ਓਸਦੀ ,

ਕਿਰਤ ਦਾ ਵੇਖੋ ਕਿਹਾ ਦਸਤੂਰ ਹੈ !

ਸਾਰ ਲੈਂਦਾ ਨਾ "ਰੁਪਾਲ" ਉਸਦੀ ਕਈ

ਹਰ ਸ਼ਖ਼ਸ ਕਿਸ ਗੱਲ ਵਿਚ ਮਗ਼ਰੂਰ ਹੈ ?



ਅ. ਪ੍ਰੋ.ਮਹਾ ਸਿੰਘ
ਗੇਲੂਵਾਲਾ

## ਸਿਵਿਆਂ ਵਿੱਚ ਕਾਂ ਬੋਲੂ

ਮੱਲ ਮੱਲ ਮੈਨੂੰ ਨਹਾਵਣਗੇ,
ਫਿਰ ਸੋਹਣੇ ਕੱਪੜੇ ਪਾਵਣਗੇ
ਜ਼ਿੰਦਗੀ ਵਿੱਚ ਮੈ ਚਮਕਿਆ ਨਾ,
ਉਸ ਦਿਨ ਬਟਨਾਂ ਲਾ ਚਮਕਾਉਣਗੇ।

ਚੁੱਕ ਸੀੜੀ ਤੇ ਰੱਖ ਲੈਣਾ,
ਫੇਰ ਪੈਰ ਨਾ ਕਦੇ ਡੋਲੂ,
ਇਕ ਪਾਸੇ ਪਾਠੀ ਅਰਦਾਸ ਕਰੂ,
ਦੂਜੇ ਪਾਸੇ ਸਿਵਿਆਂ ਵਿੱਚ ਕੋਈ ਕਾਂ ਬੋਲੂ.....

ਕੁੱਝ ਰੋਵਣਗੇ...... ਕੁੱਝ ਹੱਸਣਗੇ,
ਕੁੱਝ ਚੰਗਾ ਮੈਨੂੰ ਆਖਣਗੇ
ਕੁਛ ਮਾੜਾ ਮੈਨੂੰ ਦੱਸਣਗੇ,
ਇਕ ਇਕ ਕੋਲ ਤਰਾਜ਼ੂ ਹੋਵੇਗੀ..
ਹਰ ਇਕ ਆਪਣੇ ਹਿਸਾਬ ਨਾਲ ਮੈਨੂੰ ਤੋਲੂ ।

ਇਕ ਪਾਸੇ ਪਾਠੀ ਅਰਦਾਸ ਕਰੂ,
ਦੂਜੇ ਪਾਸੇ ਸਿਵਿਆਂ ਵਿੱਚ ਕੋਈ ਕਾਂ ਬੋਲੂ...

ਚਿਖਾ ਮੇਰੀ ਸਜਾਵਣਗੇ,
ਫਿਰ ਮੂੰਹ ਵਿਚ ਘਿਉ ਵੀ ਪਾਵਣਗੇ,
ਖੇਸ ਜੋ ਮੇਰੇ ਉੱਤੇ ਦਿੱਤੇ,
ਇਕ ਇਕ ਕਰਕੇ ਮੁੜ ਲਾਹੁਣਗੇ।
ਕੋਈ ਖੜ੍ਹਾ ਵਿੱਚ ਬੰਦਿਆ ਦੇ
ਧਾਗਾ ਮੇਰੇ ਪੈਰਾਂ ਦਾ ਖੋਲੂ,

ਇਕ ਪਾਸੇ ਪਾਠੀ ਅਰਦਾਸ ਕਰੂ,
ਦੂਜੇ ਪਾਸੇ ਸਿਵਿਆਂ ਵਿੱਚ ਕੋਈ ਕਾਂ ਬੋਲੂ...

ਆਖ਼ਿਰ ਉਹ ਪਲ ਵੀ ਆਵਣਗੇ,
ਵਾਰਿਸ ਬਾਪੂ ਦੇ
ਮੇਰੀ ਚਿਖਾ ਨੂੰ ਲਾਂਬੂ ਲਾਵਣਗੇ
ਅਗਨੀ ਤਨ ਮੇਰੇ ਨੂੰ,
ਮਿੱਟੀ ਵਿੱਚ ਵਾਂਗ ਸ਼ਰਬਤ ਦੇ ਘੋਲੂ

ਇਕ ਪਾਸੇ ਪਾਠੀ ਅਰਦਾਸ ਕਰੂ
ਦੂਜੇ ਪਾਸੇ ਸਿਵਿਆਂ ਵਿੱਚ ਕੋਈ ਕਾਂ ਬੋਲੂ...



**ਸੱਤੀ ਉਟਾਲਾਂ ਵਾਲਾ**
ਨਵਾਂਸ਼ਹਿਰ

## ਦਿਨ ਵੋਟਾਂ ਦੇ

ਲੀਡਰਾਂ ਨੂੰ ਚਾਅ ਦਿਨ ਵੋਟਾਂ ਦੇ ਆਏ ।
ਬੇਗਾਨੇ ਬਣੇ ਆਪਣੇ ਸਕੇ ਹੋਏ ਪਰਾਏ ।

ਇਨ੍ਹਾਂ ਲਈ ਇਹ ਦਿਨ ਤਿਉਹਾਰ ਹੁੰਦੇ ,
ਬਨੇਰਿਆਂ ਤੇ ਦੀਵੇ ਸੱਧਰਾਂ ਦੇ ਜਗਾਏ ।

ਜਾਂਦੇ ਨੇ ਉੱਧਰ ਜਿਹਦੀ ਕੋਠੀ 'ਚ ਦਾਣੇ ,
ਹੁਣ ਪੱਗਾਂ ਝੰਡਿਆਂ ਦੇ ਰੰਗ ਵੀ ਵਟਾਏ ।

ਖ਼ੁਸ਼ੀ ਵਿੱਚ ਪੱਬ ਧਰਤੀ 'ਤੇ ਨਾ ਲੱਗਦੇ ,
ਦਿਨ ਰਾਤ ਮੀਟਿੰਗਾਂ 'ਚ ਜਾਂਦੇ ਬਿਤਾਏ ।

ਜਿੱਤ ਗਏ ਫਿਰ ਹੱਥ ਘਿਓ 'ਚ ਰਹਿਣਾ ,
ਟੋਹਰ ਨਵਾਬੀ ਸਹੂਲਤਾਂ ਦੇ ਗੱਫੇ ਆਏ ।

ਸੱਤੀ ਇਨ੍ਹਾਂ ਪੜ੍ਹਿਆ 'ਤੇ ਰੋਹਬ ਪਾਉਣਾ ,
ਉੱਲੂ ਸਿੱਧਾ ਕਰ ਨਾ ਮੁੜ ਮੁੱਖ ਦਿਖਾਏ ।

## ਜਿੱਤਾਂ ਹਾਰਾਂ

**ਵੀਰਪਾਲ ਸਿੱਧੂ**
ਕੋਟ ਸ਼ਮੀਰ

ਜ਼ਿੰਦਗੀ ਦੀਆਂ ਦੋ ਹੀ ਤਾਰਾਂ ਨੇ
ਕਦੇ ਜਿੱਤਾਂ ਨੇ ,ਕਦੇ ਹਾਰਾਂ ਨੇ।
ਜਿਨ੍ਹਾਂ ਕਰ ਔਕੜਾਂ ਨੂੰ ਪਾਰ ਲਿਆ,
ਉਨ੍ਹਾਂ ਲਈ ਮੌਜ ਬਹਾਰਾਂ ਨੇ।
ਜ਼ਿੰਦਗੀ ਦੀਆਂ ਦੋ.........

ਪਾਣੀ ਉੱਤਰਦੇ ਚੜ੍ਹਦੇ ਰਹਿੰਦੇ ਨੇ।
ਦੁੱਖ ਸਦਾ ਕਿਨਾਰੇ ਸਹਿੰਦੇ ਨੇ।
ਕੌਣ ਲੈਂਦਾ ਉਹਨਾਂ ਦੀਆ ਸਾਰਾਂ ਨੇ,
ਜ਼ਿੰਦਗੀ ਦੀਆਂ ਦੋ.........

ਕੁੱਝ ਰਿਸ਼ਤੇ ਮਿਲੇ ਅਨਮੋਲ ਸੀ।
ਬੇਸਮਝੀ 'ਚ ਦਿੱਤੇ ਮਿੱਟੀ ਰੋਲ ਸੀ।
ਕਿਹੜੇ ਖਾਤੇ ਪਾਈਏ ਹੁਣ ਹਾਰਾਂ ਨੇ,
ਜ਼ਿੰਦਗੀ ਦੀਆਂ ਦੋ.........

ਯਾਦ ਰੱਖ ਖ਼ੁਆਬ ਤੂੰ ਜੋ ਦੇਖੇ ਨੇ।
ਬਾਕੀ ਕੱਢਦੇ ਦਿਲ 'ਚੋਂ ਭੁਲੇਖੇ ਨੇ।
ਕਲਮ ਵੀਰਾਂ ਦੀ ਤੋੜੇ ਦੁੱਖ ਹਜ਼ਾਰਾਂ ਨੇ,
ਜ਼ਿੰਦਗੀ ਦੀਆਂ ਦੋ.........



**ਜਸਵੀਰ ਸ਼ਰਮਾਂ ਦੱਦਾਹੂਰ**
ਸ੍ਰੀ ਮੁਕਤਸਰ ਸਾਹਿਬ
95691-49556

## ਸਿਆਣਿਆਂ ਦੀਆਂ ਸੱਚੀਆਂ ਗੱਲਾਂ

ਕੌਂੜ ਪਸ਼ੂ ਕੋਲੋਂ ਸਦਾ ਰਹੀਏ ਦੂਰ ਜੀ।
ਨਰ ਅਤੇ ਨਾਰੀ ਨੂੰ ਉਹ ਵੇਖੇ ਘੂਰ ਜੀ।।
ਕਦੇ ਵੀ ਨਾ ਉਠ ਖੋਰ ਨੂੰ ਭੁਲਾਂਵਦਾ।
ਜਦੋਂ ਦਾਅ ਲੱਗੇ ਚੱਭਾ ਹੈ ਚਲਾਂਵਦਾ।।
ਤੇਰਾ ਫੇਰਾ ਜੋ ਹੈ ਜ਼ਨਾਨੀ ਭਾਲਦੀ।
ਨਾ ਢੰਗ ਨਾਲ ਬੱਚਿਆਂ ਨੂੰ ਉਹ ਸੰਭਾਲਦੀ।
ਖੀਰ ਪਾਉਣੀ ਦੋਸਤੋ ਹੈ ਮਾੜੀ ਕੁੱਤੇ ਨੂੰ।
ਨਾ ਥੱਕੇ ਹੋਏ ਜੱਟ ਨੂੰ ਜਗਾਈਏ ਸੁੱਤੇ ਨੂੰ।।
ਸੂਤੀਏ ਨਾ ਰਾਹ ਜਾਂਦੇ ਕਦੇ ਝਾੜੀ ਨੂੰ।
ਬਲਦ ਨਾ ਜੋੜੀਏ ਗੱਡੇ ਅਨਾੜੀ ਨੂੰ।।
ਨਾ ਵਿੜ੍ਹੀ ਮਿੜ੍ਹੀ ਕਰੀਏ ਰਹੀਏ ਕਲਾਪੇ ਜੀ।
ਸਿਆਣਿਆਂ ਨੇ ਤੱਤ ਕੱਢ ਹੈ ਅਲਾਪੇ ਜੀ।।
ਪੰਚਾਇਤ ਵਿੱਚ ਗੱਲ ਕਰੋ ਨਾਪ ਤੋਲ ਕੇ।
ਬਣਦੀ ਇੱਜ਼ਤ ਵੀਰੋ ਸੱਚ ਬੋਲ ਕੇ।।
ਸਿਆਣਿਆਂ ਨੇ ਸਿਆਣੀਆਂ ਇਹ ਗੱਲਾਂ ਆਖੀਆਂ।
ਦੱਦਾਹੂਰੀਏ ਨੂੰ ਬਿਲਕੁਲ ਸੱਚ ਜਾਪੀਆਂ।।



**ਚੰਦਨ ਹਾਜੀਪੁਰੀਆ**

## ਅਣਜਾਣ

ਇਹ ਰਾਹਵਾਂ ਨਵੀਂਆਂ ਹੋਰ ਨੇ
ਚਾਅ ਮੇਰਾ ਓਹੀ ਅਣਜਾਣ ਏ
ਲੋਕ ਕਹਿਣ ਸੋਹਣਾ ਲਿਖਿਆ
ਮੋਈਆਂ ਸੱਧਰਾਂ ਦੀ ਮਕਾਣ ਏ

ਉਹ ਮਿਲਿਆ ਤੇ ਵੱਖ ਹੋਇਆ
ਦਿਲ ਹੱਸਿਆ ਤੇ ਖ਼ੂਬ ਰੋਇਆ
ਮੁਰਦੇ ਨੂੰ ਆਉਂਦੇ ਨੇ ਅਕੜੇਵੇਂ
ਲੰਬੀ ਤਾਣੀ ਦੀ ਡੂੰਘੀ ਤਾਣ ਏ

ਮੇਰੇ ਚਾਅਵਾਂ ਨੂੰ ਚੜ੍ਹੀ ਖ਼ੁਮਾਰੀ
ਦਿਲ ਦੇ ਹੌਂਕੇ ਬੇਮਰਜ ਬਿਮਾਰੀ
ਟੁੱਟਾ ਤਾਰਾ ਕਰਦਾ ਏ ਤਾਕੀਦਾਂ
ਕਿਤੇ ਮਰਿਆ ਅਵੱਲਾ ਹਾਣ ਏ

ਲਾਸ਼ ਮੇਰੀ ਪਰ ਕੱਫਣ ਲਾਪਤਾ
ਚਿਤਾ ਮੇਰੀ ਹੈ ਅਗਨੀ ਬੇਵਫ਼ਾ
ਪੈਰ ਤੇਰੇ ਚੰਦਨਾਂ ਬਾਹਰ ਕਿਤੇ
ਤੇਰੇ ਮੰਜੇ ਵਿੱਚ ਲੱਗਦੈ ਕਾਣ ਏ



**ਸ਼ਿਵਨਾਥ ਦਰਦੀ**
ਫ਼ਰੀਦਕੋਟ
9855155392

## ਛੇੜ ਇਸ਼ਕ ਦੀ ਤਾਰ ਵੇ ਸੱਜਣਾ

ਛੇੜ ਇਸ਼ਕ ਦੀ ਤਾਰ ਵੇ ਸੱਜਣਾ,
ਆਜਾ ਕਰ ਲੈ ਪਿਆਰ ਵੇ ਸੱਜਣਾ।
ਕਾਤੋ ਰੁੱਸਿਆ ਰੁੱਸਿਆ ਰਹਿਣਾ,
ਕਿਹੜੀ ਗੱਲੋਂ ਟੁੱਟ ਟੁੱਟ ਪੈਣਾ,
ਕਰ ਨੈਣਾਂ ਦੇ ਮਿੱਠੇ ਵਾਰ ਵੇ ਸੱਜਣਾ।
ਆਜਾ ਕਰ ਲੈ......................

ਕੱਢਦੇ ਦਿਲ ਦੇ ਭਰਮ ਭੁਲੇਖੇ,
ਲੱਗ ਜਾਣਗੇ ਦੁਖ ਦੇ ਸੇਕੇ,
ਕੱਲਾ ਬਹਿ ਬਹਿ ਨਾ ਸੜ ਵੇ ਸੱਜਣਾ।
ਆਜਾ ਕਰ ਲੈ......................

'ਸ਼ਿਵ' ਦਿਲ ਵੀ ਤੇਰਾ ਰੂਹ ਵੀ ਤੇਰੀ,
ਢਾਹ ਕੇ ਬੈਠਾ ਕਿਉਂ ਤੂੰ ਢੇਰੀ,
ਵੱਜ ਜਾਊ ਬਿਰਹੋਂ ਦੀ ਮਾਰ ਵੇ ਸੱਜਣਾ।
ਆਜਾ ਕਰ ਲੈ.........................

## ਖ਼ਾਹਿਸ਼

**ਇੰਦਰ ਪਾਲ ਸਿੰਘ**
ਪਟਿਆਲਾ
9779584235

ਜਿੱਤਣ ਦੀ ਜੇਕਰ ਹੈ ਖ਼ਾਹਿਸ਼, ਹਾਰ ਪਹਿਲੋਂ ਸਵੀਕਾਰ ਕਰੋ
ਜੇ ਸਤਿਕਾਰ ਦੀ ਖ਼ਾਹਿਸ਼ ਰੱਖਦੇ, ਪਹਿਲੋਂ ਖ਼ੁਦ ਸਤਿਕਾਰ ਕਰੋ

ਖ਼ੂਹ ਵਿੱਚ ਇੱਟ ਜੇ ਸੁੱਟੋਗੇ, ਤਾਂ ਆਵਾਜ਼ ਉਹਦੀ ਵੀ ਆਵੇਗੀ
ਸ਼ਬਦਾਂ ਨੂੰ ਵੱਸ ਦੇ ਵਿੱਚ ਰੱਖ ਕੇ, ਨਾ ਜੀਭ ਨੂੰ ਤੇਜ਼ ਤਰਾਰ ਕਰੋ


ਭਾਂਡੇ ਜੇ ਖੜਕਦੇ ਘਰ ਵਿੱਚ, ਤਾਂ ਚਿੰਤਾ ਕਿਹੜੀ ਗੱਲੋਂ ਐ
ਥਰਮੋਕੋਲ ਦੇ ਵਰਤੋ ਜੀ, ਫਿਰ ਖੜਕੇ ਨੂੰ ਘਰ ਤੋਂ ਬਾਹਰ ਕਰੋ

ਮੌਸਮ ਦੇ ਵਾਂਗੂੰ ਬਦਲੋ ਨਾ, ਥੋੜ੍ਹਾ ਚਿਰ ਟਿਕ ਕੇ ਬਹਿ ਜਾਓ
ਕਦੇ ਧੁੱਪ ਤੇਜ਼ ਕਦੇ ਬੱਦਲਾਂ ਵਿੱਚੋਂ, ਨਾ ਤੇਜਮ ਤੇਜ਼ ਬੁਸ਼ਾਰ ਕਰੋ

ਹਰ ਇੱਕ ਦੇ ਨਾਲ ਪੰਗਾ ਲੈਣਾ, ਹੈ ਆਪਣੇ ਆਪ ਨੂੰ ਧੋਖਾ ਦੇਣਾ
ਖ਼ੁਦ ਦਾ ਜੀਵਨ ਸੌਖਾ ਕਰ ਲਓ, ਨਾ ਦੂਜੇ ਦਾ ਵੀ ਦੁਸ਼ਵਾਰ ਕਰੋ

ਕਲਮ ਦੇ ਨਾਲ ਜੇ ਸਰ ਸਕਦਾ ਹੈ, ਫਿਰ ਸ਼ਮਸ਼ੀਰ ਉਠਾਓ ਨਾ
ਪਿਆਰ ਨਾਲ ਜੇ ਸਮਝੇ ਕੋਈ, ਤਾਂ ਕਿਉਂ ਉਸ ਉੱਤੇ ਵਾਰ ਕਰੋ

ਗ਼ੁੱਸਾ ਮਾਰੇ, ਗ਼ੁੱਸਾ ਸਾੜ੍ਹੇ, ਇਸ ਮਾਰ-ਧਾੜ ਚੋਂ ਨਿਕਲੇਗਾ ਕੀ?
ਇੰਦਰ ਸਾਂਝੀਵਾਲ ਕਹਾ ਕੇ, ਨਿਰਪੱਖਤਾ ਦਾ ਵਿਵਹਾਰ ਕਰੋ



**ਹਰਮਿੰਦਰ ਸਿੰਘ**
**ਕੋਹਾਰਵਾਲਾ**
(98768-73735)

## ਰਬਾਬ

ਹੁੰਦਾ ਨਾ ਨਾਮ ਵੱਡਾ, ਪੱਥਰ 'ਤੇ ਨਾਮ ਖੁਣ ਕੇ।
ਫਿਰਦਾ ਹੈਂ ਪੈਰ ਛੱਡੀ, ਅਕਲਾਂ ਨੂੰ ਮਾਰ ਤੁਣਕੇ।

ਰੱਟਣ 'ਤੇ ਜ਼ੋਰ ਲਾਈਏ, ਅਮਲਾਂ ਦੀ ਲੋੜ ਐਪਰ
ਬਾਬੇ ਜੋ ਸ਼ਬਦ ਉਚਰੇ, ਵੱਜਦੀ ਰਬਾਬ ਸੁਣ ਕੇ।

ਰੱਖਦੇ ਨੇ ਸੀਤ ਚੁੱਲ੍ਹੇ, ਉਲਟਾ ਉਹ ਹੱਡ ਸੇਕਣ,
ਮਲ਼ਦੀ ਹੈ ਹੱਥ ਖ਼ਲਕਤ, ਝੂਰਦੀ ਹੈ ਚੋਰ ਚੁਣ ਕੇ

ਆਪਾਂ ਜੋ ਤਖ਼ਤ ਚਾੜ੍ਹੇ, ਭੁੰਜੇ ਉਹ ਲਾਹੁਣ ਸਾਨੂੰ,
ਜਿਸਮਾਂ ਤੋਂ ਛਿੱਲ ਲਾਹੁੰਦੇ, ਪੀਂਦੇ ਨੇ ਖ਼ੂਨ ਪੁਣ ਕੇ।

ਕਿਸਮਤ ਨਾ ਝੋਲ ਭਰਦੀ, ਸਿੱਧੇ ਨਾ ਦਿਨ ਇਹ ਕਰਦੀ,
ਕਰਦਾ ਹੈ ਉਹ ਤਰੱਕੀ, ਰੱਖਦਾ ਜੋ ਖ਼ਾਬ ਬੁਣ ਕੇ

ਗਾਉਂਦੇ ਨੇ ਗਾਇਕ ਗ਼ਜ਼ਲਾਂ, ਬਣਦੀ ਹੈ ਪੈਂਠ ਉਸ ਦੀ,
ਗ਼ਜ਼ਲਾਂ 'ਚ ਸ਼ਾਇਰ ਜਿਹੜਾ, ਚਿਣਦਾ ਹੈ ਸ਼ਬਦ ਚੁਣ ਕੇ।

ਕਰਦੇ ਨੇ ਛਾਂ ਸਿਰਾਂ 'ਤੇ, ਆਉਂਦੀ ਸੌ ਕੰਮ ਲੱਕੜ
ਰੁੱਖਾਂ ਦੇ ਪੈਰ ਪੂਜੋ, ਦਿੰਦੇ ਜੋ ਪੌਣ ਪੁਣ ਕੇ।



**ਮਨਮੋਹਨ ਸਿੰਘ ਨਾਭਾ**
9815504086

## ਕਾਸ਼ ਕੀਤੇ ਮੈਂ ਪਾਤਰ ਬਣ ਜਾਂ

ਕਾਸ਼ ਕੀਤੇ ਮੈਂ ਪਾਤਰ ਬਣ ਜਾਂ
ਉਹਦੇ ਲਫ਼ਜ਼ਾਂ ਦੀ ਕਾਤਰ ਬਣ ਜਾਂ
ਕਾਸ਼ ਕੀਤੇ ਮੈਂ ਪਾਤਰ ਬਣ ਜਾਂ

ਖੁੱਲ੍ਹੇ ਆਸਮਾਨ ਵਿੱਚ ਉੱਡਦੇ ਪਰਿੰਦੇ ਬਣ ਜਾਂ
ਕੂੰਜਾਂ ਹੰਸਾਂ ਬਾਜ਼ਾਂ ਦੀਆਂ ਝੜਪਾਂ ਵਾਂਗ
ਸੰਘਣੀਆਂ ਛਾਵਾਂ ਠੰਢੀਆਂ ਹਵਾਵਾਂ
ਮਾਨ ਸਰੋਵਰ ਵਿੱਚ ਹੰਸ
ਚੁਗਦਾ ਮੋਤੀ ਬਣ ਜਾਂ
ਕਾਸ਼ ਮੈਂ ਕੀਤੇ ਪਾਤਰ ਬਣ ਜਾਂ

ਰੁੱਖਾਂ ਦੀਆਂ ਟਾਹਣੀਆਂ ਵਿੱਚੋਂ ਉੱਭਰ ਰਹੇ
ਪੀਲੇ ਫੁੱਲ ਹਰੇ ਪੱਤੇ ਬਣ ਜਾਂ
ਪੌਣ ਦੀ ਫੁੱਟਦੀ ਫੁਹਾਰ ਵਾਂਗ
ਮਿੱਟੀ ਨਾਲ ਮਿੱਟੀ ਹੁੰਦਾ
ਕੰਮੀਂ ਕਿਰਸਾਨ ਬਣ ਜਾਂ
ਕਾਸ਼ ਮੈਂ ਕੀਤੇ ਪਾਤਰ ਬਣ ਜਾਂ

ਧਰਤੀ ਤੇ ਖੰਭ ਖਿਲਾਰ ਰਹੀਆਂ ਤਿਤਲੀਆਂ ਵਾਂਗ
ਫੁੱਲਾਂ ਵਿੱਚ ਰਸ ਭਰ ਜਾਂ
ਖੰਭ ਫੜ ਫੜਾਉਂਦੇ ਨਵੇਂ ਨਕੋਰ ਬਟੇਰ ਵਾਂਗ
ਵਿੱਚ ਹਵਾ ਦੇ ਪਰਵਾਜ਼ ਭਰ ਜਾਂ
ਕਾਸ਼ ਮੈਂ ਕੀਤੇ ਪਾਤਰ ਬਣ ਜਾਂ

ਜੁਗਨੂੰ ਬਣ ਕੇ ਬਣਾ ਕਿਸੇ ਦਾ ਰਾਹ ਦਿਸੇਰਾ
ਹੱਥ ਵਿੱਚ ਫੜ ਕ੍ਰਾਂਤੀ ਦੀ ਮਿਸਾਲ ਬਣ ਜਾਂ
ਕਲਮ ਦਵਾਤ ਪਿੱਪਲਾਂ ਦੇ ਪੱਤਿਆਂ ਤੇ
ਨਵਾਂ ਸਿਰਨਾਵਾਂ ਘੜ ਜਾਂ
ਕਾਸ਼ ਕੀਤੇ ਮੈਂ ਪਾਤਰ ਬਣ ਜਾਂ

ਮਨਮੋਹਨ ਐਵੇਂ ਮੁੱਕਣਾ ਨਹੀਂ ਪੈਂਡਾ
ਰਾਹਾਂ ਤੇ ਸਾਹਾਂ ਦਾ
ਧਾਰ ਕੇ ਗੁਰੂ ਚਿੱਤ ਚਰਨੀਂ ਧਰ ਜਾਂ
ਮਾਂ ਬੋਲੀ ਪੰਜਾਬੀ ਸੱਭਿਆਚਾਰ ਨੂੰ ਬਚਾਉਣ ਖ਼ਾਤਰ
ਵਾਂਗ ਪਾਤਰ ਤਹੱਈਆ ਕਰ ਜਾਂ
ਕਾਸ਼ ਮੈਂ ਕੀਤੇ ਪਾਤਰ ਬਣ ਜਾਂ



**ਰਾਜਿੰਦਰਪਾਲ ਸਿੰਘ**
**'ਸਦਾ ਅੰਬਾਲਵੀ'**

## ਬੋਲੀ ਅਪਣੀ ਬੋਲ

ਪਗ ਬੰਨ੍ਹ ਭਲੇ ਧਰ ਟੋਪ ਮੀਆਂ, ਖਾ ਰੋਟੀ ਭਾਵੇਂ ਚੌਲ ਮੀਆਂ
ਜੋ ਸਿੱਖੀ ਵਿਚ ਪੰਘੂੜੇ ਤੂੰ, ਉਹ ਬੋਲੀ ਅਪਣੀ ਬੋਲ ਮੀਆਂ

ਇਹ ਬੋਲੀ ਪਿਆਰ ਮੁਹੱਬਤ ਦੀ, ਇਹ ਹੱਦੋਂ ਵਧ ਕੇ ਸ਼ਿੱਦਤ ਦੀ
ਇਸ ਵਿਚ ਹੀ ਹੀਰ ਸਲੇਟੀ ਨੇ, ਰਾਂਝੇ ਸਿਓਂ ਕੀਤੇ ਕੌਲ ਮੀਆਂ
ਤੂੰ ਬੋਲੀ ਅਪਣੀ ਬੋਲ ਮੀਆਂ, ਪੰਜਾਬੀ ਅਪਣੀ ਬੋਲ ਮੀਆਂ

ਸੱਜਿਓਂ ਭਾਵੇਂ ਖੱਬਿਓਂ ਲਿਖ ਲੈ, ਬਿਹਤਰ ਹੈ ਤੂੰ ਦੋਵੇਂ ਸਿੱਖ ਲੈ
ਕੁਝ ਫ਼ਰਕ ਨਾ ਅਲਫ਼ ਊੜੇ ਵਿਚ, ਇਕ ਸਿੱਧਾ ਹੈ ਇਕ ਗੋਲ ਮੀਆਂ
ਤੂੰ ਬੋਲੀ ਅਪਣੀ ਬੋਲ ਮੀਆਂ, ਪੰਜਾਬੀ ਅਪਣੀ ਬੋਲ ਮੀਆਂ

ਇਹ ਬੋਲੀ ਨੱਚਣ ਗਾਵਣ ਦੀ, ਗਿੱਧੇ ਤੇ ਭੰਗੜੇ ਪਾਵਣ ਦੀ
ਇਹ ਬੋਲੀ ਉਨ੍ਹਾਂ ਢੋਕਾਂ ਦੀ, ਨਿੱਤ ਵੱਜਣ ਜਿੱਥੇ ਢੋਲ ਮੀਆਂ
ਤੂੰ ਬੋਲੀ ਅਪਣੀ ਬੋਲ ਮੀਆਂ, ਪੰਜਾਬੀ ਅਪਣੀ ਬੋਲ ਮੀਆਂ

ਇਹ ਬੋਲੀ ਪੀਰ ਫ਼ਕੀਰਾਂ ਦੀ, ਦਿਲਦਾਰਾਂ ਦੀ ਦਿਲਗੀਰਾਂ ਦੀ
ਸਭ ਦੁਖੜੇ ਅਪਣੇ ਦਿਲ ਦੇ ਤੂੰ, ਇਸ ਬੋਲੀ ਦੇ ਵਿਚ ਫੋਲ ਮੀਆਂ
ਤੂੰ ਬੋਲੀ ਅਪਣੀ ਬੋਲ ਮੀਆਂ, ਪੰਜਾਬੀ ਅਪਣੀ ਬੋਲ ਮੀਆਂ

ਇਹ ਬੋਲੀ ਜਦ ਬੋਲੀ ਬੁੱਲੇ, ਥਰਥਰ ਕੰਬੇ ਪੰਡੇ ਮੁੱਲੇ
ਖੁੱਲ੍ਹੇ ਬਾਬ ਤਰੀਕਤ ਵਾਲੇ, ਤੇ ਨਾਲ ਠਗਾਂ ਦੇ ਪੋਲ ਮੀਆਂ
ਤੂੰ ਬੋਲੀ ਅਪਣੀ ਬੋਲ ਮੀਆਂ, ਪੰਜਾਬੀ ਅਪਣੀ ਬੋਲ ਮੀਆਂ

ਇਹ ਪੀਲੂ, ਸ਼ਰਫ਼, ਦਮੋਦਰ ਦੀ, ਇਹ ਬੋਲੀ ਹਾਫ਼ਜ਼, ਕਾਦਰ ਦੀ
ਤੂੰ ਵਾਰਸ ਸ਼ਾਹ ਦਾ ਵਾਰਸ ਹੈਂ, ਮਤ ਵਿਰਸਾ ਅਪਣਾ ਰੋਲ ਮੀਆਂ
ਤੂੰ ਬੋਲੀ ਅਪਣੀ ਬੋਲ ਮੀਆਂ, ਪੰਜਾਬੀ ਅਪਣੀ ਬੋਲ ਮੀਆਂ

ਹਾਸ਼ਮ ਭਰਿਆ ਰੰਗ ਨਿਆਰਾ, ਬਾਹੂ ਲਾਇਆ ਹੂ ਦਾ ਨਾਰਾ
ਸ਼ਾਹ ਹੁਸੈਨ, ਫ਼ਰੀਦ ਇਸੇ ਵਿਚ, ਘੀ ਖੰਡ ਗਏ ਨੇ ਘੋਲ ਮੀਆਂ
ਤੂੰ ਬੋਲੀ ਅਪਣੀ ਬੋਲ ਮੀਆਂ, ਪੰਜਾਬੀ ਅਪਣੀ ਬੋਲ ਮੀਆਂ

ਇਸ ਬੋਲੀ ਵਿਚ ਲਿਖਿਆ ਬਾਬੇ, ਦਿੱਤੀ ਜਗ ਨੂੰ ਸਿੱਖਿਆ ਬਾਬੇ
ਇਸ ਬੋਲੀ ਵਿਚ 'ਜਪੁ' ਉਚਰ ਕੇ, 'ਸੋ ਦਰ' ਹੈ ਦਿੱਤਾ ਖੋਲ੍ਹ ਮੀਆਂ
ਤੂੰ ਬੋਲੀ ਅਪਣੀ ਬੋਲ ਮੀਆਂ, ਪੰਜਾਬੀ ਅਪਣੀ ਬੋਲ ਮੀਆਂ

ਕਿਉਂ ਹਾਲਤ ਇਸ ਦੀ ਖਸਤਾ ਹੈ, ਕਿਉਂ ਬੰਦ ਅੱਜ ਇਸ ਦਾ ਰਸਤਾ ਹੈ
ਕਿਉਂ ਉਰਦੂ, ਹਿੰਦੀ ਤੋਂ ਹਾਰੇ, ਹਰ ਵਾਰ ਇਹ ਕਰਕੇ ਘੋਲ ਮੀਆਂ
ਤੂੰ ਬੋਲੀ ਅਪਣੀ ਬੋਲ ਮੀਆਂ, ਪੰਜਾਬੀ ਅਪਣੀ ਬੋਲ ਮੀਆਂ

ਉਂਜ ਆਖਣ ਨੂੰ ਹਮਸਾਏ ਹਾਂ, ਅਸੀਂ ਇੱਕੋ ਮਾਂ ਦੇ ਜਾਏ ਹਾਂ
ਕਿਉਂ, ਕੀਕਣ ਹੋਏ ਪਰਾਏ ਹਾਂ, ਕੁਝ ਪੜ੍ਹ ਇਤਿਹਾਸ, ਭੂਗੋਲ ਮੀਆਂ
ਤੂੰ ਬੋਲੀ ਅਪਣੀ ਬੋਲ ਮੀਆਂ, ਪੰਜਾਬੀ ਅਪਣੀ ਬੋਲ ਮੀਆਂ

## ਅਪਣਾ ਮੂਲ ਪਛਾਣ

ਕੌਣ ਏਂ ਤੂੰ ਕੁਝ ਜਾਣ ਓ ਬੰਦਿਆ
ਅਪਣਾ ਮੂਲ ਪਛਾਣ ਓ ਬੰਦਿਆ

ਮਿੱਟੀ ਵਿਚੋਂ ਰੁੱਖ ਹੈ ਉੱਗਦਾ
ਰੁੱਖ ਪਰ ਕੇਵਲ ਮਿੱਟੀ ਨਹੀਉਂ
ਪੰਜ ਤੱਤਾਂ ਦਾ ਤਨ ਹੈ ਤੇਰਾ
ਤਨ ਹੀ ਤੇਰੀ ਹਸਤੀ ਨਹੀਉਂ

ਰੁੱਖ ਤੇ ਮਿੱਟੀ ਦਾ ਜੋ ਨਾਤੈ
ਸੋਈ ਰਿਸ਼ਤੈ ਜੀਅ ਤੇ ਤਨ ਵਿਚ
ਮਿੱਟੀ ਨਾਲ ਜਿਵੇਂ ਰੁੱਖ ਬੱਝਿਐ
ਜੀਅ ਫਸਿਐ ਤਨ ਦੇ ਬੰਧਨ ਵਿਚ

ਮਿੱਟੀ ਤੋਂ ਵੱਖ ਕੀ ਹੈ ਰੁੱਖ ਵਿਚ
ਉਸ ਨੂੰ ਵੀ ਕੁਝ ਜਾਣ ਓ ਬੰਦਿਆ
ਤਨ ਹੀ ਤੇਰੀ ਹੋਂਦ ਨਹੀਂ ਹੈ
ਅਪਣਾ ਮੂਲ ਪਛਾਣ ਓ ਬੰਦਿਆ



**ਅਨੋਖ ਸਿੰਘ**
ਸਰਕਾਰੀ ਮਿਡਲ ਸਕੂਲ
ਅਹਿਮਦ ਪੁਰਾ, ਪੀਲੀਬੰਗਾ,
ਹਨੂਮਾਨਗੜ੍ਹ

## ਇਹਦੇ ਬੋਲ ਪੰਜਾਬੀ ਹੈ

ਗੁਰੂਆਂ ਦੇ ਮੁੱਖ ਚੋਂ ਨਿਕਲੀ ਹੈ ਇਹਦੇ ਬੋਲ ਪੰਜਾਬੀ ਹੈ।
ਕਿੱਤੇ ਮਾਝਾ -ਮਾਲਵਾ ਬੋਲਦਾ ਹੈ ਕਿੱਤੇ ਰੋਹਬ ਦੁਆਬੀ ਹੈ।
ਇਹਨੂੰ ਗਾਇਆ ਸੂਫ਼ੀ ਸੰਤਾ ਨੇ ਇਹਦਾ ਨਸ਼ਾ ਸ਼ਬਾਬੀ ਹੈ।
ਗੁਰੂਆਂ ਦੇ ਮੁੱਖ ਚੋਂ ਨਿਕਲੀ ਹੈ ਇਹਦੇ ਬੋਲ ਪੰਜਾਬੀ ਹੈ।

ਕਿੱਤੇ ਵਜਦੇ ਡੋਲ ਨਗਾਰੇ ਨੇ ਕਿੱਤੇ ਮੇਲੇ ਅਤੇ ਅਖਾੜੇ ਨੇ
ਇਕ ਲੋਰ 'ਚ ਝੂਮਦੇ ਲੋਕਾਂ ਦੀ ਤਸਵੀਰ ਜਨਾਬੀ ਹੈ।
ਇਨੂੰ ਗਾਇਆ ਸੂਫ਼ੀ ਸੰਤਾਂ ਨੇ ਇਹਦਾ ਨਸ਼ਾ ਸ਼ਬਾਬੀ ਹੈ।
ਗੁਰੂਆਂ ਦੇ ਮੁੱਖ ਚੋਂ ਨਿਕਲੀ ਹੈ ਇਹਦੇ ਬੋਲ ਪੰਜਾਬੀ ਹੈ।

ਕਿੱਤੇ ਤੀਆਂ ਅਤੇ ਵਿਸਾਖੀ ਹੈ ਕਿੱਤੇ ਮੇਲੇ ਰੁੱਤ ਬਹਾਰਾਂ ਦੇ।
ਕਿੱਤੇ ਵੰਡਣ ਲੋਹੜੀ ਮੁੰਡਿਆ ਦੀ ਕਿਤੇ ਜਨਮ ਦਿਨ ਸਰਦਾਰਾਂ ਦੇ
ਸਭ ਪਾਸੇ ਖੁਸ਼ੀਆਂ ਛਾਇਆ ਨੇ ਬੜੇ ਟੌਹਰ ਨਵਾਬੀ ਹੈ।
ਇਹਨੂੰ ਗਾਇਆ ਸੂਫ਼ੀ ਸੰਤਾਂ ਨੇ ਇਹਦਾ ਨਸ਼ਾ ਸ਼ਬਾਬੀ ਹੈ।
ਗੁਰੂਆਂ ਦੇ ਮੁੱਖ ਚੋਂ ਨਿਕਲੀ ਹੈ ਇਹਦੇ ਬੋਲ ਪੰਜਾਬੀ ਹੈ।

ਪਾਏ ਕੁੜਤੇ-ਚਾਦਰੇ ਫ਼ਬਦੇ ਨੇ ਨਾ ਕਿਸੇ ਤਾਕਤ ਤੋਂ ਦੱਬਦੇ ਨੇ।
ਸਿਰ ਬਣਿਆ ਸੋਹਣਿਆ ਪੱਗਾਂ ਨੇ ਚੋਬਰ ਜੇ ਗੱਭਰੂ ਲੱਗਦੇ ਨੇ।
ਬੱਸ ਅਸੀਂ ਤਾਂ ਸਿਫ਼ਤ ਸੁਣਾ ਦਿੱਤੀ ਅੱਗੇ ਲੋੜ ਤੁਹਾਡੀ ਹੈ।
ਇਹਨੂੰ ਗਾਇਆ ਸੂਫ਼ੀ ਸੰਤਾਂ ਨੇ ਇਹਦਾ ਨਸ਼ਾ ਸ਼ਬਾਬੀ ਹੈ।
ਗੁਰੂਆਂ ਦੇ ਮੁੱਖ ਚੋਂ ਨਿਕਲੀ ਹੈ ਇਹਦੇ ਬੋਲ ਪੰਜਾਬੀ ਹੈ।



**ਰਾਜਬੀਰ ਰੰਧਾਵਾ**
**ਪੰਜਾਬ**

## ਨਜ਼ਮ

ਇਹ ਮੌਤ ਦੇ ਨਗਾਰੇ ਵੱਜਦੇ ਨੇ ਤੇਰੇ ਸ਼ਹਿਰ ਵਿੱਚ।
ਡਰਦਾ ਨਾ ਕੋਈ ਨਿਕਲੇ ਬਾਹਰ ਖਿੜੀ ਦੁਪਹਿਰ ਵਿੱਚ।
ਇਸ਼ਕ ਦਾ ਪ੍ਰਪੰਚ ਬਣਾ ਖੇਡਦੇ ਨੇ ਹੋਲੀ।
ਬਾਜ਼ਾਰ ਧੋਖਿਆਂ ਦਾ ਰੁੱਤ ਖ਼ੂਨ ਦੀ ਹੈ ਮੌਲੀ।
ਵਿਸ਼ਵਾਸ ਘਾਤ ਕਰਦੇ ਸਰੇ ਰਾਹ ਜਾਂਦਿਆਂ ਨਾਲ।
ਪਹਿਲਾਂ ਇਹ ਪਾਉਣ ਯਾਰੀ ਰੱਜੇ ਤੇ ਖਾਂਦਿਆਂ ਨਾਲ।
ਕਰਕੇ ਵਿਖਾਉਂਦੇ ਨਾਟਕ ਕਰਦੇ ਨੇ ਫਿਰ ਤਿਲਾਂਜਲ।
ਸ਼ਾਂਤ ਪਾਣੀਆਂ ਵਿੱਚ ਪਾ ਦੇਣ ਖਲ ਬਲ।
ਦੇਕੇ ਘਸੁੰਨ ਅੱਖੀਆਂ ਕੋਈ ਰੋਂਵਦੀ ਚੁਰਾਹੇ।
ਕੋਈ ਰੇਪ ਕਰਕੇ ਸੁੱਟਦੇ ਜੰਗਲ ਚ ਲਾਕੇ ਫਾਹੇ।
ਇਹ ਕੈਸੀ ਭੁੱਖ ਵਰਤੀ, ਕੈਸੀ ਹਵਸ ਦੀ ਮੰਡੀ।
ਕਿਉਂ ਬਣ ਗਈ ਹੈ ਅਬਲਾ, ਜੋ ਸੀ ਕਹਾਉਂਦੀ ਚੰਡੀ।
ਹੁਣ ਕੀ ਲਿਖਾ ਰੰਧਾਵਾ ਬੋਲਾਂ ਨੂੰ ਵੱਜੇ ਤਾਲੇ।
ਕਲਮਾਂ ਨੂੰ ਪੈ ਗਈ ਦੰਦਲ, ਜੀਭਾਂ ਤੇ ਉੱਠੇ ਛਾਲੇ।



**ਸਤਨਾਮ ਸਿੰਘ ਕੜਿਆਣਾ**
ਲੁਧਿਆਣਾ
98764-56711

## ਮੇਰਾ ਸਈਓਂ ਨਾਮ ਪੰਜਾਬ

ਮੇਰਾ ਸਈਓਂ ਨਾਮ ਪੰਜਾਬ
ਗੁਰੂ ਨਾਨਕ ਤੇ ਅਰਜਨ ਦੇਵ ਜਿਹੇ,
ਇੱਥੇ ਹੋਏ ਗੁਰੂ ਮਹਾਨ,
ਵਾਰਿਸ,ਪੀਲੂ,ਸ਼ਾਹ ਹੁਸੈਨ ਨੇ,
ਵਧਾਈ ਮੇਰੀ ਸ਼ਾਨ।
ਕੋਈ ਰਾਗ ਇਲਾਹੀ ਗਾਉਂਦਾ,
ਕੀਤੇ ਵੱਜਦੀ ਮਿੱਠੀ ਰਬਾਬ,
ਮੈਂ ਧਰਤੀ ਪੰਜ ਆਬ ਦੀ,
ਮੇਰਾ ਸਈਓਂ ਨਾਮ ਪੰਜਾਬ।

ਜਦ ਪੁਹ ਫੁਟਾਲਾ ਹੋਂਵਦਾ,
ਫਿਰ ਚਿੜੀਆਂ ਚਹਿਕ ਦੀਆਂ,
ਦੁੱਧ ਰਿੜਕਣ ਸੁਆਣੀਆਂ,
ਫਿਜਾਵਾਂ ਮਹਿਕ ਦੀਆਂ ।
ਅਜ਼ਾਨ ਫ਼ਜਰ ਦੀ ਸੁਣਦੀ,
ਫਿਰ ਗੂੰਜੇ ਅਨਹਦ ਨਾਦ,
ਮੈਂ ਧਰਤੀ ਪੰਜਾਬ ਦੀ
ਮੇਰਾ ਸਈਓਂ ਨਾਮ ਪੰਜਾਬ।

ਕੀਤੇ ਮੰਦਿਰ ਘੰਟੀਆਂ ਖੜਕਦੀਆਂ,
ਕੀਤੇ ਰਾਗੀ ਰਾਗ ਗਾਉਣ,
ਹਾਲੀ ਹਲ਼ ਚੁੱਕ ਕੇ,
ਧਰਤੀ ਦੀ ਹਿੱਕ ਨੂੰ ਵਾਹਣ।
ਜ਼ਿੰਦਗੀ ਇੱਥੇ ਜਿਉਣ ਦਾ,
ਆਉਂਦਾ ਬੜਾ ਸਵਾਦ,
ਮੈਂ ਧਰਤੀ ਪੰਜਾਬ ਦੀ
ਮੇਰਾ ਸਈਓਂ ਨਾਮ ਪੰਜਾਬ।

ਮੈਂ ਧਰਤੀ ਭਾਗਾਂ ਵਾਲੜੀ ,
ਜਿੱਥੇ ਰਚੇ ਨੇ ਗ੍ਰੰਥ ਮਹਾਨ,
ਕੋਈ ਗੁਰੂ ਗ੍ਰੰਥ ਨੂੰ ਮੰਨਦਾ ,
ਕੋਈ ਪੜ੍ਹਦਾ ਵੇਦ, ਕੁਰਾਨ।
ਜਿੱਥੇ ਸਰਬੱਤ ਦੇ ਭਲੇ ਦਾ,
ਹਰ ਕੋਈ ਦੇਖੇ ਖ਼ੁਆਬ,
ਮੈਂ ਧਰਤੀ ਪੰਜ ਆਬਾਂ ਦੀ,
ਮੇਰੀ ਸਈਓਂ ਨਾਮ ਪੰਜਾਬ।
ਜਿਹਲਮ, ਸਤਲੁਜ, ਬਿਆਸ,

---



**ਜਸਪਾਲ**

## ਤਹੱਈਆ

ਜੀਅ ਕਰਦੈ ਮਨ ਦੇ ਅਹਿਸਾਸਾਂ ਨੂੰ
ਬਣਵਾਸ ਦੀ ਗੱਡੀ ਚਾੜ੍ਹ ਦੇਵਾਂ
ਮੁੱਲ ਵਕਤ ਦੀਆਂ ਬਰਬਾਦੀਆਂ ਦਾ
ਆਪੇ ਹੀ ਮੈਂ ਤਾਰ ਦੇਵਾਂ
ਦੋਜ਼ਖ਼ ਦੀ ਅੱਗ ਵਿੱਚ ਸਾੜ ਦੇਵਾਂ
ਮਚਲਦੇ ਅਰਮਾਨਾਂ ਨੂੰ
ਯਖ਼ ਯਾਦਾਂ ਵਾਲੀ ਚਿੱਠੀ ਦਾ
ਇੱਕ ਹੋਰ ਮੈਂ ਵਰਕਾ ਪਾੜ ਦੇਵਾਂ।



ਪ੍ਰਤਾਪ"ਪਾਰਸ"
ਗੁਰਦਾਸਪੁਰੀ
9988811681

## ਗ਼ਜ਼ਲ

ਜਰਕਾਂ ਆਏ ਏਸ ਜਿਸਮ ਨੂੰ ਕਾਹਦੀ ਢਾਰਸ ਲਾਵਾਂ।
ਸਾਥ ਵਿਚਾਲੇ ਛੱਡ ਰਿਹਾ ਏ ਆਪਣਾ ਹੀ ਪਰਛਾਵਾਂ।

ਵਿਚ ਜਵਾਨੀ ਕਿਹੜੀ ਚੋਟੀ ਜੋ ਤੂੰ ਸਰ ਨਾ ਕੀਤੀ,
ਮੰਜੇ ਤੋਂ ਹੁਣ ਬਾਥਰੂਮ ਤੱਕ ਲੰਮੀਆਂ ਲੱਗਣ ਰਾਹਵਾਂ।

ਭੀੜ ਪਈ ਤੋਂ ਪਿੱਠ ਦੇ ਉੱਤੇ ਖੜ੍ਹ ਜਾਂਦੇ ਨੇ ਬਾਪੂ,
ਹਾਏ ! ਕਹੇ ਤੋਂ ਹਾਜ਼ਿਰ ਹੋਵਣ ਮਾਵਾਂ ਦੇਣ ਦੁਆਵਾਂ।

ਕੰਨੀ ਵੱਟ ਕੇ ਲੰਘ ਜਾਂਦੇ ਨੇ ਅੱਜ ਉਹ ਗੂੜ੍ਹੇ ਰਿਸ਼ਤੇ,
ਜੀਵਨ ਦਾ ਜੋ ਹਾਸਿਲ ਸਮਝੇ ਜਾਣੇ ਸੱਜੀਆਂ ਬਾਵ੍ਹਾਂ।

ਇਸ ਪੈਸੇ ਦੀ ਖ਼ਾਤਰ ਬੰਦਾ ਲੰਘਿਆ ਸਾਰੀਆਂ ਹੱਦਾਂ,
ਭੁਗਤ ਰਿਹਾ ਹੈ ਇਸੇ ਕਰਕੇ ਕੀਤੇ ਦੀਆਂ ਸਜ਼ਾਵਾਂ।

ਰੂੰ ਦੇ ਫੰਬਿਆਂ ਵਾਂਗੂੰ ਉੱਡ ਗਏ ਦਿਨ ਉਹ ਮੌਜਾਂ ਵਾਲੇ,
ਵਧਦੀ ਜਾਵੇ ਉਮਰ ਤੇ ਘਟਦਾ ਜਾਂਦਾ ਹੈ ਪਰਛਾਵਾਂ।

ਖਾਹ ਸਕਦਾ ਸੀ ਮਿਲਿਆ ਹੀ ਨਾ ਕਦੇ ਬਹਾਰੀ ਮੇਵਾ,
ਹੁਣ ਮਿਲਿਐ ਤਾਂ ਵੈਦ ਟੋਕਦੈ ਕੀ ਮੰਗਾਂ ਕੀ ਖਾਵਾਂ।

ਅੱਜ ਮਰਿਆ ਤੇ ਕੱਲ੍ਹ ਭੁਲਾਇਆ ਕਿਹੜਾ ਚੇਤੇ ਰੱਖੇ,
'ਪਾਰਸ' ਫੋਟੋ ਕਿੱਲੀ ਟੰਗੀ ਭੁੱਲਿਆ ਸਭ ਨੂੰ ਨਾਵਾਂ।



ਕਰਮਜੀਤ ਸਕਰੁੱਲਾਂਪੁਰੀ
ਰੂਪਨਗਰ
9463289212

## ਗੀਤ

ਜਦ ਵੀ ਕਾਲੇ ਦੌਰ ਆਉਂਦੇ ਨੇ ..
ਚਾਨਣ ਵਰਗੇ ਲੋਕ ਗਾਉਂਦੇ ਨੇ..
ਗੀਤਾਂ ਵਰਗੇ ਨਾਅਰੇ ਬਣਦੇ, ਬਣ ਜਾਂਦੈ ਫਿਰ ਇੱਕੋ ਰਾਗ...
ਹੱਕ-ਦਲੀਲਾਂ ਜ਼ਿੰਦਾਬਾਦ, ਤਰਕ-ਦਲੀਲਾਂ ਜ਼ਿੰਦਾਬਾਦ

ਜਦੋਂ ਜ਼ੁਲਮ ਨਾਲ ਹੁੰਦੀ ਟੱਕਰ।
ਲਿਖ ਹੁੰਦੇ ਨੇ ਸੂਹੇ ਅੱਖਰ...।
ਜਿਨ੍ਹਾਂ ਹੱਥਾਂ ਦੇ ਮੁੱਕੇ ਬਣਦੇ, ਕਰਦੇ ਹੁੰਦੇ ਨਹੀਂ ਫ਼ਰਿਆਦ...
ਹੱਕ-ਦਲੀਲਾਂ ਜ਼ਿੰਦਾਬਾਦ, ਤਰਕ-ਦਲੀਲਾਂ ਜ਼ਿੰਦਾਬਾਦ

ਮਰਨੋਂ ਮੂਲ ਨਾ ਡਰਦੇ ਜਿਹੜੇ।
ਮੂਹਰੇ ਹੋ-ਹੋ ਖੜ੍ਹ ਦੇ ਜਿਹੜੇ।
ਤਣ-ਤਣ ਕਹਿੰਦੇ ਫਾਸ਼ੀਵਾਦ ਨੂੰ, ਮੁਰਦਾਬਾਦ ਤੂੰ ਮੁਰਦਾਬਾਦ
ਹੱਕ ਦਲੀਲਾਂ ਜ਼ਿੰਦਾਬਾਦ, ਤਰਕ-ਦਲੀਲਾਂ ਜ਼ਿੰਦਾਬਾਦ

ਮਜ਼ਹਬ ਜਾਤਾਂ ਬੋਲੀਆਂ ਖ਼ਿੱਤੇ।
ਸਭ ਤਰ੍ਹਾਂ ਦੇ ਪੂੰਝ ਕੇ ਟਿੱਕੇ।
ਰਿਜ਼ਕ ਦੇ ਮੁੱਦੇ ਜੀਣ ਦੇ ਮਸਲੇ, ਕਰਵਾਉਂਦੇ ਨੇ ਸਭ ਨੂੰ ਯਾਦ
ਹੱਕ-ਦਲੀਲਾਂ ਜ਼ਿੰਦਾਬਾਦ, ਤਰਕ-ਦਲੀਲਾਂ ਜ਼ਿੰਦਾਬਾਦ



**ਲਖਵਿੰਦਰ ਸਿੰਘ ਬਾਜਵਾ**
9416734506

## ਗ਼ਜ਼ਲ

ਕਰ ਕਰ ਪੁੱਠੇ ਪੰਗੇ ਲੋਕ।

ਬਣ ਬਣ ਬਹਿੰਦੇ ਚੰਗੇ ਲੋਕ।

ਦੂਸਰਿਆਂ ਨੂੰ ਕੱਜਦੇ ਫਿਰਦੇ,

ਵੇਖੇ ਨੰਗੇ ਮੁਨੰਗੇ ਲੋਕ।

ਦੱਸਦੇ ਫਿਰਦੇ ਜੀਵਨ ਜਾਚਾਂ,

ਏਥੇ ਖ਼ੁਦ ਬੇਢੰਗੇ ਲੋਕ।

ਹਮਸਾਇਆਂ ਦੇ ਸਾੜੇ ਸੜਦੇ,

ਸੂਲੀ ਉੱਤੇ ਟੰਗੇ ਲੋਕ।

ਮਾਇਆ ਪਿੱਛੇ ਦੌੜ ਲਗਾਉਂਦੇ,

ਮਾਇਆ ਦੇ ਹੀ ਡੰਗੇ ਲੋਕ।

ਅਮਨਾ ਦੇ ਸੰਦੇਸ਼ੇ ਦੇਂਦੇ,

ਖ਼ੁਦ ਕਰਵਾ ਕੇ ਦੰਗੇ ਲੋਕ।

ਗਿਰਗਿਟ ਵਾਂਗੂੰ ਰੰਗ ਬਦਲਦੇ,

ਲਾਲਚ ਅੰਦਰ ਰੰਗੇ ਲੋਕ।

ਭਾਰਤ ਮਾਂ ਦੇ ਚੀਰ ਵੇਚ ਕੇ,

ਚੁੱਕੀ ਫਿਰਨ ਤਿਰੰਗੇ ਲੋਕ।

ਵੇਖ ਬਾਜਵਾ ਹਰ ਥਾਂ ਅੱਗੇ,

ਏਥੇ ਰਹਿਣ ਲਫ਼ੰਗੇ ਲੋਕ।



**ਲਵ ਕੁਮਾਰ ਸਰਫਰੋਸ਼**
ਨਰਾਇਣਗੜ੍ਹ ਅੰਬਾਲਾ
ਹਰਿਆਣਾ

## ਚਾਨਣ ਦੀ ਚੂਰੀ

ਪਲਾਸ਼ ਦੇ ਫੁੱਲ
ਭੱਖ ਰਹੇ ਨੇ
ਮਘਦੀ ਅੰਗੀਠੀ ਦੀ ਤਰਾਂ
ਗੁਲਮੋਹਰ ਵੀ
ਫੁੱਲਾਂ ਦੇ ਨਸ਼ੇ ਵਿੱਚ ਮਦਹੋਸ਼
ਖੜ੍ਹਾ ਹੈ
ਪੁਰਾਣੇ ਘਰ ਦੇ ਪਿੱਛੇ
ਕਿਸੇ ਦੇ ਇੰਤਜ਼ਾਰ ਵਿੱਚ
ਚਹਿਕ ਰਹੀਆਂ ਨੇ ਚਿੜੀਆਂ
ਹੋਣ ਵਾਲੀ ਹੈ ਸਵੇਰ ।

ਪਹਾੜਾਂ ਨੇ ਵੀ
ਆਪਣੀ ਪਿੱਠ ਉੱਤੇ
ਲੱਦ ਲਈ ਹੈ
ਬਰਫ਼ ਦੇ ਬੱਦਲਾਂ ਦੀਆਂ ਪੰਡਾਂ
ਪੰਛੀਆਂ ਨੂੰ ਲੁਭਾਉਣ ਲਈ
ਜੁਗਨੂੰ ਆਪਣੇ ਉੱਡਦੇ ਲੈਂਪ ਲੈ ਕੇ
ਵੰਡ ਰਹੇ ਹਨ ਤਾਰਿਆਂ ਵਿੱਚ
ਚਾਨਣ ਦੀ ਚੂਰੀ
ਹੋਣ ਵਾਲੀ ਹੈ ਸਵੇਰ ।

ਸਮੁੰਦਰ ਦੀਆਂ ਲਹਿਰਾਂ ਵਿੱਚ
ਘੁਲ ਗਿਆ ਹੈ
ਸਾਂਝ ਦੇ ਬੱਦਲਾਂ ਦਾ ਰੰਗ
ਪਰਤ ਆਇਆਂ ਨੇ
ਪੰਛੀਆਂ ਦੀਆਂ ਡਾਰਾਂ
ਹਨੇਰੇ ਲਈ ਲੜਨ ਵਾਸਤੇ
ਜਿੱਤ ਲੈਣ ਭੁੱਖਾਂ ਦੀ ਰਾਤ
ਜਗ ਰਹੇ ਨੇ ਉਮੀਦ ਦੇ ਦੀਵੇ
ਹੋਣ ਵਾਲੀ ਹੈ ਸਵੇਰ ।

# ਸਾਹਿਤਕਾਰ ਬੱਚਿਆਂ ਦਾ ਸਫ਼ਾ



**ਉਰਵਸ਼ੀ**
ਜਮਾਤ: ਗਿਆਰ੍ਹਵੀਂ (ਕਲਾ)
ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ
ਸਕੂਲ,ਹਨੂਮਾਨਗੜ੍ਹ ਜੰਕਸ਼ਨ


## ਕਿੱਧਰ ਜਾਵਾਂ

ਮੈਂ ਇੱਧਰ ਜਾਵਾਂ, ਕੇ ! ਉੱਧਰ ਜਾਵਾਂ,
ਨੀ ਮੈਂ ਕਿੱਧਰ ਜਾਵਾਂ,
ਕੋਈ ਕਹਿੰਦਾ ਹੈ ਡਾਕਟਰ ਬਣਨਾ,
ਕੋਈ ਕਹਿੰਦਾ ਹੈ ਸੀ. ਏ. ਬਣਨਾ,
'ਤੇ ! ਕੋਈ ਕਹਿੰਦਾ ਇੰਜੀਨੀਅਰ ਬਣਨਾ,
ਮੈਨੂੰ ਸਮਝ ਨਹੀਂ ਆਉਂਦੀ,
ਕੇ ਮੈਂ ਕਿੱਧਰ ਜਾਵਾਂ?

ਕੋਈ ਕਹਿੰਦਾ ਬੀ. ਏ. ਕਰਲਾਂ,
ਕੋਈ ਕਹਿੰਦਾ ਬੀ.ਟੇਕ ਕਰਲਾਂ,
'ਤੇ! ਕੋਈ ਕਹਿੰਦਾ ਨੀਟ ਕਰਲਾਂ,
ਮੈਨੂੰ ਸਮਝ ਨਹੀਂ ਆਉਂਦੀ,
ਕੇ ਮੈਂ ਕਿੱਧਰ ਜਾਵਾਂ?

ਕੋਈ ਕਹਿੰਦਾ ਹੈ ਖੱਬੇ ਜਾ,
ਕੋਈ ਕਹਿੰਦਾ ਹੈ ਸੱਜੇ ਜਾ,
ਤੇ! ਕੋਈ ਕਹਿੰਦਾ ਸਿੱਧਾ ਜਾ,
ਮੈਨੂੰ ਸਮਝ ਨਹੀਂ ਆਉਂਦੀ ,
ਕੇ ਮੈਂ ਕਿੱਧਰ ਜਾਵਾਂ?

ਹਰ ਕੋਈ ਕਹਿੰਦਾ ਇੱਧਰ ਜਾ,ਉੱਧਰ ਜਾ,
ਕੋਈ ਸੁਣਦਾ ਨਹੀਂ ਮੇਰੀ,
ਕੇ ਮੈਂ ਕਿੱਧਰ ਵੱਲ ਜਾਣਾ,
ਮੈਨੂੰ ਸਮਝ ਨਹੀਂ ਆਉਂਦੀ,
ਕੇ ਮੈਂ ਕਿੱਧਰ ਜਾਵਾਂ?





**ਦਿਲਸ਼ਾਨ ਸ਼ਰਮਾ**
ਜਮਾਤ-ਅੱਠਵੀ ਸਰਕਾਰੀ ਹਾਈ ਸਕੂਲ
ਜਨਾਲ ਸੰਗਰੂਰ

## ਸਕੂਲ ਵਾਲਾ ਬਸਤਾ

ਪਾ ਕੇ ਡਰੈੱਸ ਜਦੋਂ ਹੋ ਜਾਵਾਂ ਤਿਆਰ ਮੈਂ
ਬਸਤੇ ਦੇ ਵੱਲ ਵੇਖਾਂ ਓਦੋਂ ਵਾਰ ਵਾਰ ਮੈਂ
ਵੇਖ ਬਸਤੇ ਨੂੰ ਬੜਾ ਘਬਰਾਵਾਂ, ਬਸਤੇ 'ਚ ਬਹੁਤ ਭਾਰ ਜੀ
ਮੰਮੀ ਕਿਵੇਂ ਮੈਂ ਸਕੂਲੇ ਜਾਵਾਂ, ਬਸਤੇ 'ਚ ਬਹੁਤ ਭਾਰ ਜੀ,

ਚੁੱਕਦਾ ਹਾਂ ਬੈਗ ਜੇ ਮੈਂ ਮੋਢੇ ਮੇਰੇ ਟੁੱਟਦੇ
ਭਾਰ ਜੇ ਘਟਾਵਾਂ ਤਾਂ ਮੈਡਮ ਮੈਨੂੰ ਕੁੱਟਦੇ
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ, ਬਸਤੇ 'ਚ ਬਹੁਤ ਭਾਰ ਜੀ
ਮੰਮੀ ਕਿਵੇਂ ਮੈਂ ਸਕੂਲੇ ਜਾਵਾਂ, ਬਸਤੇ 'ਚ ਬਹੁਤ ਭਾਰ ਜੀ,

ਇਕ ਦੂਰ ਹੈ ਸਕੂਲ ਨਾਲੇ ਜ਼ੋਰ ਹੈ ਪੜ੍ਹਾਈ ਦਾ
ਦੋ-ਦੋ ਘੰਟੇ ਸਮਾਂ ਬੱਸਾਂ ਵੈਨਾਂ 'ਚ ਗਵਾਈ ਦਾ
ਦੱਸੋ ਕਿਹੜੇ ਟਾਈਮ ਟਿਊਸ਼ਨ ਲਗਾਵਾਂ, ਬਸਤੇ 'ਚ ਬਹੁਤ ਭਾਰ ਜੀ
ਮੰਮੀ ਕਿਵੇਂ ਮੈਂ ਸਕੂਲੇ ਜਾਵਾਂ, ਬਸਤੇ 'ਚ ਬਹੁਤ ਭਾਰ ਜੀ,

ਫ਼ੀਸਾਂ ਦਾ ਵੀ ਬੋਝ ਮੰਮੀ ਥੋਡੇ ਉੱਤੇ ਭਾਰੀ ਐ
ਜਨਾਲ ਵਿੱਚ ਵਧੀਆ ਸਕੂਲ ਸਰਕਾਰੀ ਐ
ਜਿੱਥੇ ਪੜ੍ਹਕੇ ਅਫ਼ਸਰ ਬਣ ਜਾਵਾਂ, ਬਸਤੇ ਬਹੁਤ ਭਾਰ ਜੀ
ਉੱਥੇ ਪੜ੍ਹਕੇ ਫ਼ੀਸਾਂ ਮੈ ਬਚਾਵਾਂ, ਬਸਤੇ 'ਚ ਬਹੁਤ ਭਾਰ ਜੀ
ਮੰਮੀ ਕਿਵੇਂ ਮੈਂ ਸਕੂਲੇ ਜਾਵਾਂ, ਬਸਤੇ 'ਚ ਬਹੁਤ ਭਾਰ ਜੀ,



**ਗੁਰਲੀਨ ਕੌਰ**
ਜਮਾਤ – ਦਸਵੀਂ
ਡੀ. ਏ. ਵੀ. ਸੈਂਟਰੀ ਪਬਲਿਕ
ਸਕੂਲ, ਫਿਲੌਰ

## ਮਾਂ ਬੋਲੀ

ਹਰ ਕਿਸੇ ਦੇ ਦਿਲ ਵਿੱਚ ਪਿਆਰ ਹੈ ਮਾਂ ਬੋਲੀ ਲਈ,
ਆਖ਼ਿਰ ਇਸ ਨੇ ਸਾਨੂੰ ਬੋਲਣਾ ਹੈ ਸਿਖਾਇਆ ।
ਹਰ ਕਿਸੇ ਨੇ ਆਪਣੀ ਮਾਂ ਬੋਲੀ ਨੂੰ,
ਰੱਬ ਦੇ ਵਾਂਗ ਧਿਆਇਆ।
ਹਰ ਕਿਸੇ ਦੇ ਮਨ ਵਿੱਚ ਪਿਆਰ ਹੋ ਇਸ ਲਈ,
ਨਫ਼ਰਤ ਜ਼ਰਾ ਵੀ ਨਹੀਂ।
ਬੋਲਦਾ ਹਰ ਕੋਈ ਨਿਮਰਤਾ ਨਾਲ,
ਕਿਸੇ ਵਿੱਚ ਹੰਕਾਰ ਜ਼ਰਾ ਵੀ ਨਹੀਂ।
ਕਿੰਨੀ ਮਿੱਠੀ ਬੋਲੀ ਇਹ,
ਜੋ ਸਭ ਦੇ ਦਿਲ ਵਿੱਚ ਵੱਸ ਜਾਂਦੀ।
ਵੱਡੇ-ਵੱਡੇ ਜਜ਼ਬਾਤਾਂ ਦੇ,
ਮਤਲਬ ਅਸਾਨੀ ਨਾਲ ਦੱਸ ਜਾਂਦੀ ।
ਇਹ ਹੈ ਮੇਰੀ ਮਾਂ ਬੋਲੀ ਜੋ ਦਿਲ ਦੇ ਵਿੱਚ ਵੱਸ ਜਾਂਦੀ ਹੈ

# ਰਾਜਸਥਾਨ ਵਿਖੇ ਸਾਹਿਤਕ ਹਲਚਲਾਂ

## ਰਾਜਸਥਾਨ ਦੇ ਪਹਿਲੇ ਪੰਜਾਬੀ ਮੈਗਜ਼ੀਨ 'ਪੈੜਾਂ' ਦਾ ਪ੍ਰਿੰਟ ਐਡੀਸ਼ਨ ਹਨੂਮਾਨਗੜ੍ਹ ਵਿਖੇ ਰਿਲੀਜ਼।

### राजस्थान की प्रथम पंजाबी मैगजीन 'पैड़ां' के प्रिंट संस्करण का विमोचन



तेज | रिपोर्टर गोलूवाला

राजस्थान में पंजाबी साहित्य को प्रोत्साहित करने, पंजाबी साहित्य ... की गई। 'पैड़ां' मैगजीन की वेबसाइट paidaan magazine.com पर इसके सभी पुराने एडिशन पी डी एफ के रूप में उपलब्ध है। ई मैगजीन के ... संपादक राजेंद्र सिंह सहू ने मैगजीन टीम द्वारा राजस्थान में करवाई गई विभिन्न साहित्यिक गतिविधियों जिनमें अंतर्राष्ट्रीय वेबीनार, कवि दरबारों, ...

ਰਾਜਸਥਾਨ ਵਿੱਚ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ, ਪੰਜਾਬੀ ਸਾਹਿਤ ਲਿਖਣ ਅਤੇ ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀਆਂ ਉਸਾਰਨ ਦੇ ਮਕਸਦ ਨਾਲ ਗੁਰਦੁਆਰਾ ਸਿੰਘ ਸਭਾ ਹਨੂਮਾਨਗੜ੍ਹ ਵਿਖੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਤਿਉਹਾਰ ਮੌਕੇ ਰਾਜਸਥਾਨ ਦੇ ਪਹਿਲੇ ਪੰਜਾਬੀ ਮੈਗਜ਼ੀਨ 'ਪੈੜਾਂ' ਦਾ ਪ੍ਰਿੰਟ ਐਡੀਸ਼ਨ ਰਿਲੀਜ਼ ਕੀਤਾ ਗਿਆ।

ਰਾਜਸਥਾਨ ਵਿੱਚ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ, ਪੰਜਾਬੀ ਸਾਹਿਤ ਲਿਖਣ ਅਤੇ ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀਆਂ ਉਸਾਰਨ ਦੇ ਮਕਸਦ ਨਾਲ ਗੁਰਦੁਆਰਾ ਸਿੰਘ ਸਭਾ ਹਨੂਮਾਨਗੜ੍ਹ ਵਿਖੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਤਿਉਹਾਰ ਮੌਕੇ ਰਾਜਸਥਾਨ ਦੇ ਪਹਿਲੇ ਪੰਜਾਬੀ ਮੈਗਜ਼ੀਨ 'ਪੈੜਾਂ' ਦਾ ਪ੍ਰਿੰਟ ਐਡੀਸ਼ਨ ਰਿਲੀਜ਼ ਕੀਤਾ ਗਿਆ। ਸੰਪਾਦਕ ਰਾਜੇਂਦਰ ਸਿੰਘ ਸਹੂ ਅਤੇ ਸਹਿ ਸੰਪਾਦਕ ਅ.ਪ੍ਰੋ. ਡਾ.ਕੁਲਦੀਪ ਸਿੰਘ ਦੁਆਰਾ ਪੰਜਾਬੀ ਸਾਹਿਤਕ ਮੈਗਜ਼ੀਨ 'ਪੈਦਾਨ' 2023 ਵਿੱਚ ਰਾਜਸਥਾਨ ਵਿੱਚ ਪੰਜਾਬੀ ਸਾਹਿਤਕ ਲੇਖਣੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਈ-ਮੈਗਜ਼ੀਨ ਵਜੋਂ ਸ਼ੁਰੂ ਕੀਤਾ ਗਿਆ ਸੀ। ਇਸ ਦੇ ਸਾਰੇ ਪੁਰਾਣੇ ਐਡੀਸ਼ਨ 'ਪੈੜਾਂ' ਮੈਗਜ਼ੀਨ paidaan magazine.com ਦੀ ਵੈੱਬਸਾਈਟ 'ਤੇ PDF ਰੂਪ ਵਿੱਚ ਉਪਲਬਧ ਹਨ। ਈ-ਮੈਗਜ਼ੀਨ ਦੇ ਰੂਪ ਵਿੱਚ ਲੋਕਾਂ ਵੱਲੋਂ ਮਿਲੇ ਅਥਾਹ ਪਿਆਰ ਕਾਰਨ ਇਸ ਨੂੰ ਪ੍ਰਿੰਟ ਰੂਪ ਵਿੱਚ ਲਿਆਂਦਾ ਗਿਆ। ਇਸ ਵਿੱਚ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦੀਆਂ ਕਵਿਤਾਵਾਂ, ਗੀਤਾਂ, ਕਹਾਣੀਆਂ, ਖੋਜ ਪੱਤਰਾਂ ਅਤੇ ਲਿਖਤਾਂ ਲਈ ਵਿਸ਼ੇਸ਼ ਕਾਲਮ ਬਣਾਏ ਗਏ ਹਨ। ਪੰਜਾਬੀ ਸਾਹਿਤਕਾਰ ਭਾਵੇਂ ਸਾਹਿਤ ਦੀ ਜਿਸ ਵੀ ਵਿਧਾ ਵਿੱਚ ਲਿਖਦਾ ਹੋਵੇ, ਜੇਕਰ ਉਸ ਦੀ ਰਚਨਾ ਪ੍ਰਕਾਸ਼ਿਤ ਹੋਣ ਦੇ ਯੋਗ ਹੈ ਤਾਂ ਇਸ ਵਿੱਚ ਜ਼ਰੂਰ ਸ਼ਾਮਲ ਹੋਵੇਗਾ। 24 ਅਪ੍ਰੈਲ ਦੇ ਅੰਕ ਦਾ ਕਵਰ ਇੱਕ ਸੈਮੀਨਾਰ ਦੌਰਾਨ ਰਾਜਸਥਾਨ ਦੇ ਏਡੀਜੀ (ਪੁਲਿਸ) ਸਰਦਾਰ ਰੁਪਿੰਦਰ ਸਿੰਘ ਵੱਲੋਂ ਜਾਰੀ ਕੀਤਾ ਗਿਆ।

ਸੰਪਾਦਕ ਰਾਜੇਂਦਰ ਸਿੰਘ ਸਹੂ ਨੇ ਰਸਾਲੇ ਦੀ ਟੀਮ ਵੱਲੋਂ ਰਾਜਸਥਾਨ ਵਿੱਚ ਕਰਵਾਈਆਂ ਗਈਆਂ ਵੱਖ-ਵੱਖ ਸਾਹਿਤਕ ਗਤੀਵਿਧੀਆਂ ਜਿਨ੍ਹਾਂ ਵਿੱਚ ਅੰਤਰਰਾਸ਼ਟਰੀ ਵੈਬੀਨਾਰ, ਕਵੀ ਦਰਬਾਰ, ਲੇਖਣ ਮੁਕਾਬਲਿਆਂ ਬਾਰੇ ਚਰਚਾ ਕੀਤੀ। 'ਪੈੜਾਂ' ਮੈਗਜ਼ੀਨ ਦੇ ਪ੍ਰਿੰਟ ਐਡੀਸ਼ਨ ਦੇ ਰਿਲੀਜ਼ ਪ੍ਰੋਗਰਾਮ ਵਿੱਚ ਇੰਦਰ ਸਿੰਘ ਮੱਕਾਸਰ, ਪ੍ਰੇਮ ਸਿੰਘ ਕਮਰਾਣੀ, ਮੋਹਨ ਸਿੰਘ ਪਟਵਾਰੀ, ਜਰਨੈਲ ਸਿੰਘ ਮੁੱਤੀ, ਹਜ਼ੂਰ ਸਿੰਘ ਸੰਧੂ, ਅਵਤਾਰ ਸਿੰਘ ਮਾਨ, ਅਜੀਤ ਸਿੰਘ ਲੀਗਾ, ਨਛੱਤਰ ਸਿੰਘ ਬਰਾੜ, ਬਲਵਿੰਦਰ ਸਿੰਘ ਕਮਰਾਣੀ, ਸ. ਗੁਰਜੰਟ ਸਿੰਘ, ਬਲਦੇਵ ਸਿੰਘ ਰਤਨਪਾਲ, ਬਲਦੇਵ ਸਿੰਘ ਮਸਾਣੀ, ਗੁਰਦੀਪ ਸਿੰਘ ਬੱਬੀ, ਬਲਵੀਰ ਸਿੰਘ ਵਾਂਦਰ, ਲਾਭ ਸਿੰਘ, ਮਹਿੰਦਰ ਸਿੰਘ ਸੰਧੂ, ਲਖਵੀਰ ਸਿੰਘ, ਕਰਮਜੀਤ ਸਿੰਘ, ਲਖਵੀਰ ਸਿੰਘ ਸਤੀਪੁਰਾ, ਅਪਰਜੋਤ ਸਿੰਘ ਬਰਾੜ, ਅਸ਼ੋਕ ਗਾਂਧੀ, ਗੁਰਮੇਲ ਸਿੰਘ, ਜੰਗੀਰ ਸਿੰਘ, ਰਾਜਿੰਦਰ ਸਿੰਘ, ਤਨਵੀਰ ਸਿੰਘ, ਦਵਿੰਦਰ ਸਿੰਘ ਖਿੰਡਾ, ਹਕੀਕਤ ਸਿੰਘ, ਲਖਵੀਰ ਸਿੰਘ, ਹਰਪ੍ਰੀਤ ਸਿੰਘ, ਨਛੱਤਰ ਸਿੰਘ ਅਤੇ ਗੁਰਦੁਆਰਾ ਸਿੰਘ ਸਭਾ ਹਨੂਮਾਨਗੜ੍ਹ ਅਤੇ ਸਰਵ ਸਿੱਖ ਸਮਾਜ ਸੰਮਤੀ ਹਨੂਮਾਨਗੜ੍ਹ ਦੇ ਸਮੂਹ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ ਅਤੇ ਸਾਰੀਆਂ ਨੇ ਇਸ ਨੂੰ ਪੰਜਾਬੀਆਂ ਲਈ ਮਾਣ ਵਾਲੀ ਗੱਲ ਦੱਸਿਆ ਅਤੇ ਰਾਜਸਥਾਨ ਅਤੇ ਸਮੂਹ ਪੰਜਾਬੀਆਂ ਨੂੰ ਇਸ ਵਿੱਚ ਸ਼ਾਮਲ ਹੋ ਕੇ ਇਸ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ।

## ਰਾਜਸਥਾਨ ਦੇ ਪਹਿਲੇ ਪੰਜਾਬੀ ਮੈਗਜ਼ੀਨ 'ਪੈੜਾਂ' ਦਾ ਪ੍ਰਿੰਟ ਐਡੀਸ਼ਨ ਸ੍ਰੀਗੰਗਾਨਗਰ ਵਿਖੇ ਰਿਲੀਜ਼।

ਰਾਜਸਥਾਨ ਦੇ ਪੰਜਾਬੀ ਸਾਹਿਤ ਦੇ ਪਹਿਲੇ ਮੈਗਜ਼ੀਨ 'ਪੈੜਾਂ' ਦਾ ਪ੍ਰਿੰਟ ਐਡੀਸ਼ਨ ਰਿਲੀਜ਼ ਕੀਤਾ ਗਿਆ। ਸਹਿ ਸੰਪਾਦਕ ਪ੍ਰੋ. ਡਾ: ਕੁਲਦੀਪ ਸਿੰਘ ਨੇ ਦੱਸਿਆ ਕਿ ਰਾਜਸਥਾਨ ਵਿੱਚ ਪੰਜਾਬੀ ਸਾਹਿਤਕ ਲੇਖਣੀ ਨੂੰ ਪ੍ਰਫੁੱਲਤ ਕਰਨ ਲਈ ਪੰਜਾਬੀ ਸਾਹਿਤਕ ਮੈਗਜ਼ੀਨ 'ਪੈੜਾਂ' 2023 ਵਿੱਚ ਈ-ਮੈਗਜ਼ੀਨ ਵਜੋਂ ਸ਼ੁਰੂ ਕੀਤਾ ਗਿਆ ਸੀ।



पंजाबी मैगजीन 'पैड़ां' के प्रिंट संस्करण का विमोचन

श्रीगंगानगर @ फाइटर. राजस्थान में पंजाबी साहित्य को प्रोत्साहित करने, पंजाबी साहित्य लेखन एवं विद्यार्थियों में साहित्यिक अभिरुचियों को पैदा करने के ... गया। सह संपादक स. प्रो. डॉ.कुलदीप सिंह ने बताया कि राजस्थान में पंजाबी साहित्य लेखन की अभिवृद्धि के लिए पंजाबी साहित्यिक मैगजीन 'पैड़ां' की शुरुआत ई-मैगजीन के रूप 2023 में की गई।

'पैड़ां' मैगजीन की वेबसाइट paidaan magazine.com पर इसके सभी पुराने एडिशन पी डी एफ के रूप में उपलब्ध है। ई मैगजीन के रूप में लोगों का भरपूर प्यार मिलने के कारण इसे प्रिंट के रूप में लाया गया। इसमें कविता, गीत,कहानी,शोध पत्र एवं विश्लेषण

ਸ੍ਰੀ ਗੰਗਾਨਗਰ – ਰਾਜਸਥਾਨ ਵਿੱਚ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ, ਪੰਜਾਬੀ ਸਾਹਿਤ ਲਿਖਣ ਅਤੇ ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀਆਂ ਉਸਾਰਨ ਦੇ ਉਦੇਸ਼ ਨਾਲ ਰਾਜਸਥਾਨ ਦੇ ਪੰਜਾਬੀ ਸਾਹਿਤ ਦੇ ਪਹਿਲੇ ਮੈਗਜ਼ੀਨ 'ਪੈੜਾਂ' ਦਾ ਪ੍ਰਿੰਟ ਐਡੀਸ਼ਨ ਸ੍ਰੀਗੰਗਾਨਗਰ ਵਿਖੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਦੇ ਹੱਥੋਂ ਵਿਸਾਖੀ ਅਤੇ ਖ਼ਾਲਸਾ ਸਾਜਨਾ ਦਿਵਸ ਦੇ ਪਵਿੱਤਰ ਤਿਉਹਾਰ ਮੌਕੇ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਰਿਲੀਜ਼ ਕੀਤਾ ਗਿਆ। ਸਹਿ ਸੰਪਾਦਕ ਪ੍ਰੋ. ਡਾ: ਕੁਲਦੀਪ ਸਿੰਘ ਨੇ ਦੱਸਿਆ ਕਿ ਰਾਜਸਥਾਨ ਵਿੱਚ ਪੰਜਾਬੀ ਸਾਹਿਤਕ ਲੇਖਣੀ ਨੂੰ ਪ੍ਰਫੁੱਲਤ ਕਰਨ ਲਈ ਪੰਜਾਬੀ ਸਾਹਿਤਕ ਮੈਗਜ਼ੀਨ 'ਪੈੜਾਂ' 2023 ਵਿੱਚ ਈ-ਮੈਗਜ਼ੀਨ ਵਜੋਂ ਸ਼ੁਰੂ ਕੀਤਾ ਗਿਆ ਸੀ। ਇਸ ਦੇ ਸਾਰੇ ਪੁਰਾਣੇ ਐਡੀਸ਼ਨ 'ਪੈੜਾਂ' ਮੈਗਜ਼ੀਨ ਦੀ ਵੈੱਬਸਾਈਟ paidaan magazine.com 'ਤੇ PDF ਰੂਪ ਵਿੱਚ ਉਪਲਬਧ ਹਨ। ਈ-ਮੈਗਜ਼ੀਨ ਦੇ ਰੂਪ ਵਿੱਚ ਲੋਕਾਂ ਵੱਲੋਂ ਮਿਲੇ ਅਥਾਹ ਪਿਆਰ ਕਾਰਨ ਇਸ ਨੂੰ ਪ੍ਰਿੰਟ ਰੂਪ ਵਿੱਚ ਲਿਆਂਦਾ ਗਿਆ। ਇਸ ਵਿੱਚ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦੀਆਂ ਕਵਿਤਾਵਾਂ, ਗੀਤਾਂ, ਕਹਾਣੀਆਂ, ਖੋਜ ਪੱਤਰਾਂ ਅਤੇ ਲਿਖਤਾਂ ਲਈ ਵਿਸ਼ੇਸ਼ ਕਾਲਮ ਬਣਾਏ ਗਏ ਹਨ।

## ਪੰਜਾਬੀ ਭਾਸ਼ਾ ਵਿਕਾਸ ਕਮੇਟੀ, ਰਾਜਸਥਾਨ ਦੀ ਸੂਬਾ ਜਥੇਬੰਦੀ ਦਾ ਗਠਨ।

20 ਮਈ 24 ਦਿਨ ਸੋਮਵਾਰ ਨੂੰ ਕਿਡਜ਼ ਕੈਂਪ ਪਬਲਿਕ ਸਕੂਲ, ਸ੍ਰੀਗੰਗਾਨਗਰ ਵਿਖੇ ਪੰਜਾਬੀ ਭਾਸ਼ਾ ਵਿਕਾਸ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਸ.ਸਰਦੂਲ ਸਿੰਘ ਜੀ ਵੱਲੋਂ ਅਤੇ ਸਟੇਜ ਦਾ ਸੰਚਾਲਨ ਪ੍ਰੋਫੈਸਰ ਕੁਲਦੀਪ ਸਿੰਘ ਨੇ ਕੀਤਾ।



ਪਹਿਲੇ ਪੜਾਅ ਵਿੱਚ ਜਾਣ-ਪਛਾਣ ਸੈਸ਼ਨ ਅਤੇ ਪੰਜਾਬੀ ਭਾਸ਼ਾ ਨਾਲ ਸਬੰਧਿਤ ਮੁੱਦਿਆਂ 'ਤੇ ਚਰਚਾ ਕੀਤੀ ਗਈ। ਸ.ਸਰਦੂਲ ਸਿੰਘ ਨੇ ਰਾਜਸਥਾਨ ਵਿੱਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਸੰਘਰਸ਼ ਜਾਰੀ ਰੱਖਣ ਦਾ ਸੱਦਾ ਦਿੱਤਾ। ਪ੍ਰੋ. ਕੁਲਦੀਪ ਸਿੰਘ ਨੇ ਕਮੇਟੀ ਵੱਲੋਂ ਪਿਛਲੇ ਸਾਲਾਂ ਵਿੱਚ ਕੀਤੇ ਕੰਮਾਂ ਬਾਰੇ ਵਿਸਥਾਰ ਵਿੱਚ ਦੱਸਿਆ। ਰਾਜੇਂਦਰ ਸਿੰਘ ਸਹੂ ਨੇ ਪੈੜਾਂ ਪੰਜਾਬੀ ਸਾਹਿਤਕ ਰਸਾਲਾ ਦੇ ਪ੍ਰਿੰਟ ਐਡੀਸ਼ਨ ਅਤੇ ਵੈੱਬਸਾਈਟ ਬਾਰੇ ਜਾਣਕਾਰੀ ਦਿੱਤੀ। ਸੁਖਦੀਪ ਸਿੰਘ ਖਾਰਾ ਨੇ ਮੁਕਾਬਲੇ ਦੀ ਪ੍ਰੀਖਿਆ ਵਿੱਚ ਪੇਪਰ ਬਹੁਤ ਗੁੰਝਲਦਾਰ ਹੋਣ ਕਾਰਨ ਸੀਨੀਅਰ ਅਧਿਆਪਕ ਪੰਜਾਬੀ ਅਤੇ ਲੈਕਚਰਾਰ ਪੰਜਾਬੀ ਦੀਆਂ ਅਸਾਮੀਆਂ ਖ਼ਾਲੀ ਰਹਿ ਜਾਣ 'ਤੇ ਬੇਰੁਜ਼ਗਾਰਾਂ ਨਾਲ ਹੋ ਰਹੀ ਬੇਇਨਸਾਫ਼ੀ 'ਤੇ ਸਵਾਲ ਉਠਾਏ। ਸ.ਤਰਲੋਚਨ ਸਿੰਘ ਨੇ ਕਿਹਾ ਕਿ 9ਵੀਂ ਤੋਂ 12ਵੀਂ ਜਮਾਤ ਦੀਆਂ ਪੰਜਾਬੀ ਪਾਠ ਪੁਸਤਕਾਂ ਵਿੱਚ ਤਰੁੱਟੀਆਂ ਨੂੰ ਸੁਧਾਰਿਆ ਜਾਵੇ। ਇਕਬਾਲ ਸਿੰਘ ਅਤੇ ਜਸਵੀਰ ਕੌਰ ਜੀ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ। ਦੂਜੇ ਪੜਾਅ ਵਿੱਚ ਹਾਜ਼ਰ ਸਮੂਹ ਮੈਂਬਰਾਂ ਦੀ ਸਰਬਸੰਮਤੀ ਨਾਲ ਪੰਜਾਬੀ ਭਾਸ਼ਾ ਵਿਕਾਸ ਕਮੇਟੀ ਦੀ ਸੂਬਾ ਕਾਰਜ ਕਾਰਨੀ ਦਾ ਗਠਨ ਕੀਤਾ ਗਿਆ। ਜਿਸ ਵਿਚ ਸੂਬਾ ਪ੍ਰਧਾਨ ਸ.ਤਰਲੋਚਨ ਸਿੰਘ, ਸੂਬਾ ਪ੍ਰਧਾਨ ਪ੍ਰੋ.ਕੁਲਦੀਪ ਸਿੰਘ, ਸੂਬਾ ਮੀਤ ਪ੍ਰਧਾਨ ਜਸਵੀਰ ਕੌਰ, ਇਕਬਾਲ ਸਿੰਘ, ਸ਼ਿਵਜੀਤ ਸਿੰਘ, ਸੂਬਾ ਖ਼ਜ਼ਾਨਚੀ ਕੁਲਜਿੰਦਰ ਸਿੰਘ ਬਰਾੜ, ਸੂਬਾ ਮੀਤ ਪ੍ਰਧਾਨ ਸੁਖਦੀਪ ਖਾਰਾ, ਰੁਪਿੰਦਰ ਕੌਰ, ਸੂਬਾ ਸਭਾ ਪ੍ਰਧਾਨ ਸਰਦੂਲ ਸਿੰਘ ਅਤੇ ਮੈਂਬਰ ਸ.ਗੁਰਦੀਪ ਸਿੰਘ ਸਮਾਣਾ, ਅਮਰਜੀਤ ਸਿੰਘ, ਸਰਬਜੀਤ ਕੌਰ, ਤਰਸੇਮ ਸਿੰਘ ਸੰਧੂ, ਲਖਵਿੰਦਰ ਸਿੰਘ ਖੋਸਾ, ਲਕਸ਼ਮਣ ਸਿੰਘ ਭਾਟੀ, ਵਿਜੇ ਕੁਮਾਰ, ਜਗਜੀਤ ਸਿੰਘ, ਗੁਰਮੀਤ ਸਿੰਘ, ਸ਼ਿਵਰਾਜ ਸਿੰਘ ਖੋਸਾ, ਸੁਖਦੇਵ ਸਿੰਘ, ਯੁੱਧਵੀਰ ਸਿੰਘ, ਪ੍ਰਭਜੋਤ ਸਿੰਘ, ਸੰਦੀਪ ਸਿੰਘ ਮੁੰਡੇ ਚੁਣੇ ਗਏ। ਪਲਵਿੰਦਰ ਸਿੰਘ, ਨਵਦੀਪ ਸਿੰਘ, ਸਿਮਰਨਜੀਤ ਸਿੰਘ, ਰਵਿੰਦਰ ਸਿੰਘ, ਸ਼ਿਵਜੀਤ, ਬਲਜੀਤ ਸਿੰਘ ਆਦਿ ਮੈਂਬਰ ਵੀ ਹਾਜ਼ਰ ਸਨ।

# ਰਾਜਸਥਾਨ ਦੇ ਪਹਿਲੇ ਪੰਜਾਬੀ ਮੈਗਜ਼ੀਨ 'ਪੈੜਾਂ' ਦਾ ਬਲਾਕ ਸਿੱਖਿਆ ਅਫ਼ਸਰ ਘੜਸਾਣਾ ਵੱਲੋਂ ਪ੍ਰਿੰਟ ਐਡੀਸ਼ਨ ਅਨੂਪਗੜ੍ਹ ਵਿਖੇ ਰਿਲੀਜ਼।


श्रीगंगानगर, हनुमानगढ़, अनूपगढ़ — श्रीगंगानगर, सोमवार 15 अप्रैल, 2024 — 4

**बैसाखी के अवसर पर ब्लॉक शिक्षा अधिकारी घड़साना द्वारा पंजाबी मैगजीन पैड़ां के प्रिंट संस्करण का विमोचन किया**

पंजाबी भाषा विकास समिति राजस्थान के तत्वावधान में हुआ विमोचन

ਵਿਸਾਖੀ ਦੇ ਮੌਕੇ 'ਤੇ ਬਲਾਕ ਸਿੱਖਿਆ ਅਫ਼ਸਰ ਘੜਸਾਣਾ ਵੱਲੋਂ ਪੰਜਾਬੀ ਮੈਗਜ਼ੀਨ 'ਪੈੜਾਂ' ਦਾ ਪ੍ਰਿੰਟ ਐਡੀਸ਼ਨ ਪੰਜਾਬੀ ਭਾਸ਼ਾ ਵਿਕਾਸ ਕਮੇਟੀ ਰਾਜਸਥਾਨ ਦੀ ਅਗਵਾਈ ਹੇਠ ਰਿਲੀਜ਼ ਕੀਤਾ ਗਿਆ ਰਿਲੀਜ਼ ਕੀਤਾ ਗਿਆ।

ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਤਿਉਹਾਰ 'ਤੇ ਬਲਾਕ ਸਿੱਖਿਆ ਅਫ਼ਸਰ ਘੜਸਾਨਾ ਸ੍ਰੀ ਰਮੇਸ਼ ਅਰੋੜਾ ਵੱਲੋਂ ਰਾਜਸਥਾਨ ਵਿੱਚ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ, ਪੰਜਾਬੀ ਸਾਹਿਤ ਲਿਖਣ ਅਤੇ ਵਿਦਿਆਰਥੀਆਂ ਵਿੱਚ ਸਾਹਿਤਕ ਉਸਾਰਣ ਦੇ ਮੰਤਵ ਨਾਲ ਐਡੀਸ਼ਨ ਰਿਲੀਜ਼ ਕੀਤਾ ਗਿਆ।

ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਤਿਉਹਾਰ 'ਤੇ ਬਲਾਕ ਸਿੱਖਿਆ ਅਫ਼ਸਰ ਘੜਸਾਨਾ ਸ੍ਰੀ ਰਮੇਸ਼ ਅਰੋੜਾ ਵੱਲੋਂ ਰਾਜਸਥਾਨ ਵਿੱਚ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ, ਪੰਜਾਬੀ ਸਾਹਿਤ ਲਿਖਣ ਅਤੇ ਵਿਦਿਆਰਥੀਆਂ ਵਿੱਚ ਸਾਹਿਤਕ ਉਸਾਰਣ ਦੇ ਮੰਤਵ ਨਾਲ ਐਡੀਸ਼ਨ ਰਿਲੀਜ਼ ਕੀਤਾ ਗਿਆ। ਪੰਜਾਬੀ ਭਾਸ਼ਾ ਵਿਕਾਸ ਕਮੇਟੀ ਜ਼ਿਲ੍ਹਾ ਰਾਜਸਥਾਨ ਦੇ ਅਨੂਪਗੜ੍ਹ ਦੇ ਜ਼ਿਲ੍ਹਾ ਪ੍ਰਧਾਨ ਡਾ. ਬਲਜੀਤ ਸਿੰਘ ਗੁਰ ਨੇ ਦੱਸਿਆ ਕਿ ਸੰਪਾਦਕ ਰਾਜੇਂਦਰ ਸਿੰਘ ਸਹੂ ਅਤੇ ਸਹਿ ਸੰਪਾਦਕ ਸ. ਪ੍ਰੋ. ਡਾ: ਕੁਲਦੀਪ ਸਿੰਘ ਦੁਆਰਾ ਪੰਜਾਬੀ ਸਾਹਿਤਕ ਮੈਗਜ਼ੀਨ 'ਪੈੜਾਂ' 2023 ਵਿੱਚ ਰਾਜਸਥਾਨ ਵਿੱਚ ਪੰਜਾਬੀ ਸਾਹਿਤਕ ਲੇਖਣੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਈ-ਮੈਗਜ਼ੀਨ ਵਜੋਂ ਸ਼ੁਰੂ ਕੀਤਾ ਗਿਆ ਸੀ। ਇਸ ਦੇ ਸਾਰੇ ਪੁਰਾਣੇ ਐਡੀਸ਼ਨ ਪੀਡੀਐਫ ਰੂਪ ਵਿੱਚ ਮੈਗਜ਼ੀਨ ਦੀ ਵੈੱਬਸਾਈਟ Paidaan Magazine.com 'ਤੇ ਉਪਲਬਧ ਹਨ। ਈ-ਮੈਗਜ਼ੀਨ ਦੇ ਰੂਪ ਵਿਚ ਲੋਕਾਂ ਦੇ ਅਥਾਹ ਪਿਆਰ ਕਾਰਨ ਇਸ ਨੂੰ ਪ੍ਰਿੰਟ ਰੂਪ ਵਿਚ ਲਿਆਂਦਾ ਗਿਆ। ਇਸ ਵਿੱਚ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦੀਆਂ ਕਵਿਤਾਵਾਂ, ਗੀਤਾਂ, ਕਹਾਣੀਆਂ, ਖੋਜ ਪੱਤਰਾਂ ਅਤੇ ਲਿਖਤਾਂ ਲਈ ਵਿਸ਼ੇਸ਼ ਕਾਲਮ ਬਣਾਏ ਗਏ ਹਨ। ਪੰਜਾਬੀ ਸਾਹਿਤਕਾਰ ਭਾਵੇਂ ਸਾਹਿਤ ਦੀ ਜਿਸ ਵੀ ਵਿਧਾ ਵਿੱਚ ਲਿਖਦਾ ਹੋਵੇ, ਜੇਕਰ ਉਸ ਦੀ ਰਚਨਾ ਪ੍ਰਕਾਸ਼ਿਤ ਹੋਣ ਦੇ ਯੋਗ ਹੈ ਤਾਂ ਇਸ ਵਿੱਚ ਜ਼ਰੂਰ ਸ਼ਾਮਲ ਹੋਵੇਗਾ। ਸੰਪਾਦਕ ਰਾਜੇਂਦਰ ਸਿੰਘ ਸਹੂ ਅਤੇ ਸਹਿ ਸੰਪਾਦਕ ਪ੍ਰੋ. ਡਾ.ਕੁਲਦੀਪ ਸਿੰਘ ਦੀ ਅਗਵਾਈ ਹੇਠ ਮੈਗਜ਼ੀਨ ਟੀਮ ਵੱਲੋਂ ਰਾਜਸਥਾਨ ਵਿਖੇ ਅੰਤਰਰਾਸ਼ਟਰੀ ਵੈਬੀਨਾਰ, ਕਵੀ ਦਰਬਾਰ, ਲੇਖਨ ਮੁਕਾਬਲੇ ਸਮੇਤ ਵੱਖ-ਵੱਖ ਸਾਹਿਤਕ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਪੰਜਾਬੀ ਭਾਸ਼ਾ ਵਿਕਾਸ ਕਮੇਟੀ ਰਾਜਸਥਾਨ ਦੇ ਸੂਬਾ ਮੀਤ ਪ੍ਰਧਾਨ ਤਰਸੇਮ ਸਿੰਘ ਸੰਧੂ ਨੇ ਕਿਹਾ ਕਿ 'ਪੈੜਾਂ' ਮੈਗਜ਼ੀਨ,ਰਾਜਸਥਾਨ ਪੰਜਾਬੀ ਦੇ ਖੇਤਰ ਵਿੱਚ ਇੱਕ ਵੱਖਰਾ ਮੁਕਾਮ ਹਾਸਲ ਕਰੇਗਾ ਅਤੇ ਪੰਜਾਬੀ ਭਾਸ਼ਾ ਨਾਲ ਸਬੰਧਤ ਬੱਚਿਆਂ, ਅਧਿਆਪਕਾਂ ਅਤੇ ਨਾਗਰਿਕਾਂ ਨੂੰ ਇੱਕ ਵਿਸ਼ੇਸ਼ ਪਲੇਟਫਾਰਮ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ, 'ਪੈੜਾਂ' ਮੈਗਜ਼ੀਨ,ਰਾਜਸਥਾਨ ਦੇ ਪ੍ਰਿੰਟ ਐਡੀਸ਼ਨ ਦੇ ਰਿਲੀਜ਼ ਪ੍ਰੋਗਰਾਮ ਵਿੱਚ ਪੰਜਾਬੀ ਭਾਸ਼ਾ ਵਿਕਾਸ ਕਮੇਟੀ ਅਨੂਪਗੜ੍ਹ ਦੇ ਜ਼ਿਲ੍ਹਾ ਪ੍ਰਧਾਨ ਸਰਦਾਰ ਬਲਜੀਤ ਸਿੰਘ ਗੁਰ, ਜਗਮੀਤ ਸਿੰਘ, ਜਗਮੀਤ ਸਿੰਘ ਰਮਾਣਾ, ਲਖਬੀਰ ਸਿੰਘ ਬਰਾੜ, ਮੰਗਲ ਪ੍ਰੀਤ ਸਿੰਘ ਜੌਹਨ, ਪਾਲ ਸਿੰਘ ਕੁਲਦੀਪ ਸਿੰਘ, ਗੁਰਦੀਪ ਸਿੰਘ ਸਿਧੂ, ਜਸਵਿੰਦਰ ਸਿੰਘ, ਜਤਿੰਦਰ ਸਿੰਘ ਬਰਾੜ, ਵਿਸ਼ਾਲ ਸਿੰਘ ਨੇ ਸ਼ਿਰਕਤ ਕੀਤੀ ਅਤੇ ਸਰਦਾਰ ਬਲਜੀਤ ਸਿੰਘ ਗੁਰ ਨੇ ਇਸ ਨੂੰ ਰਾਜਸਥਾਨ ਦੇ ਪੰਜਾਬੀਆਂ ਲਈ ਮਾਣ ਵਾਲੀ ਗੱਲ ਦੱਸਦਿਆਂ ਸਮੂਹ ਪੰਜਾਬੀਆਂ ਨੂੰ ਇਸ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ।



# 'ਪੈੜਾਂ' ਪੰਜਾਬੀ ਸਾਹਿਤਕ ਰਸਾਲਾ ਰਾਜਸਥਾਨ

## ਪੰਜਾਬੀ ਰਸਾਲੇ ਦੇ ਅਗਲੇ ਅੰਕ ਵਿੱਚ ਛਪਣ ਲਈ ਲਿਖਤਾਂ ਦਾ ਸੱਦਾ-ਪੱਤਰ

੧. ਲਿਖਤ ਸਵੈ-ਰਚਿਤ ਅਤੇ ਮੌਲਿਕ ਹੋਵੇ।
੨. ਲਿਖਤ ਪੰਜਾਬੀ ਯੂਨੀਕੋਡ ਫੌਂਟ (ਮੋਬਾਇਲ ਤੇ ਟਾਈਪ ਕੀਤੀ) ਵਿੱਚ ਹੋਵੇ।
ਲਿਖਤਾਂ ਭੇਜਣ ਦਾ ਪਤਾ-

e-mail-paidhaanpunjabimagazine@gmail.com

website - paidaan magazine.com

੩. ਲਿਖਤ word format or text format ਵਿੱਚ ਹੋਵੇ। pdf, screenshot or image format ਵਿੱਚ ਨਾ ਹੋਵੇ।
੪. ਪੰਜਾਬੀ ਸਾਹਿਤ ਦੀਆਂ ਸ਼ੈਲੀਆਂ-ਕਹਾਣੀ, ਕਵਿਤਾ, ਵਾਰਤਕ, ਆਰਟੀਕਲ, ਇਕਾਂਗੀ, ਯਾਤਰਾ-ਬਿਰਤਾਂਤ, ਇਤਿਹਾਸ, ਗੁਰਮਤਿ-ਵਿਚਾਰ, ਅਖਾਣ, ਲੋਕ-ਕਾਵਿ ਵਿੱਚੋਂ ਕੋਈ ਵੀ ਇੱਕ ਹੋ ਸਕਦੀ ਹੈ ।
੫. ਲਿਖਤਾਂ ਭੇਜਣ ਤੋਂ ਪਹਿਲਾਂ ਚੰਗੀ ਤਰ੍ਹਾਂ ਲਗਾਂ-ਮਾਤਰਾਂ ਦੀਆਂ ਗ਼ਲਤੀਆਂ ਸੁਧਾਰ ਲਈਆਂ ਜਾਣ।
੬. ਲਿਖਤ ਨਾਲ ਆਪਣੀ ਪੂਰੀ ਜਾਣਕਾਰੀ,ਫੋਨ ਨੰ. ਅਤੇ ਆਪਣੀ ਫ਼ੋਟੋ ਈ-ਮੇਲ ਰਾਂਹੀ ਭੇਜੋ।
੭. ਲੇਖਕ ਆਪਣੀਆਂ ਲਿਖਤਾਂ ਨਾਲ ਜੁੜੇ ਵਿਵਾਦਾਂ ਲਈ ਆਪ ਜ਼ਿੰਮੇਵਾਰ ਹੋਵੇਗਾ।
੮. ਸਕੂਲ ਅਤੇ ਕਾਲਜ ਦੇ ਸਿੱਖਿਆਰਥੀਆਂ ਨੂੰ ਵੀ ਪਹਿਲ ਦਿੱਤੀ ਜਾਵੇਗੀ
੯. ਲਿਖਤਾਂ ਰਸਾਲੇ ਦੇ ਈ-ਪੋਰਟਲ ਵਿਚ ਵੀ ਪ੍ਰਕਾਸ਼ਿਤ ਕੀਤੀਆਂ ਜਾ ਸਕਦੀਆਂ ਹਨ।
੧੦. ਲਿਖਤਾਂ ਸਾਹਿਤਕ ਵਿਸ਼ਿਆਂ 'ਤੇ ਹੀ ਹੋਣ, ਕਿਸੇ ਵੀ ਤਰ੍ਹਾਂ ਦੀ ਵਿਵਾਦਪੂਰਨ ਅਤੇ ਰਾਜਨੀਤਕ ਇਕ-ਪੱਖਤਾ ਵਾਲੀਆਂ ਲਿਖਤਾਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ।

ਇਸ ਰਸਾਲੇ ਅਤੇ ਇਸ ਪੱਤਰ ਨੂੰ ਆਪਣੇ ਜਾਣਕਾਰਾਂ ਨੂੰ ਸਾਂਝਾ ਕਰਨ ਦੀ ਮਿਹਰਬਾਨੀ ਕਰੋ ।

ਮਈ-ਜੁਲਾਈ 2024 ਸਾਲ-2 ਅੰਕ-3

# ਪੈੜਾਂ


## ਪੰਜਾਬੀ ਸਾਹਿਤਕ ਰਸਾਲਾ, ਰਾਜਸਥਾਨ














www.paidaan magazine.com
E-Mail - paidhaanpunjabimagazine@gmail.com
+91 9509692823

ISBN 978-8196786274